ਕੈਨੇਡਾ ਦਰਪਣ

ਫਰਵਰੀ 5, 1985

February 5, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

ਕੀਮਤ 30 ਸੈਂਟ Out of Greater Vancouver Price 40¢

THE CANADA DARPAN
Punjabi Weekly Newspaper
February 5 - Februaru 12, 1985
Vol. 4 No. 6
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

ਪਾਕਿਸਤਾਨ ਪ੍ਰਮਾਣੂ ਬੰਬ ਬਣਾਵੇਗਾ

11 ਸੂਬਿਆਂ ਵਿਚ ਚੋਣਾਂ ਲਈ 950 ਉਮੀਦਵਾਰ

ਨਵੀਂ ਦਿੱਲੀ - ਅਮਰੀਕੀ ਸੂਤਰਾਂ ਅਨੁਸਾਰ ਪਾਕਿਸਤਾਨ ਪ੍ਰਮਾਣੂ ਬੰਬ ਤਿਆਰ ਕਰਨ ਦੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਇਹ ਵਿਚਾਰ ਨਵੀਂ ਦਿੱਲੀ ਵਿੱਚ ਸਾਊਥ ਏਸ਼ੀਅਨ ਮਾਮਲਿਆਂ ਬਾਰੇ ਅਮਰੀਕੀ ਐਕਸਪਰਟ ਰਿਚਰਡ ਕਰੋਨਿਨ ਨੇ ਪ੍ਰਗਟਾਏ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਦਾ ਇਹ ਫੈਸਲਾ ਕਿ ਉਹ ਪ੍ਰਮਾਣੂ ਬੰਬ ਜ਼ਰੂਰ ਬਣਾਵੇਗਾ, ਭਾਰਤੀ ਉਪ-ਮਹਾਂ ਦੀਪ ਲਈ ਖਤਰਿਆਂ ਤੋਂ ਖਾਲੀ ਨਹੀਂ ਹੋਵੇਗਾ।

ਇੱਥੇ ਦੇ ਰਾਜਸੀ ਹਲਕਿਆਂ ਵਿੱਚ ਅਮਰੀਕਨ ਅਧਿਕਾਰੀਆਂ ਵੱਲੋਂ ਅਜਿਹੇ ਬਿਆਨ ਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿਉਂਕਿ ਪਾਕਿਸਤਾਨ ਇੱਕ ਤਰ੍ਹਾਂ ਨਾਲ ਅਮਰੀਕਾ ਦਾ ਹੀ ਫੌਜੀ ਅੱਡਾ ਹੈ ਅਤੇ ਉਸ ਦੀ ਮਜ਼ਾਲ ਨਹੀਂ ਕਿ ਅਮਰੀਕਾ ਦੀ ਹੱਲਾਸ਼ੇਰੀ ਤੋਂ ਬਿਨਾਂ ਅਤੇ ਆਰਥਿਕ ਸਹਾਇਤਾ ਤੋਂ ਬਿਨਾਂ ਉਹ ਪ੍ਰਮਾਣੂ ਬੰਬ ਬਣਾ ਸਕੇ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਅਮਰੀਕਾ ਦੀ ਚਾਲ ਇਹ ਹੈ ਕਿ ਉਧਰ ਪਾਕਿਸਤਾਨ ਨੂੰ ਵੱਧ ਤੋਂ ਵੱਧ ਹਥਿਆਰ ਦੇ ਕੇ ਤਾਕਤਵਰ ਬਣਾਇਆ ਜਾਏ ਤੇ ਨਾਲ ਹੀ ਭਾਰਤ ਤੇ ਦਬਾਅ ਜਾਰੀ ਰੱਖਿਆ ਜਾਵੇ।

ਭਾਰਤ ਸਕਿਉਰਿਟੀ ਕੌਂਸਲ ਦਾ ਪ੍ਰਧਾਨ

ਪਹਿਲੀ ਫਰਵਰੀ ਨੂੰ ਭਾਰਤ ਯੂ. ਐਨ. ਓ. ਦੀ ਮੁੱਖੀ ਸਕਿਉਰਿਟੀ ਕੌਂਸਲ ਦਾ ਪ੍ਰਧਾਨ ਚੁਣ ਲਿਆ ਗਿਆ ਹੈ। 40 ਸਾਲਾਂ ਤੋਂ ਸਥਾਪਿਤ ਹੋਈ ਇਸ ਸੰਸਾਰ ਜਥੇਬੰਦੀ ਵਿੱਚ ਭਾਰਤ ਨੂੰ ਛੇਵੀਂ ਵਾਰ ਪ੍ਰਧਾਨਗੀ ਮਿਲੀ ਹੈ। ਭਾਰਤ ਦੇ ਯੂ. ਐਨ. ਓ. ਵਿੱਚ ਰਾਜਦੂਤ ਐਨ. ਐਨ. ਕ੍ਰਿਸ਼ਨਨ ਨੇ ਸਕਿਓਰਿਟੀ ਕੌਂਸਲ ਦੀ ਪ੍ਰਧਾਨਗੀ ਸੰਭਾਲ ਲਈ ਹੈ। ਉਨ੍ਹਾਂ ਤੋਂ ਪਹਿਲਾਂ ਫਰਾਂਸ ਦੇ ਰਾਜਦੂਤ ਕਲਾਊਡ ਡੀ ਕਿਮਲੋਰੀਆ ਇਸ ਦੇ ਪ੍ਰਧਾਨ ਸਨ।

ਭਾਰਤ ਵੱਲੋਂ ਇਥੋਪੀਆ ਨੂੰ ਕਣਕ ਭੇਜੀ ਗਈ

ਈਥੋਪੀਆ ਨੂੰ ਭਾਰਤ ਨੇ ਇੱਕ ਲੱਖ ਟਨ ਕਣਕ ਦਾਨ ਵਜੋਂ ਭੇਜੀ ਹੈ ਜੋ ਇਸ ਮਹੀਨੇ ਈਥੋਪੀਆ ਦੇ ਕਾਲ-ਪੀੜਤ ਇਲਾਕਿਆਂ ਤੱਕ ਪਹੁੰਚ ਜਾਵੇਗੀ। ਇਹ ਕਣਕ ਕੌਮਾਂਤਰੀ ਫੂਡ ਪ੍ਰੋਗਰਾਮ ਅਧੀਨ ਭੇਜੀ ਗਈ ਹੈ।

ਫਰਾਂਸ ਦਾ ਰਾਜਦੂਤ ਦਿੱਲੀ ਵਿਚੋਂ ਕੱਢ ਦਿਤਾ ਗਿਆ

ਨਵੀਂ ਦਿੱਲੀ - ਭਾਰਤ ਸਰਕਾਰ ਦੇ ਜ਼ੋਰ ਦੇਣ ਉਤੇ ਫਰਾਂਸ ਨੂੰ ਭਾਰਤ ਵਿਚੋਂ ਆਪਣਾ ਰਾਜਦੂਤ ਵਾਪਸ ਬੁਲਾਉਣਾ ਪੈ ਗਿਆ ਹੈ। 20 ਜਨਵਰੀ ਨੂੰ ਫਰਾਂਸੀਸੀ ਅਧਿਕਾਰੀ ਲੈਫਟੀਨੈਂਟ ਕਰਨਲ ਅਲੇਨ ਬੌਲੀ ਨੂੰ ਭਾਰਤ ਸਰਕਾਰ ਨੇ ਦਿੱਲੀ ਵਿਚੋਂ ਨਿਕਲ ਜਾਣ ਦੇ ਹੁਕਮ ਦਿਤੇ ਸਨ।

ਪੈਰਿਸ ਵਿਚ ਹੋਈ ਗੱਲਬਾਤ ਤੋਂ ਪਿਛੋਂ ਫਰਾਂਸ ਦੇ ਬਦੇਸ਼ ਮੰਤਰੀ ਰੋਲਾਂਡ ਡੂਮਾਸ ਨੇ ਭਾਰਤੀ ਰਾਜਦੂਤ ਨਰੇਂਦਰ ਸਿੰਘ ਨੂੰ ਦੱਸਿਆ ਕਿ ਰਾਜਦੂਤ ਨੂੰ ਜਾਸੂਸੀ ਕਾਂਡ ਕਾਰਨ ਵਾਪਸ ਬੁਲਾਇਆ ਜਾ ਰਿਹਾ ਹੈ। ਫਰਾਂਸੀਸੀ ਰਾਜਦੂਤ ਸਰਜ ਬੁਆਏਡ ਇਸੇ ਹਫਤੇ ਵਾਪਸ ਪੈਰਿਸ ਪਹੁੰਚ ਰਿਹਾ ਹੈ।

ਕਿਹਾ ਜਾਂਦਾ ਹੈ ਕਿ ਅਮਰੀਕਨ ਬਦਨਾਮ ਏਜੰਸੀ ਸੀ. ਆਈ. ਏ. ਨੂੰ ਇਨ੍ਹਾਂ ਫਰਾਂਸੀਸੀ ਅਧਿਕਾਰੀਆਂ ਨੇ ਅਜਿਹੇ ਦਸਤਾਵੇਜ਼ ਮੁਹੱਈਆ ਕੀਤੇ ਜਿਨ੍ਹਾਂ ਦਾ ਸਬੰਧ ਭਾਰਤ ਦੀ ਰੱਖਿਆ ਨਾਲ ਸੀ।

ਭਾਰਤ ਸਰਕਾਰ ਨੇ ਫਰਾਂਸ ਦੀ ਸਰਕਾਰ ਨੂੰ ਇਨ੍ਹਾਂ ਫਰਾਂਸੀਸੀ ਅਧਿਕਾਰੀਆਂ ਦੇ ਜਾਸੂਸੀ ਕਰਨ ਦੇ ਮਾਮਲੇ ਵਿਚ ਸਬੰਧਤ ਹੋਣ ਕਾਰਨ ਕਿਹਾ ਸੀ ਕਿ ਇਹ ਅਧਿਕਾਰੀ ਭਾਰਤ ਵਲੋਂ ਕੱਢੇ ਜਾ ਰਹੇ ਹਨ।

ਯਾਦ ਰਹੇ ਕਿ ਫਰਾਂਸੀਸੀਆਂ ਤੋਂ ਬਿਨਾਂ ਹੋਰ ਵੀ ਨੈਟੋ ਮੁਲਕਾਂ ਦੇ ਅਧਿਕਾਰੀ ਇਸ ਜਾਸੂਸੀ ਕਾਂਡ ਵਿਚ ਸ਼ਾਮਲ ਹਨ।

ਨਵੀਂ ਦਿੱਲੀ - ਆਉਣ ਵਾਲੇ ਚੁਣਾਓ ਲੜਨ ਲਈ ਗਿਆਰਾਂ ਅਸੈਂਬਲੀਆਂ ਅਤੇ ਪਾਂਡੀਚਰੀ ਦੇ ਕੇਂਦਰੀ ਪ੍ਰਸ਼ਾਸ਼ਿਤ ਇਲਾਕੇ ਵਿੱਚੋਂ ਕੁੱਲ ਸੀਟਾਂ ਲਈ ਲੱਗਭਗ 500 ਤੋਂ ਵੱਧ ਉਮੀਦਵਾਰਾਂ ਨੇ ਪੇਪਰ ਭਰੇ ਹਨ। ਇਸ ਗਿਣਤੀ ਨਾਲ ਕੁੱਲ ਉਮੀਦਵਾਰ 950 ਤੱਕ ਹੋ ਗਏ ਹਨ।

ਮਹਾਰਾਸ਼ਟਰ ਵਿੱਚ ਜਨਤਾ, ਕਾਂਗਰਸ ਐਸ. ਐਸ. ਅਤੇ ਕਿਸਾਨ ਤੇ ਮਜ਼ਦੂਰ ਪਾਰਟੀਆਂ ਨੇ ਅਗਾਂਹਵਧੂ ਜਮਹੂਰੀ ਫਰੰਟ ਬਣਾ ਲਿਆ ਹੈ ਤਾਂ ਕਿ ਆਉਣ ਵਾਲੀਆਂ ਅਸੈਂਬਲੀ ਚੋਣਾਂ ਲੜੀਆਂ ਜਾ ਸਕਣ। ਮੁਆਦੇ ਅਨੁਸਾਰ ਉਪਰਲੀਆਂ ਪਾਰਟੀਆਂ ਵਿੱਚੋਂ ਕਾਂਗਰਸ ਐਸ. ਐਸ. ਨੂੰ ਇੱਕ ਸੌ ਛੱਬੀ ਸੀਟਾਂ, ਜ. ਪਾਰਟੀ 68 ਸੀਟਾਂ, ਜਨਤਾ ਸੱਠ ਅਤੇ ਮਜ਼ਦੂਰ ਤੇ ਕਿਸਾਨ ਪਾਰਟੀ ਨੂੰ 31 ਸੀਟਾਂ ਤੇ ਚੋਣਾਂ ਲੜਨ ਦਾ ਅਧਿਕਾਰ ਪ੍ਰਾਪਤ ਹੋਇਆ ਹੈ।

ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰੀ ਠਾਕਰੀ ਨੇ ਕਿਹਾ ਹੈ ਕਿ ਮੱਧ ਪ੍ਰਦੇਸ਼ ਵਿੱਚ ਉਨ੍ਹਾਂ ਵੱਲੋਂ ਸਾਰੀਆਂ ਦੀਆਂ ਸਾਰੀਆਂ 300 ਸੀਟਾਂ ਉਪਰ ਚੋਣ ਮੁਕਾਬਲੇ ਕੀਤੇ ਜਾਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਇਪੁਰ ਵਿੱਚ ਉਨ੍ਹਾਂ ਕਿਹਾ ਕਿ ਹੋਰ ਪਾਰਟੀਆਂ ਨਾਲ ਲੈਣ ਦੇਣ ਦੀ ਗੱਲਬਾਤ ਵੀ ਚੱਲ ਰਹੀ ਹੈ।

ਸੀਟਾਂ ਦੇ ਕਰਨਾਟਕ ਵਿੱਚ ਭੂਜ. ਪਾਰਟੀ ਤੇ ਜਨਤਾ ਪਾਰਟੀ ਕਿਸੇ ਚੋਣ ਸਮਝੌਤੇ ਤੇ ਪਹੁੰਚ ਵਿੱਚ ਸਫਲ ਨਹੀਂ ਹੋ ਸਕੀਆਂ। ਭਾਰਤੀ ਜਨਤਾ ਪਾਰਟੀ ਦੇ ਸੂਬੇ ਦੇ ਪ੍ਰਧਾਨ ਸ਼੍ਰੀ ਸ਼ਿਵਅੱਪਾ ਨੇ ਬੰਗਲੌਰ 'ਚ ਪੱਤਰਕਾਰਾਂ ਨੂੰ ਦੱਸਿਆ ਕਿ ਇੱਥੇ ਉਨ੍ਹਾਂ ਦੀ ਪਾਰਟੀ ਇਕੱਲੀ ਹੀ ਚੋਣਾਂ ਲੜੇਗੀ।

ਆਂਧਰਾ ਪ੍ਰਦੇਸ਼ 'ਚ ਤੇਲਗੂ ਦੇਸ਼ਮ ਪਾਰਟੀ ਨੇ ਇੱਕ ਫਰਵਰੀ ਨੂੰ 24 ਉਮੀਦਵਾਰਾਂ ਦੀ ਲਿਸਟ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਵਿੱਚ ਸੱਤ ਮੰਤਰੀ ਅਤੇ ਭੰਗ ਕੀਤੀ ਅਸੈਂਬਲੀ ਦੇ 14 ਪੁਰਾਣੇ ਮੈਂਬਰ ਵੀ ਹਨ।

ਸੌਦੇਬਾਜ਼ੀ ਮੁਆਫ ਨਹੀਂ ਕੀਤੀ ਜਾਵੇਗੀ

ਲੰਡਨ — ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਲੋਂ ਬਰਤਾਨਵੀ ਬਾਰੈਸਟਰਾਂ 'ਤੇ ਆਧਾਰਤ ਇਕ ਕਾਨੂੰਨੀ ਮਾਹਿਰਾਂ ਦੀ ਕਮੇਟੀ ਸਥਾਪਤ ਕੀਤੀ ਗਈ ਹੈ, ਜੋ 6 ਜੂਨ 1984 ਤੋਂ ਲੈ ਕੇ ਅੱਜ ਤੱਕ ਭਾਰਤ ਵਿਚ ਸਿੱਖਾਂ 'ਤੇ ਹੋਏ ਅਤਿਆਚਾਰਾਂ ਦਾ ਵੇਰਵਾ ਪ੍ਰਾਪਤ ਕਰਕੇ, ਕੇਸ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਕਮਿਸ਼ਨ ਕੋਲ ਦਾਇਰ ਕਰੇਗੀ। ਇਸ ਸਬੰਧੀ ਪੰਜਾਬ ਤੋਂ ਲੋੜੀਂਦੇ ਬਿਆਨ ਅਤੇ ਐਫੀਡੇਵਿਟ ਆਦਿ ਮੰਗਵਾਏ ਜਾ ਰਹੇ ਹਨ।

ਫੈਡਰੇਸ਼ਨ ਦੇ ਪ੍ਰਧਾਨ ਡਾ: ਪ੍ਰਗਟ ਸਿੰਘ ਅਤੇ ਜਨਰਲ ਸਕੱਤਰ ਡਾ: ਸਾਧੂ ਸਿੰਘ ਨੇ ਇਕ ਲਿਖਤੀ ਬਿਆਨ ਵਿਚ ਆਖਿਆ, ਕਿ ਅਕਾਲੀਆਂ ਨੂੰ ਜੇ ਸਿੱਖਾਂ

(ਬਾਕੀ ਪੰਨਾ 6 ਤੇ)

ਵੈਨਕੂਵਰ ਸਿਟੀ ਕੌਂਸਲ ਜ਼ਿਮਨੀ ਚੋਣ ਚ

ਬਰੂਸ ਯੌਰਕ ਸ਼ਾਨ ਨਾਲ ਜਿੱਤਿਆ।

ਵੈਨਕੂਵਰ - 2 ਫਰਵਰੀ ਨੂੰ ਵੈਨਕੂਵਰ ਸਿਟੀ ਕੌਂਸਲ ਦੀ ਜ਼ਿਮਨੀ ਚੋਣ ਵਿੱਚ ਧਨੀ ਵਿਉਪਾਰੀਆਂ ਦੇ ਉਮੀਦਵਾਰ ਫਿਲਪ ਓਵਨ ਹਾਰ ਗਏ ਹਨ ਅਤੇ ਕੌਪ ਉਮੀਦਵਾਰ ਅਤੇ ਕਮਿਊਨਿਸਟ ਪਾਰਟੀ ਦੇ ਮੈਂਬਰ ਬਰੂਸ ਯੌਰਕ 46438 ਵੋਟਾਂ ਲੈ ਕੇ ਬੜੀ ਸ਼ਾਨ ਨਾਲ ਜਿੱਤੇ ਹਨ।



ਬਰੂਸ ਯੌਰਕ ਦੀ ਮੱਦਦ ਉਤੇ ਸਭ ਜਮਹੂਰੀ ਸ਼ਕਤੀਆਂ ਨੇ ਆਪਣੀ ਸ਼ਕਤੀ ਲਾਮਬੰਦ ਕੀਤੀ ਹੋਈ ਸੀ - ਮੇਅਰ ਹਾਰਕੋਰਟ, ਐਨ. ਡੀ. ਪੀ., ਲੇਬਰ ਦੇ ਸਾਰੇ ਗਰੁੱਪ, ਕੌਪ, ਅਤੇ ਇੰਡੋ-ਕਨੇਡੀਅਨ ਲੋਕਾਂ ਦੀਆਂ ਸਾਰੀਆਂ ਜਮਹੂਰੀ ਸੰਸਥਾਵਾਂ, ਐਥਨਿਕ ਗਰੁੱਪਾਂ ਨੇ ਬਰੂਸ ਯੌਰਕ ਦੀ ਵਧ ਚੜ੍ਹ ਕੇ ਹਮਾਇਤ ਕੀਤੀ ਤੇ ਸੋਕਰਿਡ ਸਰਕਾਰ ਦੇ ਨੁਮਾਇੰਦੇ ਫਿਲਪ ਓਵਨ ਨੂੰ ਬੁਰੀ ਤਰ੍ਹਾਂ ਹਰਾਇਆ।

ਬਰੂਸ ਯੌਰਕ ਦੇ ਜਿੱਤਣ ਨਾਲ ਸਿਟੀ ਕੌਂਸਲ ਵਿੱਚ ਬਹੁ-ਗਿਣਤੀ ਜਮਹੂਰੀਅਤ ਪਸੰਦ ਮੈਂਬਰਾਂ ਦੀ ਫਿਰ ਹੋ ਗਈ ਹੈ।

ਅਸੀਂ ਹਰ ਕਿਸਮ ਦੀ ਇਨਸ਼ੋਰੈਂਸ ਦੇ ਮਾਹਰ ਹਾਂ। ਘਰਾਂ ਦੀ, ਬਿਜ਼ਨਿਸ ਦੀ ਜਾਂ ਕੋਈ ਵੀ ਹੋਰ ਇਨਸ਼ੋਰੈਂਸ ਦੀ ਲੋੜ ਹੋਵੇ ਤਾਂ ਸਾਨੂੰ ਮਿਲੋ ਜਾਂ ਫੂਨ ਕਰੋ।
ਇਨਸ ਲਈ ਮਾਸਟਰ ਕਾਰਡ ਤੇ ਵੀਜਾ ਵੀ ਲੈਂਦੇ ਹਾਂ।

ਇੱਕ ਵਾਰ ਅਜਮਾ ਕੇ ਦੇਖੋ, ਤੁਸੀਂ ਵਾਰ ਵਾਰ ਪੁਰੀ ਇਨਸ਼ੋਰੈਂਸ ਦੀਆਂ ਸੇਵਾਵਾਂ ਹੀ ਪ੍ਰਾਪਤ ਕਰੋਗੇ। ਭਰੋਸੇ ਯੋਗ ਸਰਵਿਸ ਤੇ ਦੋਸਤਾਨਾ ਮਾਹੌਲ ਤੁਹਾਨੂੰ ਪੁਰੀ ਇਨਸ਼ੋਰੈਂਸ ਤੇ ਹੀ ਮਿਲ ਸਕਦਾ ਹੈ। ਪੁਰੀ ਇਨਸ਼ੋਰੈਂਸ ਨੂੰ ਸਦਾ ਯਾਦ ਰੱਖੋ।



ਗੁਰਬੀਰ ਸਿੰਘ ਪੁਰੀ

PURI INSURANCE AGENCIES

ਅਮਰਜੀਤ ਕੌਰ ਪੁਰੀ

5707 Kingsway (Near Imperial) Burnaby, B.C. 430-5533

ਕੈਨੇਡਾ ਦਰਪਣ

ਸਮਾਨਤਾ ਰੀਪੋਰਟ

ਸਮਾਨਤਾ ਦੀ ਸਲਾਨਾ ਆਮ ਮੀਟਿੰਗ 27 ਜਨਵਰੀ 1985 ਨੂੰ ਦਿਨ ਦੇ 1:00 ਵਜੇ ਤੋਂ 3:00 ਵਜੇ ਤੱਕ ਲਿਟਲ ਮਾਉਂਟੇਨ ਨੇਬਰਹੁੱਡ ਵਿਚ ਹੋਈ।

ਮੀਟਿੰਗ ਦਾ ਅਰੰਭ ਭਵਨੀਤ ਨੇ ਆਸਾਵਰੀ ਰਾਗ ਨਾਲ ਕੀਤਾ। ਮੈਂਬਰਾਂ ਦਾ ਸੁਆਗਤ ਕਰਦਿਆਂ ਗੀਤਾ ਪੁਰੀ ਨੇ ਕਿਹਾ ਕਿ ਸਾਡੀ ਕਮਿਊਨਿਟੀ ਵਿਚ ਔਰਤਾ ਉਤੇ ਤਸ਼ੱਦਦ ਦੀ ਸਮੱਸਿਆ ਖਤਮ ਕਰਨ ਲਈ ਸਮਾਨਤਾ ਵਰਗੀਆਂ ਹੋਰ ਵੀ ਜਥੇਬੰਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸਮਾਨਤਾ ਦੇ ਹਿਮਾਇਤੀ ਮੈਂਬਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਮਾਨਤਾ ਭਾਵੇਂ ਪਿਛਲੇ ਸਾਲ ਪਬਲਿਕ ਤੌਰ ਤੇ ਸਰਗਰਮ ਨਹੀਂ ਰਹੀ ਪਰ ਇਸ ਦੀ ਸੰਕਟ ਸਹਾਇਤਾ ਕਮੇਟੀ ਲਗਾਤਾਰ ਕੰਮ ਕਰਦੀ ਰਹੀ ਹੈ ਅਤੇ ਲੋੜਮੰਦ ਤੇ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਨੂੰ ਸਹਾਇਤਾ ਮਿਲਦੀ ਰਹੀ ਹੈ।

ਸੁਆਗਤੀ ਸ਼ਬਦ ਤੋਂ ਪਿਛੋਂ ਸਾਲ 1983-84 ਦੀ ਆਰਥਕ ਰੀਪੋਰਟ ਪੇਸ਼ ਕੀਤੀ ਗਈ। ਸਮਾਨਤਾ ਦਾ ਕੰਮ ਹੋਰ ਅਸਰਦਾਰ ਤਰੀਕੇ ਨਾਲ ਚਲਾਉਣ ਲਈ ਵਿਚਾਰ ਵਟਾਂਦਰਾ ਹੋਇਆ ਅਤੇ ਮੈਂਬਰਾਂ ਨੇ ਕਈ ਉਸਾਰੂ ਸੁਝਾ ਦਿਤੇ ਜਿਵੇਂ ਕਿ:

- ਸਮਾਨਤਾ ਦੇ ਮੁੱਖ ਉਦੇਸ਼ — ਤਸ਼ੱਦਦ ਦੀਆਂ ਸ਼ਿਕਾਰ ਔਰਤਾ ਦੀ ਸਹਾਇਤਾ ਕਰਨਾ - ਨੂੰ ਮੁਖ ਰਖਦਿਆ ਇਸ ਦਾ ਕੰਮ ਇਕ ਸੇਵਾ ਸੰਸਥਾ ਦੇ ਰੂਪ ਵਿਚ ਜਾਰੀ ਰਖਿਆ ਜਾਏ ਤਾਂ ਜੋ ਕਮਿਊਨਿਟੀ ਵਿਚ ਸੰਕਟ ਸਮੇਂ ਲੋੜ ਰਾਏ ਕਾਇਮ ਕੀਤੀ ਜਾ ਸਕੇ।
- ਕਮਿਊਨਿਟੀ ਵਿਚੋਂ ਹੋਰ ਵਲੰਟੀਅਰਾਂ ਨੂੰ ਔਰਤਾਂ ਲਈ ਸਹਾਰਾ ਦੇਣ ਦੇ ਕੰਮਾਂ ਵਲ ਪ੍ਰੇਰਿਆ ਜਾਏ।
- ਸਮਾਜ ਵਿਚ ਤਸ਼ੱਦਦ ਦੇ ਰੂਪਾਂ ਪ੍ਰਤੀ ਲੋਕਾਂ ਨੂੰ ਸਿਖਿਅਤ ਕਰਨ ਲਈ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਏ। ਸਿਖਿਅਤ ਕਰਨ ਦੇ ਕੰਮਾਂ ਵਿਚ ਲੇਖਕਾਂ ਦੀ ਮਿਲਵਰਤਨ ਪ੍ਰਾਪਤ ਕੀਤੀ ਜਾਏ।

ਇਨ੍ਹਾਂ ਅਤੇ ਕਈ ਹੋਰ ਸੁਝਾਵਾਂ ਉਤੇ ਗੌਰ ਕੀਤੀ ਗਈ ਅਤੇ ਨਵੀਂ ਅਗਜ਼ੈਕਟਿਵ ਦੀ ਕੋਲੈਕਟਿਵ ਕਮੇਟੀ ਨਾਮਜ਼ਦ ਕੀਤੀ ਗਈ। ਇਸ ਦੀ ਨਵੀਂ ਰੂਪ ਰੇਖਾ ਇਸ ਪ੍ਰਕਾਰ ਹੈ:

ਕੋਆਰਡੀਨੇਟਰ (1) — ਗੀਤਾ ਪੁਰੀ (ਤਾਲਮੇਲ)

ਕੋ ਆਰਡੀਨੇਟਰ (2) — ਜਸਬੀਰ ਆਹਲੂਵਾਲੀਆ (ਮੀਟਿੰਗਾਂ ਲਈ)

ਵੇਰਵਾ ਸਕੱਤਰ (3) — ਭਵਨੀਤ ਭੰਗੂ

ਮੈਂਬਰ (4) — ਸੁਰਜੀਤ, ਪਰਮਿੰਦਰ, ਗੁਰਮੇਲ, ਕਰੁਣਾ ਅਗਰਵਾਲ।

ਇਹ ਮੈਂਬਰ ਸੰਕਟ ਸਹਾਇਤਾ, ਖੋਜ ਤੇ ਪ੍ਰਕਾਸ਼ਨ, ਸਿਖਿਆ ਤੇ ਸਭਿਆਚਾਰਕ ਕੰਮ ਅਗੇ ਵਾਂਗ ਹੀ ਮਿਲਕੇ ਕਰਨਗੇ। ਸਮਾਨਤਾ ਦੇ ਉਦੇਸ਼ ਨਾਲ ਸਹਿਮਤ ਸੰਸਥਾਵਾਂ ਦੀ ਅਸੀਂ ਪੂਰੀ ਹਮਾਇਤ ਕਰਾਂਗੇ ਅਤੇ ਉਨ੍ਹਾਂ ਵਲੋਂ ਮਿਲਵਰਤਨ ਨੂੰ ਜੀ ਆਇਆਂ ਕਹਾਂਗੇ।

ਐਗਜ਼ੈਕਟਿਵ ਦੀ ਨਾਮਜ਼ਾਦਗੀ ਮਗਰੋਂ ਛੋਟਾ ਜਿਹਾ ਸਭਿਆਚਾਰਕ ਪ੍ਰੋਗਰਾਮ ਹੋਇਆ ਜਿਸ ਵਿਚ ਕੁਝ ਮੈਂਬਰਾਂ ਗੀਤ ਤੇ ਕਵਿਤਾਵਾ ਪੇਸ਼ ਕੀਤੀਆਂ, ਮੀਟਿੰਗ ਦੀ ਸਮਾਪਤੀ ਚਾਹ ਪਾਣੀ ਨਾਲ ਹੋਈ।

ਆਓ ਦੁੱਖ ਸਾਂਝਾ ਕਰੀਏ:

1984 ਦਾ ਕਹਿਰਾਂ ਭਰਿਆ ਸਾਲ, ਸਾਡੀ ਕੌਮ ਨਾਲ ਸਾਡੇ ਦੇਸ਼ ਵਿਚ ਅਤੇ ਵਿਦੇਸ਼ਾਂ ਵਿਚ ਕਿੰਨਾ ਕੁਝ ਹੀ ਅਤਿ ਭਿਆਨਕ ਵਾਪਰਿਆ; ਅਜਿਹੀ ਦੁੱਖਦਾਈ ਕੌਮੀ ਸਮੱਸਿਆ ਹੇਠ ਸਮਾਜ ਦੀਆਂ ਹੋਰ ਸਮਸਿਆਵਾਂ ਦੱਬ ਕੇ ਜ਼ਰੂਰ ਰਹਿ ਗਈਆਂ ਹਨ ਪਰ ਔਰਤਾ ਉਤੇ ਨਿੱਤ ਦਿਨ ਹੁੰਦੀ ਮਾਰ ਕੁਟਾਈ, ਗਾਲੀ ਗਲੋਚ,ਬੇਇਜ਼ਤੀ, ਅਤੇ ਘਰੇਲੂ ਤਸ਼ੱਦਦ ਵਿਚ ਕੋਈ ਫਰਕ ਨਹੀਂ ਪਿਆ। ਪਿਛਲੇ ਵਰ੍ਹੇ ਦੇ ਦੌਰਾਨ ਵੀ ਸਾਡੀਆਂ ਔਰਤਾਂ ਆਪਣੀ ਜਾਨ ਬਚਾਉਣ ਲਈ ਹਿਊਮਨ ਰੀਸੋਰਸਿਜ਼ ਅਤੇ ਐਮਰਜੈਂਸੀ ਸਰਵਿਸਜ਼ ਦੇ ਦਰਾਂ ਤੇ ਭਟਕੀਆਂ ਅਤੇ ਟ੍ਰਾਂਜੀਸ਼ਨ ਘਰਾਂ ਵਿਚ ਪਨਾਹ ਲੈਂਦੀਆ ਰਹੀਆਂ ਹਨ। ਪਿਛਲੇ ਸਾਲ ਦੀਆਂ ਦਰਦਨਾਕ ਘਟਨਾਵਾਂ ਦੀਆਂ ਖਬਰਾਂ ਵਿਚ ਇਹ ਪੜ੍ਹ ਕੇ ਅਤਿਅੰਤ ਦੁੱਖ ਤੇ ਨਮੋਸ਼ੀ ਹੋਈ ਕਿ 'ਹਰਿਆਣੇ ਵਿਚ ਸਿੱਖ ਔਰਤਾਂ ਦੀ ਪੱਤ ਲੁੱਟੀ ਗਈ' ਜਾਂ 'ਪੰਜਾਬ ਵਿਚ ਹਿੰਦੂ ਔਰਤਾਂ ਨੂੰ ਬੇਇੱਜਤ ਕੀਤਾ ਗਿਆ,' ਪਰ ਇਥੇ ਸਾਡੇ ਬਿਲਕੁਲ ਨਜ਼ਦੀਕ ਔਰਤਾ ਉਤੇ ਹੁੰਦੇ ਤਸ਼ੱਦਦ ਦੀਆਂ ਵਾਪਰਦੀਆਂ ਘਟਨਾਵਾਂ ਇਥੇ ਸਾਡੇ ਬਿਲਕੁਲ ਨਜ਼ਦੀਕ ਔਰਤਾ ਉਤੇ ਹੁੰਦੇ ਤਸ਼ਦੱਦ ਦੀਆਂ ਵਾਪਰ ਦੀਆ ਘਟਨਾਵਾਂ ਜਿਨ੍ਹਾਂ ਵਿਚ ਮਾਮੇ ਤਾਏ ਦੇ ਪੁੱਤ ਭਰਾ ਭੈਣਾਂ ਦੀ ਇੱਜ਼ਤ ਲੁੱਟਦੇ , ਹਾਈ ਸਕੂਲ ਜਾਂਦੀਆ ਨਾਲ ਛੇੜਖਾਨੀ ਕਰਦੇ, ਜਵਾਨ ਧੀਆ ਵਲੋਂ ਮਰਜ਼ੀ ਦਾ ਵਿਆਹ ਕਰਵਾਉਣ ਦੀ ਇੱਛਾ ਤੇ ਜਿਥੇ ਪਿਓ ਖੁਦ ਭੇੜੀਏ ਵਾਂਗ ਮਾਸੂਮਾਂ ਉਤੇ ਝਪਟ ਪੈਂਦੇ; ਵਿਦੇਸ਼ਾਂ ਵਿਚ ਵਾਪਰਦੀਆ ਅਜਿਹੀਆ ਸ਼ਰਮਨਾਕ ਘਟਨਾਵਾ ਸਾਡੇ ਅਖਬਾਰਾਂ ਵਿਚ ਸ਼ਾਇਦ ਪਹੁੰਚਣ ਨਹੀਂ ਦਿਤੀਆਂ ਜਾਂਦੀਆ ਕਿਉਂਕਿ ਅਜਿਹੀਆਂ ਘਟਨਾਵਾ ਘਰਾਂ 'ਚੋਂ ਨਿਕਲਕੇ ਪੁਲੀਸ ਮਹਿਕਮਿਆਂ ਤੋਂ ਹੁੰਦੀਆਂ ਰੇਪ-ਰੀਲੀਫ ਸੈਂਟਰਾਂ ਜਾਂ ਟ੍ਰਾਂਜ਼ੀਸ਼ਨ ਘਰਾਂ ਵਿਚ ਪਹੁੰਚ ਕੇ ਖਤਮ ਹੋ ਜਾਂਦੀਆ ਹਨ। ਜੇ ਔਰਤਾ ਦੋਸ਼ੀ ਰਿਸ਼ਤੇਦਾਰਾਂ ਉਤੇ ਚਾਰਜ ਲਾਉਣ ਦੀ ਜੁਅੱਰਤ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਡਰਾ ਧਮਕਾ ਕੇ ਉਨ੍ਹਾ ਨੂੰ ਹੀ ਦੋਸ਼ੀ ਠਹਿਰਹਇਆ ਜਾਂਦਾ ਹੈ। ਸਾਡੀ ਕਮਿਊਨਿਟੀ ਵਿਚ ਚੁਪਚਾਪ ਸੁਲਘਦੀਆ ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਅਣਡਿੱਠ ਕਰਨ ਨਾਲ ਕੀ ਇਹ ਬੁਰਿਆਈ ਖਤਮ ਹੋ ਜਾਏਗੀ ? ਨਹੀਂ, ਸਮਾਜ ਵਿਚੋਂ ਇਹ ਬੁਰਿਆਈ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਨਿਰਪੱਖ ਤੇ ਉਸਾਰੂ ਸੋਚਣੀ ਬਣਾਉਣੀ ਪੈਣੀ ਹੈ: ਮਾਵਾਂ, ਧੀਆਂ, ਭੈਣਾ ਸਾਰੇ ਸਮਾਜ ਦੀਆਂ ਹਨ, ਔਰਤ ਦਾ ਅਪਮਾਨ ਤੁਹਾਡਾ ਆਪਣਾ ਅਪਮਾਨ ਹੈ ਤੁਹਾਡੀ ਮਾਂ, ਧੀ, ਭੈਣ, ਦਾ ਹੀ ਅਪਮਾਨ ਹੈ। ਸਮਾਨਤਾ ਦੇ ਉਦੇਸ਼ ਦੀ ਹਿਮਾਇਤ ਕਰਦਿਆਂ ਔਰਤਾਂ ਉਤੇ ਹਰ ਕਿਸਮ ਦੇ ਤਸ਼ੱਦੱਦ ਦੀ ਰੋਕਥਾਮ ਵਿਚ ਯੋਗਦਾਨ ਦੇਣਾ ਹੀ ਕਮਿਊਨਿਟੀ ਦਾ ਫਰਜ਼ ਹੈ।

'ਔਰਤ ਉੱਤੇ ਹੁੰਦਾ ਤਸ਼ੱਦੱਦ
ਨਾ ਧਰਮ ਹੈ ਨਾ ਜ਼ਾਤ ਨਾ ਰਾਜਨੀਤੀ ਨਾ ਈਮਾਨ
ਨਾ ਸਿੱਖ, ਈਸਾਈ, ਹਿੰਦੂ ਨਾ ਮੁਸਲਮਾਨ
ਨਾ ਧਾਮ ਨਾ ਕੋਈ ਵੀ ਸਤਾਨਾ ਵਰਗਾ ਸਤਾਨ।"

ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਜਿਥੇ ਵੀ, ਜਦੋਂ ਵੀ ਕਦੀ ਕੋਈ ਅਜੇਹੀ ਘਟਨਾ ਸੁਣੋ ਜਾਂ ਵੇਖੋ ਤੁਰੰਤ ਉਸ ਔਰਤ ਦੀ ਮਦਦ ਪਹੁੰਚਾਉਣ ਲਈ ਇਕ ਵਸੀਲਾ ਵਿਅਕਤੀ ਦੇ ਤੌਰ ਤੇ ਆਪਣਾ ਫਰਜ਼ ਨਿਭਾਓ। ਤੁਹਾਡੀ ਸਹੂਲਤ ਵਾਸਤੇ ਹੇਠਾਂ ਕੁਝ ਫੋਨ ਮੱਦਦ ਦਾ ਪਰਬੰਧ ਕਰਨ ਵਿਚ ਸਹਾਇਤਾ ਕਰਕੇ ਮਨੁੱਖਤਾ ਦਾ ਮਾਣ ਵਧਾਓ।

ਸਮਾਨਤਾ: 874-7279, 276-2735
ਟ੍ਰਾਂਜ਼ੀਸ਼ਨ ਹਾਊਸ: 734-3358 (24 ਘੰਟੇ)
ਐਮਰਜੰਸੀ ਸਰਵਸਿਜ਼: 733-8111 ਜਾਂ 668-3111
ਸਮਾਨਤਾ ਐਗਜ਼ੈਕਟਿਵ ਕਮੇਟੀ (1985)

ਵਿਦਿਅਕ ਬੱਜਟ ਦੀ ਕਟੌਤੀ



ਸੋਕਰਡ ਸਰਕਾਰ ਨੇ ਚਾਰ ਚੁਫੇਰੇ ਬੱਜਟ ਦੀ ਕਟੌਤੀ ਕਰਕੇ ਸਿਰਫ ਬੇਰੁਜ਼ਗਾਰੀ ਹੀ ਨਹੀਂ ਵਧਾਈ ਸਗੋਂ ਸਮੁੱਚੀ ਬੀ. ਸੀ. ਦੀ ਕਮਿਊਨਿਟੀ ਦਾ ਸਾਹ ਘੁੱਟ ਦਿਤਾ ਹੈ। ਬੱਜਟ ਦੀਆਂ ਕਟੌਤੀਆਂ ਨਾਲ ਬੇਰੁਜ਼ਗਾਰ, ਕਮਜ਼ੋਰ, ਬਜ਼ੁਰਗਾਂ ਤੇ ਇਕਲੌਤੇ ਮਾਪਿਆਂ ਦਾ ਜੀਣਾ ਮੁਸ਼ਕਲ ਹੋ ਰਿਹਾ ਹੈ। ਖਾਸ ਕਰਕੇ ਸਕੂਲਾਂ ਤੇ ਕਾਲਜਾਂ ਤੇ ਇਸਦਾ ਬਹੁਤ ਹੀ ਭੈੜਾ ਅਸਰ ਪੈ ਰਿਹਾ ਹੈ। ਜੋ ਵਿਦਿਆਰਥੀਆਂ ਨੂੰ ਕਾਲਜ ਜਾਂ ਯੂਨੀਵਰਸਿਟੀ ਜਾਣ ਲਈ ਲੋਨ ਮਿਲਦੇ ਸਨ, ਉਹ ਬੰਦ ਹੋ ਚੁਕੇ ਹਨ। ਸਿਰਫ ਅਮੀਰਾਂ ਦੇ ਬੱਚੇ ਹੀ ਯੂਨੀਵਰਸਿਟੀ ਪੜ੍ਹਨ ਜਾ ਸਕਣਗੇ।

ਸਕੂਲਾਂ ਵਿਚ ਬੱਜਟ ਦੀ ਕਟੌਤੀ ਦੀ ਵੱਡੀ ਸੱਟ ਉਨ੍ਹਾਂ ਬੱਚਿਆਂ ਨੂੰ ਲੱਗੀ ਹੈ ਜੋ ਕਿ ਉਨ੍ਹਾਂ ਮੁਲਕਾਂ ਤੋਂ ਆਏ ਹਨ ਜਿਥੇ ਅੰਗਰੇਜ਼ੀ ਨਹੀਂ ਬੋਲੀ ਜਾਂਦੀ। ESL (ਇੰਗਲਿਸ਼ ਐਜ਼ ਏ ਸੈਕੰਡ ਲੈਂਗੂਏਜ਼) ਦੀਆਂ ਕਲਾਸਾਂ ਬਹੁਤ ਹੀ ਵੱਡੀਆਂ ਕਰ ਦਿਤੀਆਂ ਤੇ ਨਵੇਂ ਆਏ ਬੱਚਿਆਂ ਵੱਲ ਬਹੁਤ ਘੱਟ ਧਿਆਨ ਦਿਤਾ ਜਾ ਰਿਹਾ ਹੈ। ਇਸਦਾ ਭਾਵ ਇਹ ਹੋਇਆ ਕਿ ਘੱਟ ਗਿਣਤੀ ਲੋਕਾਂ ਦੇ ਬੱਚੇ, ਜਦ ਕਿ ਉਨ੍ਹਾਂ ਨੂੰ ਸਪੈਸ਼ਲ ਅੰਗਰੇਜ਼ੀ ਨਾ ਪੜ੍ਹਾਈ ਗਈ, ਉਲੂਆਂ ਵਾਂਗ ਕਲਾਸ ਵਿਚ ਬੈਠੇ ਟੀਚਰਾਂ ਦੇ ਮੂੰਹ ਵੱਲ ਵੇਖਣਗੇ। ਬਹੁਤ ਸਾਰੇ ਅੱਖੇ ਹੋ ਕੇ ਸਕੂਲ ਛੱਡ ਜਾਣਗੇ। ਜੇ ਕਿਸੇ ਨੇ ਗਰੇਡ ਬਾਰਾਂ ਭੀ ਪਾਸ ਕਰ ਲਈ ਤਾਂ ਉਸ ਤੋਂ ਇੰਗਲਿਸ਼ ਪਲੇਸਮੈਂਟ ਟੈਸਟ ਪਾਸ ਨਹੀਂ ਹੋਣਾ ਤੇ ਉਹ ਬੱਚੇ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਲੈ ਸਕਣਗੇ। ਅੰਗਰੇਜ਼ੀ ਨਾ ਬੋਲਣ ਸਦਕਾ ਚੰਗੀਆਂ ਨੌਕਰੀਆਂ ਸਾਡੇ ਬੱਚਿਆਂ ਨੂੰ ਮਿਲ ਨਹੀਂ ਸਕਣਗੀਆਂ।

ਕੀ ਸੱਚੀ ਮੁੱਚੀ ਬੀ. ਸੀ. ਸਰਕਾਰ ਪਾਸ ਪੈਸੇ ਨਹੀਂ ਹਨ? ਪੈਸੇ ਬਹੁਤ ਹਨ ਪਰ ਜਿਵੇਂ ਇਨ੍ਹਾਂ ਨੂੰ ਲੋਟ ਆਉਂਦਾ ਉਸ ਤਰਾਂ ਖਰਚਦੇ ਹਨ। ਲੋਕਾਂ ਦੀ ਸਿਹਤ ਤੇ ਵਿਦਿਆ ਵਾਰੇ ਇਨ੍ਹਾਂ ਨੂੰ ਕੋਈ ਫਿਕਰ ਨਹੀਂ। ਪਰ ALRT, EXPO ਤੇ ਕੋਲੇ ਦੀਆਂ ਖਾਨਾਂ ਤੇ ਕਰੋੜਾਂ ਡਾਲਰ ਖਰਚ ਰਹੇ ਹਨ। 350 ਕਰੋੜ ਡਾਲਰ ਜੋ ਕਿ CNR ਵਿਚ ਘਾਟਾ ਪਿਆ ਸੀ ਉਹ ਜੈਨਰਲ ਰੈਵੀਨਿਊ ਵਿਚ ਪਾ ਦਿਤਾ ਹੈ। ਵੱਡੀਆਂ ਕਾਰਪੋਰੇਸ਼ਨਾਂ ਤੇ ਅਮੀਰਾਂ ਦੇ ਢਿੱਡ ਭਰ ਰਹੇ ਹਨ ਅਤੇ ਜੋ ਪ੍ਰੋਗਰਾਮ ਗਰੀਬਾਂ ਦੀ ਸੁਰੱਖਿਆ ਲਈ ਹਨ ਉਨ੍ਹਾਂ ਦਾ ਸਫਾਇਆ ਕਰ ਰਹੇ ਹਨ। ਉਨ੍ਹਾਂ ਵਿੱਚ ਹਿਊਮਨ ਰਾਈਟਸ ਰੈਂਟ ਕੰਟਰੋਲ ਤੇ ਘੱਟ ਗਿਣਤੀ ਲੋਕਾਂ ਦੀ ਮੱਦਦ ਲਈ ਜੋ ਕਮਿਊਨਿਟੀ ਏਜੰਸੀਆਂ ਕੰਮ ਕਰ ਰਹੀਆਂ ਹਨ ਉਨ੍ਹਾਂ ਦੇ ਫੰਡ ਕੱਟਕੇ ਬਿਸਤਰਾ ਗੋਲ ਕਰ ਦਿਤਾ ਹੈ।

ਹਰ ਸ਼ਹਿਰ ਵਿਚ ਸਕੂਲ ਬੋਰਡਾਂ ਦੀਆਂ ਮੀਟਿੰਗਾਂ ਵਿਚ ਸਾਨੂੰ ਜਾਣਾ ਚਾਹੀਦਾ ਹੈ ਤੇ ਆਪਦੀ ਕਮਿਊਨਿਟੀ ਨੂੰ ਫਾਇਦਾ ਪਹੁੰਚਾਉਣ ਵਾਲੇ ਪ੍ਰੋਗਰਾਮਾਂ ਦੀ ਰਾਖੀ ਲਈ ਝਗੜਨਾ ਚਾਹੀਦਾ ਹੈ। ਇਸ ਵਿਚ ESL, ਰੇਸ ਰੀਲੇਸ਼ਨ ਪ੍ਰੋਗਰਾਮ, ਮਲਟੀ ਕਲਚਰਲ ਵਰਕਰ ਤੇ ਸਕੂਲ ਕੁਆਰਡੀਨੇਟਰ ਵਰਨਣ ਯੋਗ ਹਨ। ਆਪਣੀ ਪਨੀਰੀ ਤੇ ਕਮਿਊਨਿਟੀ ਦੇ ਭਵਿਖ ਲਈ ਡਟ ਕੇ ਖੜੇ ਹੋ ਜਾਓ। ਸਗੋਂ ਇਹ ਮੰਗ ਕਰੋ ਕਿ ਤੁਹਾਡੇ ਸਕੂਲ ਡਿਸਟਰਿਕਟ ਵਿਚ ਪੰਜਾਬੀ ਪੜ੍ਹਾਈ ਜਾਵੇ। ਹੁਣ ਢਿੱਲ ਮੱਠ ਦਾ ਵੇਲਾ ਨਹੀਂ। ਮੁਫਤ-ਸਵਾਰੀ ਤੇ ਦੂਜਿਆਂ ਦੀ ਝਾਕ ਵਿਚ ਸਮਾਂ ਨਾ ਗਵਾਓ। ਇਹ ਕਿਸੇ ਇਕ ਜਾਂ ਦੋ ਦਾ ਕੰਮ ਨਹੀਂ। ਆਪਣੇ ਆਪਣੇ ਹਲਕੇ ਵਿਚ ਏਜ਼ੂਕੇਸ਼ਨ ਕੱਟ ਦੇ ਵਿਰੋਧ ਮੁਜ਼ਾਹਰਿਆਂ ਵਿਚ ਤੇ ਸਕੂਲ ਬੋਰਡ ਦੀਆਂ ਮੀਟਿੰਗਾਂ ਵਿਚ ਆਪਣਾ ਚਿਹਰਾ ਵਿਖਾਓ ਤਾਂ ਇਨ੍ਹਾਂ ਲੋਕਾਂ ਨੂੰ ਪਤਾ ਲੱਗੇ ਕਿ ਅਸੀਂ ਸੁੱਤੇ ਨਹੀਂ ਪਏ ਜਿਉਂਦੇ ਜਾਗਦੇ ਹਾਂ।

ਚਰਨਪਾਲ ਗਿੱਲ

ਝੂਠੀਆਂ ਗਵਾਹੀਆਂ ਦੇਣ ਵਾਲਿਆਂ ਨੂੰ ਸਖਤ ਸਜ਼ਾਵਾਂ

ਟਰਾਂਟੋ - 18 ਅਗਸਤ 1979 ਦੇ ਕੇਸ ਦਾ ਫੈਸਲਾ ਸਥਾਨਕ ਕਾਊਂਟੀ ਕੁਰਟ ਵਿੱਚ ਪੰਜਾਂ ਸਾਲਾਂ ਬਾਅਦ ਹੋਇਆ, ਜਿਸ ਵਿੱਚ ਲੜ੍ਹਨ ਵਾਲੇ ਬੰਦੇ ਬਰੀ ਹੋ ਗਏ, ਪਰ ਗਵਾਹੀਆਂ ਦੇਣ ਵਾਲੇ ਸਖਤ ਕੈਦ ਦੀਆਂ ਸਜ਼ਾਵਾਂ ਖਾ ਗਏ।

18 ਅਗਸਤ 1979 ਨੂੰ ਵਰਸਟੀ ਸਟੇਡੀਅਮ ਟਰੰਟੋ ਵਿੱਚ ਫਿਲਮ ਸਟਾਰ ਦਾਰਾ ਸਿੰਘ ਦੀ ਕੁਸ਼ਤੀ ਦਾ ਸ਼ੋਅ ਸੀ। ਦੋ ਵੱਖੋ ਵੱਖਰੇ ਗਰੁੱਪ ਗੁਰਦੁਆਰੇ ਦੀਆਂ ਆਹੁਦੇਦਾਰੀਆਂ ਦੀ ਲਾਗ ਡਾਂਟ ਕਾਰਨ ਆਪਸ ਵਿੱਚ ਲੜ ਪਏ। ਪੁਲਿਸ ਨੇ ਸੱਤ ਵਿਅਕਤੀ ਹਿਰਾਸਤ ਵਿੱਚ ਲੈ ਲਏ। ਸੁਰਜੀਤ ਸਿੰਘ ਗਰੇਵਾਲ ਦੇ ਕਾਫੀ ਸੱਟਾਂ ਲੱਗ ਗਈਆਂ ਸਨ।

ਪ੍ਰੀਤਮ ਸਿੰਘ ਗਰੇਵਾਲ ਨਾਂ ਦਾ ਇੱਕ ਵਿਅਕਤੀ ਮੌਕੇ ਤੇ ਹਾਜ਼ਰ ਸੀ। ਉਹ ਪੁਲਿਸ ਦਾ ਗਵਾਹ ਬਣ ਗਿਆ ਅਤੇ ਅੱਖੀਂ ਡਿੱਠੀ ਲੜਾਈ ਦੀ ਪੁਲੀਸ ਕੋਲ ਸਟੇਟਮਿੰਟ ਵੀ ਦੇ ਦਿੱਤੀ।

ਸ. ਜਵਾਲਾ ਸਿੰਘ ਗਰੇਵਾਲ ਸਾਬਕਾ ਖਜ਼ਾਨਚੀ ਗੁਰਦੁਆਰਾ ਪੇਪ ਟਰਾਂਟੋ ਇੱਕ ਧੜੇ ਦੀ ਮੱਦਦ ਲਈ ਆ ਗਏ। ਲੜਾਈ ਦੇ ਸਮੇਂ ਭਾਵੇਂ ਉਹ ਉਥੇ ਹਾਜ਼ਰ ਨਹੀਂ ਸਨ ਪਰ ਪੁਲੀਸ ਦੇ ਗਵਾਹ ਉਤੇ ਜ਼ੋਰ ਪਾ ਕੇ ਕੇਸ ਖਰਾਬ ਕਰ ਸਕਦੇ ਹਨ। ਉਹਨਾਂ ਨੇ ਫਰਵਰੀ 1983 ਨੂੰ ਪੁਲੀਸ ਦੇ ਗਵਾਹ ਪ੍ਰੀਤਮ ਸਿੰਘ ਗਰੇਵਾਲ ਨੂੰ ਟੈਲੀਫੂਨ ਕੀਤਾ ਅਤੇ ਆਖਿਆ ਕਿ ਜੇ ਉਹ ਅਦਾਲਤ ਵਿੱਚ ਗਵਾਹੀ ਪਲਟ ਦੇਣ ਤਾਂ ਕੇਸ ਵਿਰੋਧੀਆਂ ਦੇ ਸਿਰ ਪੈ ਸਕਦਾ ਹੈ।

ਪ੍ਰੀਤਮ ਸਿੰਘ ਗਰੇਵਾਲ ਮੰਨ ਗਿਆ ਅਤੇ ਅਦਾਲਤ ਵਿੱਚ ਜਾ ਕੇ ਆਪਣੇ ਪਹਿਲੇ ਬਿਆਨਾਂ ਤੋਂ ਮੁਕਰ ਗਿਆ। ਪੁਲੀਸ ਜਵਾਲਾ ਸਿੰਘ ਗਰੇਵਾਲ ਤੋਂ ਪੁਰਾਣੀ ਵਾਕਫ ਸੀ, ਇਸ ਲਈ ਉਸ ਦੇ ਘਰ ਦਾ ਵਾਕਫ ਸੀ, ਇਸ ਲਈ ਉਸ ਦੇ ਘਰ ਦਾ ਟੈਲੀਫੂਨ ਸਿੱਸਧਾ ਠਾਣੇ ਨਾਲ ਵੀ ਜੋੜਿਆ ਹੋਇਆ ਸੀ। ਗਵਾਹੀ ਮੁਕਰਾਉਣ ਦੀ ਸਾਰੀ ਸਾਜ਼ਿਸ਼ ਪੁਲੀਸ ਨੇ ਰੀਕਾਰਡ ਕਰ ਲਈ।

ਅਦਾਲਤ ਨੇ ਅਸਲੀ ਦੋਸ਼ੀ ਸ਼ੱਕ ਦੇ ਲਾਭ ਵਿੱਚ ਬਰੀ ਕਰ ਦਿੱਤੇ ਅਤੇ ਪ੍ਰੀਤਮ ਸਿੰਘ ਗਰੇਵਾਲ ਅਤੇ ਜਵਾਲਾ ਸਿੰਘ ਗਰੇਵਾਲ ਨੂੰ ਪਰਜ਼ਰੀ ਦੇ ਦੋਸ਼ਾਂ ਅਧੀਨ ਬੰਨ੍ਹ ਲਿਆ। ਮੁਕੱਦਮੇ ਦੀ ਸੁਣਵਾਈ ਲਗਾਤਾਰ ਅੱਠ ਦਿਨ ਹੋਈ।

ਜਵਾਲਾ ਸਿੰਘ ਗਰੇਵਾਲ ਨੂੰ 18 ਮਹੀਨੇ ਦੀ ਸਖਤ ਕੈਦ ਅਤੇ ਪ੍ਰੀਤਮ ਸਿੰਘ ਗਰੇਵਾਲ ਨੂੰ 14 ਮਹੀਨੇ ਦੀ ਸਖਤ ਕੈਦ ਦੀ ਸਜ਼ਾ ਦਿੱਤੀ ਗਈ। ਸਜ਼ਾਵਾਂ 14 ਜਨਵਰੀ 1985 ਨੂੰ ਹੋਈਆਂ।

ਇੰਡੀਆ ਗਏ ਭਰਾ ਦਾ ਚੈਕ ਕੈਸ਼ ਕਰਵਾਉਂਦਾ ਗ੍ਰਿਫਤਾਰ

ਟਰੰਟੋ - ਵੈਸਟਨ ਗੁਰਦੁਆਰਾ ਕਮੇਟੀ ਦੀ ਐਗਜ਼ੈਕਟਿਵ ਦਾ ਮੈਂਬਰ ਗਿਆਨ ਸਿੰਘ ਲੰਗੇਰੀ ਨੂੰ ਇੱਕ ਮਹੀਨੇ ਦੀ ਜੇਲ੍ਹ ਦੀ ਸਜ਼ਾ ਹੋਈ। ਇਹ ਆਪਣੇ ਭਰਾ ਜੋ ਇੰਡੀਆ ਗਿਆ ਸੀ ਦਾ ਬੇਰੁਜ਼ਗਾਰੀ ਭੱਤੇ ਦਾ ਚੈਕ ਧੋਖੇ ਨਾਲ ਕੈਸ਼ ਕਰਵਾਉਂਦਾ ਫੜਿਆ ਗਿਆ।

ਕ

ਪੰਜਾਬ ਦਰਪਣ

ਇਕ ਪਾਸੇ ਸਿੱਖਾਂ ਨਾਲ ਸਮਝੌਤੇ ਦੀਆਂ ਗੱਲਾਂ ਦੂਜੇ ਪਾਸੇ ਫੜੋ ਫੜੀ ਜਾਰੀ

ਪਟਿਆਲਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਸ. ਹਰਵਿੰਦਰ ਸਿੰਘ ਖਾਲਸਾ, ਜਿਹਨਾਂ ਨੂੰ ਟੁੱਟੀ ਲੱਤ ਵਿਚ ਜ਼ਹਿਰ ਫੈਲ ਜਾਣ ਕਾਰਨ ਸੈਂਟਰ ਜੇਲ੍ਹ ਵਿਚੋਂ ਲਿਆ ਕੇ ਇਥੋਂ ਦੇ ਰਾਜਿੰਦਰਾ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਨੇ ਇਕ ਭੇਂਟ ਵਿਚ ਆਖਿਆ ਹੈ ਕਿ ਇਹ ਕਿਤਨੀ ਦੁੱਖ ਦੀ ਗੱਲ ਹੈ ਕਿ ਇਕ ਪਾਸੇ ਤਾਂ ਕੇਂਦਰੀ ਸਰਕਾਰ ਪੰਜਾਬ ਦੇ ਸਿਆਸੀ ਮਸਲੇ ਨੂੰ ਹੱਲ ਕਰਨ ਲਈ ਸੁਖਾਵਾਂ ਮਾਹੌਲ ਪੈਦਾ ਕਰਨ ਦੀਆਂ ਗੱਲਾਂ ਕਰਦੀ ਹੈ ਪਰ ਦੂਜੇ ਪਾਸੇ ਸਿੱਖ ਨੌਜਵਾਨਾਂ ਨੂੰ ਝੂਠੇ ਮੁਕੱਦਮਿਆਂ 'ਚ ਫਸਾਣ ਅਤੇ ਪੁਲੀਸ ਮੁਕਾਬਲੇ ਦੱਸ ਕੇ ਕੀਮਤੀ ਜਾਨਾਂ ਖਤਮ ਕੀਤੇ ਜਾਣ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਉਹਨਾਂ ਆਖਿਆ ਕਿ ਇਹ ਗੱਲ ਕਿੰਨੀ ਵਧੀਕੀ ਵਾਲੀ ਹੈ ਕਿ ਜਿਹਨਾਂ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਸਰਕਾਰ ਦਾ ਆਪਣਾ ਸਲਾਹਕਾਰ ਬੋਰਡ ਪੂਰੀ ਛਾਣ ਬੀਣ ਕਰਨ ਉਪਰੰਤ ਬੇਗੁਨਾਹ ਕਰਾਰ ਦਿੰਦੇ ਹੋਏ ਛੱਡਦਾ ਹੈ, ਪੰਜਾਬ ਸਰਕਾਰ ਮੁੜ ਉਹਨਾਂ ਤੇ ਐਨ. ਐਸ. ਏ. ਲਾਗੂ ਕਰਕੇ ਜੇਲ੍ਹਾਂ ਵਿਚ ਡੱਕ ਦਿੰਦੀ ਹੈ। ਇਸ ਸਬੰਧ ਵਿਚ ਉਹਨਾਂ ਨੇ ਮੁੜ ਕੇ ਫੜੇ ਗਏ ਇਕਬਾਲ ਸਿੰਘ, ਪਰਮਜੀਤ ਸਿੰਘ ਮੋਗਾ, ਜੁਗਰਾਜ ਸਿੰਘ ਸਮਾਲਸਰ, ਦਰਸ਼ਨ ਸਿੰਘ ਧੂਲ ਕਲਾਂ ਆਦਿ ਦੇ ਸੰਗਰੂਰ ਜੇਲ੍ਹ ਵਿਚ ਅਤੇ ਕਈ ਹੋਰ ਸਿੱਖ ਨੌਜਵਾਨਾਂ(ਜਿਹੜੇ ਕਿ ਰੋਪੜ ਤੇ ਪਟਿਆਲਾ ਜ਼ਿਲੇ ਨਾਲ ਸਬੰਧਤ ਹਨ) ਨੂੰ ਜੇਲ੍ਹਾਂ ਵਿਚ ਨਜ਼ਰਬੰਦ ਕੀਤੇ ਜਾਣ ਦਾ ਹਵਾਲਾ ਦਿੱਤਾ ਹੈ। ਸ. ਹਰਵਿੰਦਰ ਸਿੰਘ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜੇ ਉਹ ਸੱਚਮੁੱਚ ਹੀ ਪੰਜਾਬ ਦੇ ਸਿਆਸੀ ਮਸਲੇ ਦਾ ਹੱਲ ਚਾਹੁੰਦੀ ਹੈ ਅਤੇ ਸ਼ਾਂਤੀ ਪੈਦਾ ਕਰਨ ਦੀ ਇਛੁੱਕ ਹੈ ਤਾਂ ਉਹ ਝੂਠੇ ਮੁਕੱਦਮੇ ਬਣਾ ਕੇ ਫੜੋ ਫੜੀ ਦਾ ਸਿਲਸਿਲਾ ਛੱਡੇ, ਦੰਗਾਂ ਪੀੜਤਾਂ ਨੂੰ ਯੋਗ ਮੁਆਵਜ਼ਾ ਦੇ ਕੇ ਉਹਨਾਂ ਦੇ ਵਸੇਬੇ ਲਈ ਅਮਲੀ ਕਦਮ ਪੁੱਟੇ।

ਹੈਰੋਇਨ ਅਤੇ ਹੀਰੇ ਫੜੇ ਗਏ

ਦਿੱਲੀ - 8 ਲੱਖ ਰੁਪਏ ਦੀ ਕੀਮਤ ਦੀ ਹੈਰੋਇਨ ਦਿੱਲੀ ਦੀ ਪੁਲੀਸ ਨੇ ਦੋ ਪਾਕਿਸਤਾਨੀਆਂ ਅਤੇ ਇੱਕ ਭਾਰਤੀ ਕੋਲੋਂ ਫੜੇ ਜਾਣ ਦੀ ਸੂਚਨਾ ਦਿੱਤੀ ਹੈ। ਕਰਾਚੀ ਦਾ 40 ਸਾਲਾ ਦਾ ਸ਼ਗੀਲ ਮਲਿਕ 28 ਸਾਲਾਂ ਦਾ ਲਾਹੌਰ ਦਾ ਵਾਸੀ ਰਿਆਜ਼ੁਦੀਨ ਅਤੇ 35 ਸਾਲਾਂ ਦੇ ਫਾਜ਼ਿਲਕਾ ਦੇ ਰਹਿਣ ਵਾਲੇ ਸੁਰਜੀਤ ਸਿੰਘ ਪਾਸੋਂ 9 ਕਿਲੋਗਰਾਮ ਹੈਰੋਇਨ ਫੜੀ ਗਈ ਅਤੇ ਉਹਨਾਂ ਨੂੰ ਖਤਰਨਾਕ ਡਰੱਗਜ਼ ਐਕਟ ਅਧੀਨ ਗ੍ਰਿਫਤਾਰ ਕਰ ਲਿਆ ਗਿਆ ਹੈ।

ਸੁਰਜੀਤ ਸਿੰਘ ਜੋ ਕਿ ਹੈਰੋਇਨ ਲਿਆਉਣ ਦਾ ਜ਼ਿੰਮੇਵਾਰ ਸੀ, ਨੂੰ ਕਸ਼ਮੀਰੀ ਗੇਟ ਦੇ ਬੱਸੀ ਸਟੈਂਡ ਤੋਂ ਫੜਿਆ ਗਿਆ। ਉਹਦੇ ਕੋਲ ਇੱਕ ਇੱਕ ਕਿਲੋਗਰਾਮ ਹੈਰੋਇਨ ਦੇ ਅੱਠ ਬੈਗ ਸਨ। ਦੂਜੇ ਦੋ ਦੋਸ਼ੀਆਂ ਦੇ ਨਾਂ ਲਿਖਿਆ ਖੱਤ ਵੀ ਉਹਦੇ ਕੋਲੋਂ ਫੜਿਆ ਗਿਆ।

ਪੁੱਛਗਿੱਛ ਸਮੇਂ ਸੁਰਜੀਤ ਸਿੰਘ ਨੇ ਮੰਨਿਆ ਕਿ ਇਹ ਹੈਰੋਇਨ ਇੱਕ ਪਾਕਿਸਤਾਨੀ ਨੇ ਉਹਦੇ ਪਿੰਡ ਪਹੁੰਚਾਈ ਸੀ ਅਤੇ ਆਖਿਆ ਸੀ ਕਿ ਦਿੱਲੀ ਮੈਂ ਇਸ ਨੂੰ ਸ਼ਗੀਨ ਮਲਿਕ ਅਤੇ ਰਿਆਜ਼ੁਦੀਨ ਨੂੰ ਦੇ ਦੇਵਾਂ। ਉਹਨੂੰ ਇਹ ਕੰਮ ਕਰਨ ਲਈ ਇੱਕ ਬੈਗ ਪਿੱਛੇ 500 ਰੁਪਏ ਮਿਲਣੇ ਸਨ। ਉਹ ਪਹਿਲਾਂ ਵੀ ਇਹ ਕੰਮ ਕਰਦਾ ਰਿਹਾ ਹੈ। ਦੋਵੇਂ ਪਾਕਿਸਤਾਨੀ 26 ਦਸੰਬਰ ਨੂੰ ਦਿੱਲੀ ਆਏ ਸਨ।

ਇੱਕ ਹੋਰ ਕੇਸ ਵਿੱਚ ਦਿੱਲੀ ਦੇ ਪਾਲਮ ਹਵਾਈ ਅੱਡੇ ਦੇ ਕਸਟਮ ਅਧਿਕਾਰੀਆਂ ਲੇ ਦੋ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਦੋਵੇਂ ਥਾਈਂ ਹਵਾਈ ਜਹਾਜ਼ ਰਾਹੀਂ ਦਿੱਲੀ ਪੁੱਜੇ ਸਨ।

ਵਿਨੋਦ ਕੁਮਾਰ ਗੁਪਤਾ ਹਾਂਗਕਾਂਗ ਤੋਂ ਆਇਆ ਸੀ ਅਤੇ ਉਹਦੇ ਕੋਲੋਂ 54000 ਰੁਪਏ ਦੇ ਹੀਰੇ ਮੋਤੀ ਫੜੇ ਗਏ। ਅਵਤਾਰ ਸਿੰਘ ਸਿੰਘਾਪੁਰ ਤੋਂ ਇਸੇ ਹੀ ਜਹਾਜ਼ ਵਿੱਚ ਆਇਆ ਸੀ। ਉਹ ਉਦੋਂ ਰੈਡ ਲਾਈਟਸ ਵਿੱਚੋਂ ਦੀ ਲੰਘਣ ਲੱਗਿਆ ਤਾਂ ਉਹਨੇ ਵੀਡੀਓ ਤੇ ਕਸਟਮ ਦੇਣ ਲਈ ਆਖਿਆ। ਪਰ ਮਗਰੋਂ ਉਹਦੇ ਪਾਸੋਂ 110 ਕੈਲਕੂਲੇਟਰਜ਼, 200 ਵੀਡੀਓ ਗੇਮਜ਼ ਅਤੇ 500 ਮੀਟਰ ਕੱਪੜਾ ਫੜਿਆ ਗਿਆ। ਇਸ ਸਾਰੇ ਸਾਮਾਨ ਦੀ ਕੁੱਲ ਕੀਮਤ ਕੋਈ 50000 ਰੁਪਏ ਬਣਦੀ ਹੈ।

ਰਾਜੀਵ ਗਾਂਧੀ ਅਤੇ ਪ੍ਰਧਾਨ ਜ਼ਿਆ ਵਿਚਕਾਰ ਹਾਟ ਲਾਈਨ ਸਥਾਪਤ

ਦਿੱਲੀ — ਭਾਰਤੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਪਾਕਿਸਤਾਨ ਦੇ ਪ੍ਰਧਾਨ ਜ਼ਿਆ ਵਿਚਕਾਰ ਟੈਲੀਫੋਨ ਦੀ ਹਾਟ ਲਾਈਨ ਸਥਾਪਤ ਕਰ ਦਿਤੀ ਗਈ ਹੈ। ਇਸ ਟੈਲੀਫੋਨ ਹਾਟ ਲਾਈਨ ਦੀ ਸਥਾਪਨਾ ਨਾਲ ਦੋਵੇਂ ਲੀਡਰ ਜਦੋਂ ਚਾਹੁਣ ਆਪਸ ਵਿਚ ਗੱਲਬਾਤ ਕਰ ਸਕਣਗੇ। ਸ੍ਰੀ ਰਾਜੀਵ ਨੇ ਟਾਈਮਜ਼ ਮੈਗਜ਼ੀਨ ਨੂੰ ਦਿੱਤੀ ਆਪਣੀ ਇਕ ਭੇਂਟ ਵਿਚ ਆਖਿਆ ਹੈ ਕਿ ਪਾਕਿਸਤਾਨ ਨਾਲ ਕਈ ਸਾਲਾਂ ਤੋਂ ਚੁਰੀ ਆ ਰਹੀ ਨਾਚਾਕੀ ਖਤਮ ਕਰਕੇ ਚੰਗੇ ਗਵਾਂਢੀਆਂ ਵਾਲੇ ਸਬੰਧ ਪੈਦਾ ਕਰਨਾ ਚਾਹੁੰਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਪਾਕਿਸਤਾਨ ਦਾ ਅਮਰੀਕਾ ਅਤੇ ਦੂਜੇ ਦੇਸ਼ਾਂ ਤੋਂ ਲੈ ਕੇ ਹਥਿਆਰ ਇਕੱਠੇ ਕਰਨ ਦਾ ਅਮਲ ਭਾਵੇਂ ਭਾਰਤ ਲਈ ਖਤਰਨਾਕ ਹੈ ਪਰ ਫਿਰ ਭੀ ਆਪਸੀ ਗੱਲਬਾਤ ਰਾਹੀਂ ਇਹ ਖਤਰਾ ਟਾਲਿਆ ਜਾ ਸਕਦਾ ਹੈ।

"ਮੈਂ ਅਜੇ ਮਰਿਆ ਨਹੀਂ"

ਲੁਧਿਆਣਾ — 'ਮ੍ਰਿਤਕ ਬੰਦੇ' ਨੇ ਕਲ ਜਗਰਾਉਂ ਦੇ ਸਬ ਜੱਜ ਸੁਰਜੀਤ ਸਿੰਘ ਦੀ ਅਦਾਲਤ ਵਿਚ ਸਨਸਨੀ ਫੈਲਾ ਦਿਤੀ ਜਦੋਂ ਉਹ ਆਪਣੇ ਵਕੀਲ ਤੇ ਪੰਚਾਇਤ ਦੇ ਮੈਂਬਰਾਂ ਨਾਲ ਪੇਸ਼ ਹੋਇਆ।

48 ਸਾਲਾ ਨੰਦ ਸਿੰਘ ਨੂੰ 11 ਅਗਸਤ 1982 ਵਿਚ ਇਕ ਰੇਲ ਹਾਦਸੇ ਵਿਚ ਮਰਿਆ ਕਰਾਰ ਦੇ ਦਿਤਾ ਗਿਆ ਸੀ। ਉਹਦੇ ਵਕੀਲ ਕ੍ਰਿਸ਼ਨ ਭੰਡਾਰੀ ਨੇ 4 ਅਪ੍ਰੈਲ ਨੂੰ ਸੁਣਵਾਈ ਸਮੇਂ ਅਦਾਲਤ ਨੂੰ ਦਸਿਆ ਸੀ ਕਿ ਮੋਰ ਕਰੀਮਾਂ ਦਾ ਨੰਦ ਸਿੰਘ ਜਿਉਂਦਾ ਹੈ। ਉਸਦੀ ਪਤਨੀ ਨੇ ਅਦਾਲਤ ਵਿਚ ਕੇਸ ਕੀਤਾ ਹੋਇਆ ਹੈ ਕਿ ਉਸਦਾ ਪਤੀ ਜਿਉਂਦਾ ਹੈ ਅਤੇ ਉਸਨੂੰ ਉਸਦੇ ਭਰਾ ਤੋਂ ਜ਼ਮੀਨ ਦਾ ਹਿੱਸਾ ਦਵਾਇਆ ਜਾਏ।

ਨੰਦ ਸਿੰਘ ਨੇ ਅਦਾਲਤ ਅੱਗੇ ਮੰਨਿਆ ਕਿ ਉਸਦੇ ਆਪਣੀ ਪਤਨੀ ਨਾਲ ਸਬੰਧ ਖਿਚਾਅ ਭਰੇ ਹਨ।

ਸਿੱਖਾਂ ਨੂੰ ਮੁਖ ਮੰਤਰੀ ਵਲੋਂ ਪਰਤ ਆਉਣ ਦੀ ਅਪੀਲ

ਚੰਡੀਗੜ੍ਹ — ਬਿਹਾਰ ਦੇ ਮੁਖ ਮੰਤਰੀ ਸ੍ਰੀ ਚੰਦਰ ਸ਼ੇਖਰ ਨੇ ਰਾਜ ਤੋਂ ਉਜੜ ਕੇ ਪੰਜਾਬ ਚਲੇ ਗਏ ਸਿੱਖਾਂ ਨੂੰ ਪਰਤ ਆਉਣ ਦੀ ਅਪੀਲ ਕੀਤੀ ਹੈ। ਉਹਨਾਂ ਆਖਿਆ ਕਿ ਰਾਜ ਸਰਕਾਰ ਨੂੰ ਸੂਚਨਾ ਮਿਲੀ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਵਲੋਂ ਸਿੱਖਾਂ ਤੇ ਮੁੜ ਜ਼ੁਲਮ ਕਰਨ ਦੀਆਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਅਤੇ ਇਹਦੇ ਸਿੱਟੇ ਵਜੋਂ ਡਰਦੇ ਹੋਏ ਸਿੱਖ ਵਾਪਸ ਆਪਣੇ ਘਰੀਂ ਪਰਤ ਨਹੀਂ ਰਹੇ। ਇਸ ਡਰ ਅਧੀਨ ਕਈ ਸਿੱਖ ਪਰਿਵਾਰਾਂ ਨੇ ਬਿਹਾਰ ਵਿਚੋਂ ਆਪਣੀਆਂ ਜਾਇਦਾਦਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹਨਾਂ ਰੀਪੋਰਟਾਂ ਕਾਰਨ ਬਿਹਾਰ ਸਰਕਾਰ ਨੂੰ ਬੜਾ ਦੁੱਖ ਹੋਇਆ ਹੈ।

ਮੁਖ ਮੰਤਰੀ ਨੇ ਆਖਿਆ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਸਿੱਖਾਂ ਦੀ ਪੂਰੀ ਸੁਰੱਖਿਆ ਦਾ ਪਹਿਲਾਂ ਹੀ ਭਰੋਸਾ ਦਵਾਇਆ ਹੈ ਪਰ ਬਿਹਾਰ ਦੀ ਸਰਕਾਰ ਵਲੋਂ ਵੀ ਇਹ ਭਰੋਸਾ ਦੁਹਰਾਇਆ ਜਾਂਦਾ ਹੈ। ਮੁਖ ਮੰਤਰੀ ਨੇ ਦੱਸਿਆ ਕਿ ਜਾਨ ਮਾਲ ਅਤੇ ਇੱਜ਼ਤ ਦੀ ਪੂਰੀ ਰਾਖੀ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਹਨਾਂ ਇਹ ਵੀ ਆਖਿਆ ਕਿ ਸ੍ਰੀਮਤੀ ਗਾਂਧੀ ਦੇ ਕਤਲ ਮਗਰੋਂ ਹੋਈਆਂ ਘਟਨਾਵਾਂ ਨੂੰ ਕਦੀ ਵੀ ਦੁਹਰਾਉਣ ਨਹੀਂ ਦਿੱਤਾ ਜਾਵੇਗਾ। ਚੰਦਰ ਸ਼ੇਖਰ ਨੇ ਕਿਹਾ ਕਿ ਸਿੱਖਾਂ ਦੇ ਮੁੜ ਵਸੇਬੇ ਨੂੰ ਤੇਜ਼ ਅਤੇ ਸਫਲ ਬਨਾਉਣ ਲਈ ਰਾਜ ਸਰਕਾਰ ਨੇ ਇਕ ਮੰਤਰੀ ਦੀ ਦੇਖ ਰੇਖ ਹੇਠ ਇਕ ਕਮੇਟੀ ਵੀ ਬਣਾਈ ਹੈ ਜਿਸ ਵਿਚ ਸਰਕਾਰ ਅਤੇ ਸਿੱਖ ਬਰਾਦਰੀ ਦੇ ਪ੍ਰਤੀਨਿਧ ਸ਼ਾਮਲ ਹੋਣਗੇ। ਜ਼ਿਲਾ ਅਧਿਕਾਰੀਆਂ ਨੂੰ ਵੀ ਜ਼ਿਲਾ ਪੱਧਰ ਤੇ ਅਜਿਹੀਆਂ ਕਮੇਟੀਆਂ ਬਣਾਉਣ ਲਈ ਆਦੇਸ਼ ਜਾਰੀ ਕਰ ਦਿਤੇ ਗਏ ਹਨ।

ਅਤਿਵਾਦ ਤੇ ਵੱਖਵਾਦ ਦਾ ਮੁਕਾਬਲਾ ਕਰਨ ਦਾ ਸੰਕਲਪ ਦ੍ਰਿੜ

ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਭਾਰਤ ਵਲੋਂ ਵੱਖਵਾਦੀ ਤੇ ਦੇਸ਼ ਨੂੰ ਖੇਰੂੰ ਖੇਰੂੰ ਕਰਨ ਵਾਲੀਆਂ ਤਾਕਤਾਂ ਪ੍ਰਤੀ ਪਹਿਲਾਂ ਹੀ ਕੀਤੇ ਦ੍ਰਿੜ ਇਰਾਦੇ ਨੂੰ ਫਿਰ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਉਂ ਕਰਨਾ ਦੇਸ਼ ਦੀ ਤਾਕਤ ਅਤੇ ਤਰੱਕੀ ਲਈ ਜ਼ਰੂਰੀ ਹੈ। ਉਹ ਭੂਟਾਨ ਦੇ ਰਾਜੇ ਦੇ ਸਵਾਗਤੀ ਖਾਣੇ ਉਪਰ ਬੋਲ ਰਹੇ ਸਨ ਜੋ ਕਿ ਨਵੀਂ ਦਿੱਲੀ ਦੇ ਦੌਰ ਤੇ ਆਇਆ ਹੋਇਆ ਸੀ। ਰਾਸ਼ਟਰਪਤੀ ਨੇ ਕਿਹਾ ਕਿ ਸਾਡਾ ਖੇਤਰ ਦੱਖਣੀ ਏਸ਼ੀਆ ਵਿਚ ਮੁਸ਼ਕਲਾਂ ਭਰੇ ਸਮੇਂ ਵਿਚੋਂ ਗੁਜ਼ਰ ਰਿਹਾ ਹੈ ਅਤੇ ਭੂਟਾਨ ਨਾਲ ਭਾਰਤ ਦੇ ਵਰਤਮਾਨ ਅੰਤਰਰਾਸ਼ਟਰੀ ਅਤੇ ਖੇਤਰੀ ਪੱਧਰ ਦੇ ਸਵਾਲਾਂ ਬਾਰੇ ਵਿਚਾਰ, ਤਾਲਮੇਲ ਤੇ ਸਹਿਹੋਂਦ ਨਾਲ ਰਾਇ ਕਰਕੇ ਹੱਲ ਹੋ ਸਕਦਾ ਹੈ। ਇਹੀ ਮਸਲੇ ਦੋਵਾਂ ਦੇਸ਼ਾਂ ਨੂੰ ਮਿਲਵਰਤਣ ਨਾਲ ਰਾਇ-ਮਸ਼ਵਰਾ ਕਰਨ ਦੇ ਯੋਗ ਬਣਾਂਦੇ ਹਨ। ਪੁਰਾਣੇ ਇਤਿਹਾਸਕ ਕਾਲ ਤੋਂ ਸਾਂਝੇ ਵਿਰਸੇ ਅਤੇ ਨੇੜਲੇ ਸਬੰਧਾਂ ਨੂੰ ਯਾਦ ਕਰਾਂਦਿਆਂ ਜ਼ੈਲ ਸਿੰਘ ਨੇ ਕਿਹਾ ਕਿ ਰਾਜੇ ਦਾ ਦੌਰਾ ਦੋਵਾਂ ਧਿਰਾਂ ਨੂੰ ਆਪਸੀ ਤੇ ਅੰਤਰਰਾਸ਼ਟਰੀ ਮਸਲਿਆਂ ਬਾਰੇ ਰਾਇ ਦੇ ਵਿਚਾਰ ਵਟਾਂਦਰੇ ਦਾ ਅਵਸਰ ਪ੍ਰਦਾਨ ਕਰੇਗਾ।

ਉਤਰ ਵਿਚ ਭੂਟਾਨ ਦੇ ਰਾਜੇ ਨੇ ਭਾਰਤ ਅਤੇ ਉਸਦੇ ਮੁਲਕ ਦੇ ਆਪਸੀ ਸਬੰਧਤ ਹਿੱਤਾਂ ਦੇ ਆਪਸੀ ਵਿਸ਼ਵਾਸ਼ ਅਤੇ ਪੂਰਨ ਸਮਝ ਉਪਰ ਸੰਤੁਸ਼ਟਤਾ ਜ਼ਾਹਿਰ ਕੀਤੀ। ਉਹਨਾਂ ਨੇ ਅਗੋਂ ਕਿਹਾ ਦੋਵਾਂ ਦੇਸ਼ਾਂ ਦੀ ਸਭ ਖੇਤਰਾਂ ਵਿਚ ਸਾਂਝ ਹੋਰ ਵਧ ਰਹੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਨੇੜਿਉਂ ਕੰਮ ਕਰਨ ਦੀ ਅਤੇ ਸਬੰਧ ਮਜ਼ਬੂਤ ਕਰਨ ਦੀ ਚੇਸ਼ਟਾ ਕੀਤੀ। ਇੰਦਰਾ ਨੂੰ ਜੋਸ਼ੀਲੀ ਸ਼ਰਧਾਂਜਲੀ ਭੇਟ ਕਰਦੇ ਹੋਏ ਰਾਜੇ ਨੇ ਕਿਹਾ ਉਸਦੇ ਦੂਰ-ਦ੍ਰਿਸ਼ਟ ਅਤੇ ਸ਼ਕਤੀਸ਼ਾਲੀ ਵਿਅਕਤੀਤਵ ਕਰਕੇ ਭਾਰਤ-ਭੂਟਾਨ ਸਬੰਧਾਂ ਨੇ ਨਵੀਂਆਂ ਸਿਖਰਾਂ ਛੋਹੀਆਂ ਅਤੇ ਚੋਟੀਆਂ ਤੇ ਪਹੁੰਚ ਗਏ। ਭੂਟਾਨ ਦੇ ਰਾਜੇ ਨੇ ਕਿਹਾ ਕਿ ਸਵਰਗਵਾਸੀ ਨਹਿਰੂ ਦੇ ਸਮੇਂ ਤੋਂ ਹੀ ਭਾਰਤ ਦੇ ਕਿਰਪਾਲੂ ਤਕਨੀਕੀ ਅਤੇ ਵਿਰਤਕ ਸਹਾਇਤਾ ਦਾ ਸ਼ੁਰੂਆਤ ਹੋਇਆ ਜਦੋਂ ਕਿ ਉਨ੍ਹਾਂ ਨੇ 1958 ਵਿਚ ਭੂਟਾਨ ਦਾ ਦੌਰਾ ਕੀਤਾ ਸੀ।

ਅੱਜ ਹੀ ਚੰਦਾ ਭੇਜ ਕੇ "ਕੈਨੇਡਾ ਦਰਪਣ" ਦੇ ਮੈਂਬਰ ਬਣੋ

PARVEEN

ACCOUNTING SERVICES

ਹਰ ਤਰ੍ਹਾਂ ਦੇ ਵਿਉਪਾਰ ਜਾਂ ਅਕਾਉਂਟਿੰਗ ਲਈ, ਹਰ ਤਰ੍ਹਾਂ ਦੇ ਹਿਸਾਬ ਕਿਤਾਬ ਰੱਖਣ ਲਈ (Book-keeping) ਤੇ ਇਨਕਮ ਟੈਕਸ ਦੇ ਫਾਰਮ ਭਰਵਾਉਣ ਲਈ ਯਾਦ ਰੱਖੋ।

Parveen Adrakar

ਬੇਸਿਕ ਚਾਰਜ $10.00
ਘੱਟ ਕੀਮਤ ਤੇ ਵਧੀਆ ਕੰਮ
324-1191
7277 Fraser St., [57th Ave.] Vancouver,

FLEXIBLE PREMIUM LIFE INSURANCE TAILOR-MADE

To your needs which you can afford.

INSURANCE FOR

- Personal
- Children
- Mortgage
- Business
- RRSP
- Group Insuranc & Annuities

CONTACT
NORTH AMERICAN LIFE
ASSURANCE CO.
1150 - 1176 W. Georgia Street
Vancouver, B.C. V6E 4A2
PH: (604) 689-8831

TOGETHER WE ARE STRONGER
NORTH AMERICAN LIFE

RAVI MATHUR
Life Underwriter
PH: 525-5587

T. RAJ KAPAHI C.L.U.
Sales Manager

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: **(Hon.) DARSHAN GILL**
Advertising: **BHAV KHANDAN SINGH**
Circulation: **SATINDER SIDHU**
Art: **N. DHALIWAL**
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਕੁਕਰਮ ਤੇ ਪਰਦੇ

ਪੱਤਰਕਾਰੀ ਇਕ ਅਜਿਹਾ ਸ਼ੀਸ਼ਾ ਹੈ ਜਿਸ ਵਿਚੋਂ ਪੱਤਰਕਾਰ ਦੀ ਸਖਸ਼ੀਅਤ ਆਪਣੇ ਆਪ ਉਭਰ ਪੈਂਦੀ ਹੈ। ਇਸ ਲਈ ਕਿਸੇ ਵੀ ਪੱਤਰਕਾਰ ਨੂੰ ਇਸ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਕਿ ਜੋ ਗੱਲ ਉਹ ਕਹਿ ਰਿਹਾ ਹੈ, ਉਸਨੂੰ ਪਾਠਕ ਉਸੇ ਤਰ੍ਹਾਂ ਕਬੂਲ ਕਰ ਲੈਣਗੇ। ਅਜੋਕੀ ਪੱਤਰਕਾਰੀ ਇਹ ਵੀ ਮੰਗ ਕਰਦੀ ਹੈ ਕਿ ਪੱਤਰਕਾਰੀ ਤੱਥਾਂ ਤੇ ਆਧਾਰਤ ਹੋਵੇ। ਕੁਝ ਪੱਤਰਕਾਰ ਇਸ ਭੁਲੇਖੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਕਿ ਜੋ ਕੁਝ ਉਹ ਕਹਿ ਰਹੇ ਹਨ, ਲੋਕ ਉਸੇ ਨੂੰ ਸੱਚ ਮੰਨ ਲੈਣਗੇ। ਲੋਕਾਂ ਦੀ ਨਜ਼ਰ ਪੱਤਰਕਾਰ ਨਾਲੋਂ ਕਿਤੇ ਵੱਧ ਪਰਖ ਵਾਲੀ ਹੁੰਦੀ ਹੈ।

ਪਿਛਲੇ ਦਹਾਕੇ ਦੀ ਪੱਤਰਕਾਰੀ ਉਤੇ ਝਾਤ ਮਾਰਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਕੁਝ ਲੋਕਾਂ ਨੇ ਪੱਤਰਕਾਰੀ ਨੂੰ ਸਿਆਸੀ, ਸਮਾਜਕ ਜਾਂ ਆਰਥਿਕ ਆਧਾਰਾਂ ਉਤੇ ਮਿੱਥਣ ਦੀ ਥਾਂ ਇਸ ਨੂੰ ਏਨਾ ਜ਼ਾਤੀ ਪੱਧਰ ਤੇ ਲੈ ਆਂਦਾ ਹੈ ਕਿ ਉਹ ਆਪਣੇ ਕੁਕਰਮਾਂ ਉਤੇ ਪਰਦਾ ਪਾਉਣ ਲਈ ਇਕ ਨਹੀਂ, ਹਜ਼ਾਰਾਂ ਝੂਠਾਂ ਦਾ ਆਸਰਾ ਲੈਂਦੇ ਹਨ। ਪੰਜਾਬੀ ਪੱਤਰਕਾਰੀ ਰਾਜਨੀਤਕ, ਸਮਾਜਕ ਜਾਂ ਆਰਥਿਕ ਨੀਂਹਾਂ ਤੇ ਖੜ੍ਹੇ ਹੋਣ ਦੀ ਥਾਂ ਏਨੀ ਉਲਾਰ ਹੋ ਗਈ ਹੈ ਕਿ ਸਰਾਸਰ ਝੂਠ ਦਾ ਆਸਰਾ ਲੈ ਕੇ ਇਲਜ਼ਾਮਬਾਜ਼ੀ ਕੀਤੀ ਜਾਂਦੀ ਹੈ। ਰਾਜਸੀ ਪੈਂਤੜਿਆਂ ਦੀ ਥਾਂ ਸਖਸ਼ੀਅਤਾਂ ਪ੍ਰਧਾਨ ਹੋ ਗਈਆਂ ਹਨ। ਰਾਜਸੀ ਵਿਰੋਧੀਆਂ ਨੂੰ ਗ਼ਦਾਰੀ ਦਾ ਤਗਮਾ ਬਿਨਾਂ ਸੋਚੇ ਸਮਝੇ ਦੇ ਦਿਤਾ ਜਾਂਦਾ ਹੈ। ਧਾਰਮਿਕ ਅਤੇ ਸਮਾਜਕ ਸੰਸਥਾਵਾਂ ਉਪਰ ਧੜਿਆਂ ਦੀ ਜਕੜ ਏਨੀ ਪਰਬਲ ਹੋ ਰਹੀ ਹੈ ਕਿ ਆਪਣੇ ਧੜੇ ਨੂੰ ਹਰ ਢੰਗ ਨਾਲ ਸਹੀ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਦੂਜੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਕੌਮ ਦੇ ਦੁਸ਼ਮਣ ਗਰਦਾਨਿਆਂ ਜਾਂਦਾ ਹੈ। ਇਹ ਧੜੇ ਪੱਤਰਕਾਰੀ ਦੇ ਰਾਹਾਂ ਵਿਚ ਵੀ ਰੋੜਾ ਅਟਕਾਉਣਾ ਆਪਣਾ ਫਰਜ਼ ਸਮਝਦੇ ਹਨ ਅਤੇ ਹਰ ਜ਼ਾਇਜ਼ ਜਾਂ ਨਜ਼ਾਇਜ਼ ਢੰਗ ਵਰਤਕੇ ਪੱਤਰਕਾਰੀ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤੇ ਪੰਜਾਬੀ ਦੇ ਸਾਡੇ ਪੱਤਰਕਾਰ ਇਹ ਸਮਝਣ ਤੋਂ ਅਸਮਰਥ ਰਹਿੰਦੇ ਹਨ ਕਿ ਪੱਤਰਕਾਰੀ ਦੀ ਇਤਿਹਾਸਕ ਮਹੱਤਤਾ ਮਨੁੱਖਤਾ ਦੇ ਪਹਿਲੂ ਤੋਂ ਹੋਣੀ ਹੈ ਨਾ ਕਿ ਧੜਿਆਂ ਦੀ ਚਮਚਾਗਿਰੀ ਕਰਕੇ।

ਹੁਣ ਤੇ ਨੌਬਤ ਏਥੇ ਤੱਕ ਆ ਰਹੀ ਹੈ ਕਿ ਆਪਣੀ 'ਪੱਤਰਕਾਰੀ' ਦੀ ਧਾਂਕ ਦਰਸਾਉਣ ਲਈ ਝੂਠ ਅਤੇ ਕਪਟ ਦਾ ਆਸਰਾ ਲੈ ਕੇ ਬੇਬੁਨਿਆਦ ਦੋਸ਼ ਦੂਜੇ ਪੱਤਰਕਾਰਾਂ ਤੇ ਮੜ੍ਹੇ ਜਾ ਰਹੇ ਹਨ। ਜਦ ਇਨ੍ਹਾਂ ਦੋਸ਼ਾਂ ਦੀ ਪੜਤਾਲ ਹੁੰਦੀ ਹੈ ਤਾਂ ਅਜਿਹੇ ਪੱਤਰਕਾਰ ਕਚਹਿਰੀਆਂ ਵਿਚ ਸ਼ਰਮਸਾਰ ਹੁੰਦੇ ਹਨ - ਫਿਰ ਪੰਜੀ ਦਸੀ ਲੋਕਾਂ ਤੋਂ ਮੰਗਣ ਤੱਕ ਦੀ ਨੌਬਤ ਆਉਂਦੀ ਹੈ। ਤੇ ਸਾਡੇ ਪੰਜਾਬੀ ਲੋਕ ਏਨੇ ਦਰਿਆ ਦਿਲ ਹਨ ਕਿ ਉਨ੍ਹਾਂ ਲੋਕਾਂ ਨੂੰ ਇਹ ਵੀ ਨਹੀਂ ਪੁੱਛਦੇ ਕਿ ਹੁਣ ਪੰਜੀਆਂ ਦਸੀਆਂ ਮੰਗਦੇ ਹੋ - ਪਹਿਲਾਂ ਹੀ ਝੂਠ ਲਿਖਣ ਤੋਂ ਦਰੇਗ ਕਰ ਲਵੋ। ਬੇਸ਼ਰਮੀ ਦੀ ਹਾਲਤ ਇਥੋਂ ਤੱਕ ਪਹੁੰਚ ਜਾਂਦੀ ਹੈ ਕਿ ਧਰਮ ਦਾ ਨਾਂ ਵਰਤ ਕੇ 'ਦਾਨ' ਮੰਗਿਆ ਜਾਂਦਾ ਹੈ। ਪੂਰੇ ਦੇ ਪੂਰੇ ਟੱਬਰ ਦਾ ਖਰਚ ਸਾਡੇ 'ਦਾਨੀ' ਸੱਜਣ ਜਦ ਪੂਰਾ ਕਰ ਦਿੰਦੇ ਹਨ ਤਾਂ ਉਨ੍ਹਾਂ ਭੱਦਰਪੁਰਸ਼ਾਂ ਨੂੰ ਕੀ ਲੋੜ ਹੈ ਕਿ ਉਹ ਈਮਾਨਦਾਰ ਪੱਤਰਕਾਰੀ ਦੇ ਰਾਹ ਪੈਣ।

ਫਿਰ ਅਜਿਹੀ ਘਟੀਆ ਪੱਤਰਕਾਰੀ ਦੇ ਪੈਰੋਕਾਰ ਆਪਣੇ ਵਰਗੇ ਬੰਦੇ ਕਮਿਉਨਿਟੀ ਵਿਚੋਂ ਹੋਰ ਲੱਭ ਲੈਂਦੇ ਹਨ ਜਿਨ੍ਹਾਂ ਦੇ ਮੱਦਿਆਂ ਤੇ ਬੰਦੂਕਾਂ ਰੱਖਕੇ ਗੋਲੀਆਂ ਦਾਗ਼ੀਆਂ ਜਾਂਦੀਆਂ ਹਨ। ਸਰੇ ਬਾਜ਼ਾਰ ਲੋਕ ਇਸ ਝੂਠ ਅਤੇ ਕਪਟ ਦੀ ਨਗਰੀ ਦੀ ਦੁਕਾਨਦਾਰੀ ਦੇ ਦਾਅ-ਪੇਚ ਸਮਝਦੇ ਹੋਏ ਵੀ ਉਸ ਗ਼ਲਾਜ਼ਤ ਨੂੰ ਹਿੱਕਾਂ ਨਾਲ ਲਾਈ ਫਿਰਦੇ ਹਨ। ਇਨ੍ਹਾਂ ਢੀਠ ਕਲਮਾਂ ਵਿਚੋਂ ਸੱਚ ਦੀ ਸਿਆਹੀ ਦੀ ਥਾਂ ਕੂੜ ਦਾ ਪਰਚਾਰ ਦਿਨ-ਬ-ਦਿਨ ਘਟਣ ਦੀ ਥਾਂ ਵਧਦਾ ਜਾ ਰਿਹਾ ਹੈ। ਅਜਿਹੀ ਪੱਤਰਕਾਰੀ ਤੇ ਗੁੱਸੇ ਦਾ ਇਜ਼ਹਾਰ ਕਰਦੇ ਹੋਏ ਵੀ ਤੁਸੀਂ ਤਰਸ ਹੀ ਕਰ ਸਕਦੇ ਹੋ ਕਿ ਕਮਜ਼ੋਰ ਕਲਮਾਂ ਦਾ ਹਸ਼ਰ ਆਖਰ ਇਹ ਹੀ ਹੁੰਦਾ ਹੈ!

ਰੁਖਾ ਹੇਠਾਂ ਛੁਪ ਕੇ ਕਦ ਤਕ, ਆਪਣਾ ਆਪ ਬਚਾਵੇਂਗਾ।
ਰੰਗਾਂ ਦੀ ਵਾਛੜ ਵਿਚ ਇਕ ਦਿਨ, ਵੇਖ ਲਵੀਂ ਭਿਜ ਜਾਵੇਂਗਾ।

ਬਲਦੀਆਂ ਅੱਖਾਂ, ਬੁੱਝੇ ਖਿਡੌਣੇ, ਸੁੰਨਾ ਵਿਹੜਾ ਆਖ ਰਹੈ,
ਜਾਣ ਸੁਮੇਂ ਏਨਾ ਤਾਂ ਦਸ ਜਾ, ਕਿਸ ਦਿਨ ਮੁੜ ਘਰ ਆਵੇਂਗਾ।

ਦਿਲ ਦਾ ਸ਼ੀਸ਼ਾ ਤੋੜ ਕੇ ਜਾਵਣ ਵਾਲੇ ਏਨਾ ਭੁੱਲੀਂ ਨਾ,
ਕਿਰਚਾਂ ਹੋਣਗੀਆਂ ਹਰ ਪਾਸੇ ਜਿਸ ਰਸਤੇ ਵੀ ਜਾਵੇਂਗਾ।

ਲੰਗੋਟੀਏ

ਸ੍ਰੀ ਮਾਨ ਜੀ,

ਸਤਿ ਸ੍ਰੀ ਅਕਾਲ।

ਇਕਬਾਲ ਰਾਮੂਵਾਲੀਆ ਹੋਰਾਂ ਦਾ ਲੇਖ ਕਮਾਲ ਦਾ ਹੈ, ਬਾਦਲੀਲ ਤੇ ਸੱਚਾ। ਕਾਂਗਰਸੀ ਅਤੇ ਖਾਲਿਸਤਾਨੀ ਇਕ ਦੂਜੇ ਦੇ ਪੱਕੇ ਹਮੈਤੀ ਹਨ। ਫਸਾਦ ਕਰਾਕੇ ਹਜ਼ਾਰਾਂ ਲੋਕਾਂ ਨੂੰ ਮਾਰਨ ਅਤੇ ਬੇਘਰ ਕਰਨ ਵਾਲੇ ਕਾਂਗਰਸੀ ਖਾਲਿਸਤਾਨੀਆਂ ਦੇ ਸਭ ਤੋਂ ਵੱਡੇ ਪਰਚਾਰਕ। ਖਾਲਿਸਤਾਨੀ ਗਰਮਾ ਗਰਮ ਨਾਅਰੇ ਲਾ ਕੇ, ਕੁਝ ਪਟਾਕੇ ਚਲਾ ਕੇ, ਹਿੰਦੂਆਂ ਵਿਰੁਧ ਜ਼ਹਿਰ ਭਰਿਆ ਪਰਚਾਰ ਕਰਕੇ ਸਾਰੀ ਹਿੰਦੂ ਵੋਟ ਕਾਂਗਰਸ ਦੀ ਝੋਲੀ ਵਿਚ ਪਾ ਦਿੰਦੇ ਹਨ। ਨਤੀਜਾ ਸਮਝਣ ਬਿਨਾਂ ਲੋਕਾ ਦਾ ਕਲਿਆਣ ਨਹੀਂ ਹੋਵੇਗਾ। ਇਹ ਦੋਨੋਂ ਪੱਗ-ਵੱਟ ਭਾਈ ਅਤੇ ਲੰਗੋਟੀਏ ਹਨ।

ਸੁਭਚਿੰਤਕ,
ਕੇਹਰ ਸਿੰਘ, ਡੈਲਟਾ

ਮੁੱਖਤਨਾਮੇ

"ਸਿੱਖ ਧਰਮ" ਹਰ ਆਗੂ ਨੂੰ ਪੜ੍ਹਨਾ ਚਾਹੀਦਾ ਹੈ

ਸ੍ਰੀ ਮਾਨ ਜੀ,

ਜਨਵਰੀ 23-29, 1985 ਦਾ ਪਰਚਾ ਬਹੁਤ ਦਿਲਚਸਪ ਸੀ। ਪ੍ਰੋ. ਹਰਬੰਸ ਸਿੰਘ ਹੋਰਾਂ ਦਾ ਲੇਖ 'ਸਿੱਖ ਧਰਮ' ਬਹੁਤ ਹੀ ਦਲੀਲ ਭਰਿਆ ਹੈ। ਇਹ ਹਰ ਸਿੱਖ ਅਤੇ ਖਾਸ ਕਰ ਸਾਡੀ ਕਮਿਉਨਿਟੀ ਦੇ ਆਗੂਆਂ ਨੂੰ ਜ਼ਰੂਰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਜਿਸ ਕਿਸਮ ਦੀ ਜ਼ਹਿਰੀਲੀ ਤੰਗ-ਨਜ਼ਰੀ ਦਾ ਪਰਚਾਰ ਕੁੱਝ ਆਗੂ ਅਤੇ ਅਖਬਾਰ ਏਥੇ ਕਰ ਰਹੇ ਹਨ, ਇਹ ਲੇਖ ਦਸਦਾ ਹੈ ਕਿ ਉਹ ਸਿੱਖੀ ਨਹੀਂ, ਸਿੱਖੀ ਦੇ ਐਨ ਉੱਲਟ ਹੈ।

ਸੂਫੀ ਅਮਰਜੀਤ ਦਾ ਲੇਖ "ਚੋਣਾਂ ਵਿਚ ਕਾਂਗਰਸ ਦੀ ਜਿੱਤ" ਅਤੇ ਗੁਰਸ਼ਰਨ ਸਿੰਘ ਹੋਰਾਂ ਦਾ ਲੇਖ "ਵਿਸਫੋਟਕ ਸਥਿਤੀ ਤੋਂ ਬਚਣ ਲਈ ਕੁੱਝ ਸੁਝਾ" ਅੱਜ ਦੇ ਸਮੇਂ ਦਾ ਵਿਸ਼ਲੇਸ਼ਨ ਕਰਕੇ ਬਹੁਤ ਚੰਗੇ ਗੰਭੀਰ ਸੁਝਾਵਾਂ ਨਾਲ ਭਰਪੂਰ ਲਿਖਤਾਂ ਹਨ। ਚੋਣ ਲਈ ਆਪ ਵਧਾਈ ਦੇ ਹੱਕਦਾਰ ਹੋ। ਕੁਝ ਚਿਰ ਤੋਂ ਪਰਚੇ ਵਿਚ ਗਲਤੀਆਂ ਕਾਫੀ ਹੁੰਦੀਆ ਹਨ।ਇਸ ਪਾਸੇ ਧਿਆਨ ਦਿਉ।

ਧੰਨਵਾਦ।

ਆਪ ਦਾ ਪਾਠਕ,
ਗੁਰਮੀਤ ਸਿੰਘ ਗਰਚਾ, ਡੈਲਟਾ

ਲੋਕਾਂ ਦਾ ਉਜਾੜਾ ਤਕਦੀਰ ਨਹੀਂ ਬੇਰਹਿਮ, ਮੌਕਾ ਤਾੜੂ ਅਤੇ ਫਿਰਕੂ ਪਾਲਸੀਆਂ ਦਾ ਨਤੀਜਾ ਹੈ

ਐਡੀਟਰ ਜੀਓ,

ਸ੍ਰ. ਜਗਦੀਸ਼ ਸਿੰਘ 'ਬਾਂਸਲ' ਦਾ ਲੇਖ ਪੜ੍ਹਿਆ। ਉਨ੍ਹਾਂ ਨੇ ਦਿਲੀ ਦੇ ਫਸਾਦਾਂ ਵਿਚ ਉਜੜੇ ਲੋਕਾਂ ਦੀ ਹਾਲਤ ਦੀ ਬਹੁਤ ਸਹੀ ਅਤੇ ਦਰਦਨਾਕ ਤਸਵੀਰ ਖਿੱਚੀ ਹੈ। ਕਾਂਗਰਸੀ ਸਰਕਾਰ ਅਤੇ ਗੁੰਡਿਆਂ ਨੇ ਇਨ੍ਹਾਂ ਫਸਾਦਾਂ ਵਿਚ ਬਹੁਤ ਸ਼ਰਮਨਾਕ ਰੋਲ ਅਦਾ ਕੀਤਾ ਹੈ। ਜਿਹੜੇ ਆਗੂ ਇਕ ਧਰਮ ਦੇ ਲੋਕਾਂ ਨੂੰ 'ਸ਼ੇਰ' ਅਤੇ ਦੂਜੇ ਧਰਮ ਵਾਲਿਆਂ ਨੂੰ 'ਬਕਰੀਆਂ' ਦਸਦੇ ਅਤੇ ਹਿੰਸਾ ਦੀ ਖੁੱਲ੍ਹੀ ਵਕਾਲਤ ਕਰਦੇ ਸਨ, ਉਹ ਵੀ ਇਸ ਉਜਾੜੇ ਵਿਚ ਸ਼ਰਕਾਰ ਦੇ ਭਾਈਵਾਲ ਹਨ, ਉਨ੍ਹਾਂ ਨੇ ਉਹ ਹਾਲਤ ਪੈਦਾ ਕੀਤੀ ਜਿਸ ਵਿਚ ਸਰਕਾਰ ਅਤੇ ਗੁੰਡੇ ਉਜੜਿਆਂ ਨੂੰ ਮੁੜ ਕੇ ਉਜਾੜ ਸਕੇ। ਲੋਕਾਂ ਦਾ ਇਹ ਉਜਾੜਾ ਤਕਦੀਰ ਨਹੀਂ, ਬੇਰਹਿਮ, ਮੌਕਾ ਤਾੜੂ ਫਿਰਕੂ ਪਾਲਸੀਆਂ ਦਾ ਨਤੀਜਾ ਹੈ।

ਆਪ ਦਾ ਸ਼ੁਭਚਿੰਤਕ
ਰੇਸ਼ਮ ਸਿੰਘ, ਵੈਨਕੂਵਰ

ਐਡੀਟਰ ਸਾਹਿਬ,

ਵਾਹਿਗੁਰੂ ਜੀ ਕੀ ਫਤਹਿ।

ਬਦੇਸ਼ਾਂ ਵਿਚਲਾ ਵੱਖਵਾਦੀ ਅੱਤਿਵਾਦੀ ਟੋਲਾ ਕਦੇ ਆਪਣੇ ਆਪ ਨੂੰ ਬਬਰਾਂ ਨਾਲ ਮਿਲਾਉਂਦਾ ਹੈ ਕਦੇ ਗਦਰੀ ਬਾਬਿਆ ਨਾਲ ਇਹ ਭੁਲਣਾ ਮਨੁਖਤਾ ਦੇ ਉਨ੍ਹਾਂ ਨਿਸ਼ਕਾਮ ਸੇਵਕਾਂ ਨਾਲ ਘੋਰ ਬੇਇਨਸਾਫੀ ਹੈ। ਜਿਥੇ ਅੱਜ ਦੇ ਇਹ 'ਲੀਡਰ' ਬਦੇਸ਼ਾਂ ਵਿਚ ਮੌਜਾਂ ਲੈਂਦੇ, ਪੌਡਾਂ ਅਤੇ ਡਾਲਰ ਰੋਲ ਰਹੇ ਹਨ ਅਤੇ ਨਿੱਤ ਦੂਕਾਨਦਾਰ ਤੇ ਕਾਮਯਾਬ ਪੰਜ-ਲੱਖੀਆ ਵਾਂਗ ਅਖਬਾਰਾਂ ਵਿਚ ਪੇਡ (Paid) ਇਸ਼ਤਿਹਾਰ ਛਪਾ ਕੇ ਫੰਡ ਅਪੀਲਾਂ ਕਰਦੇ ਹਨ, ਉਥੇ ਬਬਰ ਅਤੇ ਗਦਰੀ ਬਾਬੇ ਜਾਨਾਂ ਤਲੀ ਉੱਤੇ ਰੱਖ ਕੇ ਵਤਨ ਵਿੱਚ ਆਜ਼ਾਦੀ ਦੀ ਲੜਾਈ ਲੜਦੇ ਰਹੇ ਸਨ। ਗਦਰੀ ਤੇ ਬਬਰ ਲੰਡਨ ਵਿਚ ਵਲੈਤੀ ਪੁਲਸ ਦੇ ਪਹਿਰੇ ਹੇਠ ਲੁਕ ਕੇ ਜਾਨ ਨਹੀਂ ਸਨ ਬਚਾਉਂਦੇ, ਉਹ ਅਪਣੇ ਲੋਕਾਂ ਵਿਚ ਪਰਚਾਰ ਕਰਦੇ, ਉਨ੍ਹਾਂ ਨੂੰ ਜਗਾਉਂਦੇ, ਉਮਰ ਕੈਦਾਂ ਅਤੇ ਫਾਂਸੀਆ ਲਈ ਤਿਆਰ ਰਹਿੰਦੇ ਸਨ। ਇਕੱਠੇ ਕੀਤੇ ਫੰਡਾਂ ਦੇ ਲੱਖਾਂ ਡਾਲਰਾਂ/ਪੌਡਾਂ ਪਿੱਛੇ ਬਦੇਸ਼ੀ ਅਦਾਲਤਾਂ ਵਿਚ ਉਨ੍ਹਾਂ ਦੇ ਮੁਕੱਦਮੇ ਇਕ ਦੂਜੇ ਦੇ ਵਿਰੁਧ ਨਹੀਂ ਚੱਲਦੇ ਸਨ।ਸਗੋਂ ਉਨ੍ਹਾਂ ਦੀਆਂ ਆਪਣੀਆ ਜਾਇਦਾਦਾਂ ਕੁਰਕ ਹੁੰਦੀਆਂ ਸਨ। ਭੋਲੇ ਲੋਕਾਂ ਨੂੰ ਆਪਣੀ ਹੱਡ ਭੰਨਵੀਂ ਕਮਾਈ ਇਨ੍ਹਾਂ 'ਲੀਡਰਾਂ' ਦੀ ਝੋਲੀ ਪਾਉਣ ਲੱਗਿਆਂ ਇਹ ਗੱਲਾਂ ਸੋਚਣੀਆਂ ਚਾਹੀਦੀਆਂ ਹਨ। ਜੋ ਫੰਡ ਇਕੱਠੇ ਕੀਤੇ ਜਾ ਚੁੱਕੇ ਹਨ ਉਨ੍ਹਾਂ ਦਾ ਹਿਸਾਬ ਲੈਣਾ ਚਾਹੀਦਾ ਹੈ। ਨਾਲੇ ਅਖਬਾਰਾਂ ਵਾਲਿਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਫੰਡ ਅਪੀਲਾਂ ਸੇਵਾ ਹਿੱਤ ਮੁਫਤ ਛਾਪਦੇ ਹਨ ਕਿ ਫੰਡਾ ਚੋਂ ਚੋਖਾ ਹਿੱਸਾ ਲੈਂਦੇ ਹਨ।

ਆਪ ਦਾ ਦਾਸ
ਕੇਹਰ ਸਿੰਘ, ਡੈਲਟਾ

ਉਚ ਪੱਧਰ ਦੀ ਬਹਿਸ ਜ਼ਰੂਰੀ

ਐਡੀਟਰ ਸਾਹਿਬ,

ਉਪਰਲੇ ਸਿਰਲੇਖ ਵਾਲਾ ਉੱਜਲ ਦੁਸਾਂਝ ਹੋਰਾਂ ਦਾ ਲੇਖ ਪੜ੍ਹਿਆ। ਸੁਝਾ ਬਹੁਤ ਚੰਗਾ ਅਤੇ ਸਮੇਂ ਸਿਰ ਹੈ। ਸਾਡੀ ਕਮਿਉਨਿਟੀ ਦੇ ਹਰ ਵਿਚਾਰ ਦੇ ਆਗੂਆ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਨਾਲ ਲੈ ਕੇ, ਉਨ੍ਹਾਂ ਦੀ ਹਾਜ਼ਰੀ ਵਿਚ ਆਪਣਾ ਪੱਖ ਪੇਸ਼ ਕਰਨ। ਵਿਚਾਰ ਵਟਾਂਦਰੇ ਸਮੇਂ, ਬੋਲੋੜੀ ਤਲਖੀ ਅਤੇ ਕੱਟੜਤਾ ਬਿਲਕੁਲ ਨਾ ਵਰਤੀ ਜਾਵੇ। ਗੁਰਮੁਖਾਂ ਵਾਂਗ ਇਕ ਦੂਜੇ ਦੇ ਵਿਚਾਰ ਦਾ ਆਦਰ ਕੀਤਾ ਜਾਵੇ। ਅਜੇਹੇ ਵਿਚਾਰ -ਵਟਾਂਦਰੇ ਦੇ ਬਹੁਤ ਚੰਗੇ ਨਤੀਜੇ ਨਿਕਲ ਸਕਦੇ ਹਨ। ਸੰਕਟ ਦੀ ਏਸ ਘੜੀ ਸਾਨੂੰ ਇਸਦਾ ਬਹੁਤ ਲਾਭ ਹੋਵੇਗਾ।

ਚਰਨਜੀਤ ਸਿੰਘ ਗਿੱਲ, ਸਰੀ

ਹਰਦੇਵ ਵੜੈਚ ਦੀ ਬੁਖਲਾਹਟ

ਪਿਛਲੇ ਕੁਝ ਸਮੇਂ ਤੋਂ ਇਕ ਅਖੌਤੀ ਲੇਖਕ ਹਰਦੇਵ ਵੜੈਚ ਨੇ ਪੰਜਾਬੀ ਦੇ ਪ੍ਰਸਿੱਧ ਲੇਖਕ ਸ੍ਰੀ ਗੁਰਚਰਨ ਰਾਮਪੁਰੀ ਉਪਰ ਜ਼ਾਤੀ ਚਿੱਕੜ ਸੁਟਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਵਿਚ ਸ੍ਰੀ ਵੜੈਚ ਨੇ ਇੰਟਰਨੈਸ਼ਨਨ ਪੰਜਾਬੀ ਲਿਟਰੇਰੀ ਟਰੱਸਟ(ਕੈਨੇਡਾ) ਦੇ ਨਾਂ ਨੂੰ ਵੀ ਵਿਚ ਘੜੀਸਣ ਦਾ ਕੋਝਾ ਯਤਨ ਕੀਤਾ ਹੈ। ਇਸ ਲਈ ਜ਼ਰੂਰੀ ਹੈ ਕਿ ਪਾਠਕਾਂ ਨੂੰ ਟਰਸਟ ਬਾਰੇ ਕੁਝ ਤੱਥਾਂ ਦੀ ਜਾਣਕਾਰੀ ਦਿਤੀ ਜਾਵੇ।

ਮਨਜੀਤ ਮੈਮੋਰੀਅਲ ਐਵਾਰਡ 1980 ਵਿਚ ਸਥਾਪਤ ਕੀਤਾ ਗਿਆ ਸੀ ਅਤੇ ਇਹ ਪਹਿਲਾ ਐਵਾਰਡ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਜੋਕੇ ਪ੍ਰਧਾਨ ਅਤੇ ਪ੍ਰਸਿੱਧ ਪੰਜਾਬੀ ਲੇਖਕ ਪ੍ਰੋ: ਸੰਤ ਸਿੰਘ ਸੇਖੋਂ ਨੂੰ ਦਿਤਾ ਗਿਆ। ਇਹ ਕੈਨੇਡਾ ਵਿਚ ਸਥਾਪਤ ਹੋਇਆ ਪਹਿਲਾ ਐਵਾਰਡ ਸੀ। ਪਰ ਪਹਿਲੇ ਸਾਲ ਹੀ ਜਿਸ ਸੰਸਥਾ ਦੇ ਨਾਂ ਥੱਲੇ ਇਹ ਦਿਤਾ ਗਿਆ ਉਸਦੇ ਕੁਝ ਅਧਿਕਾਰੀਆਂ ਨੇ ਇਸ ਐਵਾਰਡ ਦੇ ਨਾਂ ਨੂੰ ਵਰਤ ਕੇ ਅਜਿਹੀਆਂ ਕਾਰਵਾਈਆਂ ਕੀਤੀਆਂ ਜਿਨ੍ਹਾਂ ਕਾਰਨ ਇਸ ਐਵਾਰਡ ਲਈ ਨਵੀਂ ਕਮੇਟੀ ਦਾ ਪੁਨਰ-ਗਠਨ ਕੀਤਾ ਗਿਆ ਜਿਸ ਵਿਚ ਇੰਗਲੈਂਡ ਤੋਂ ਸ੍ਰੀ ਰਘਬੀਰ ਢੰਡ ਤੇ ਜਗਤਾਰ ਢਾਅ, ਕੀਨੀਆਂ ਤੋਂ ਅਜਾਇਬ ਕਮਲ, ਜ਼ਿੰਮਾਬੇ ਤੋਂ ਸ੍ਰੀ ਇਕਬਾਲ ਅਰਪਨ, ਭਾਰਤ ਤੋਂ ਸ੍ਰੀ ਰਘਬੀਰ ਸਿੰਘ(ਸੰਪਾਦਕ : ਸਿਰਜਣਾ) ਅਤੇ ਕੈਨੇਡਾ ਤੋਂ ਸ੍ਰੀ ਗੁਰਚਰਨ ਰਾਮਪੁਰੀ ਅਤੇ ਦਰਸ਼ਨ ਗਿੱਲ ਸ਼ਾਮਲ ਹਨ। ਅਗਲੇ ਸਾਲ ਇਸ ਵਿਚ ਭਾਰਤ ਤੋਂ ਪੰਜਾਬੀ ਕਹਾਣੀਕਾਰ ਸ੍ਰੀ ਗੁਰਬਚਨ ਸਿੰਘ ਭੁੱਲਰ ਅਤੇ ਪ੍ਰੋ: ਦਰਸ਼ਨ ਨੱਤ ਸ਼ਾਮਲ ਕੀਤੇ ਗਏ।

1981 ਵਿਚ ਇਹ ਐਵਾਰਡ ਕੈਨੇਡਾ ਦੇ ਪ੍ਰਸਿੱਧ ਨਾਵਲਿਸਟ ਸ: ਕੇਸਰ ਸਿੰਘ ਨੂੰ ਦਿਤਾ ਗਿਆ। 1982 ਵਿਚ ਪ੍ਰਸਿੱਧ ਪੱਤਰਕਾਰ ਅਤੇ ਦੇਸ਼ ਭਗਤ ਸਾਹਿਤਕਾਰ ਸ: ਸੋਹਨ ਸਿੰਘ ਜੋਸ਼ ਨੂੰ, 1983 ਵਿਚ ਪ੍ਰਸਿੱਧ ਪੰਜਾਬੀ ਕਵੀ ਤੇ ਕਹਾਣੀਕਾਰ ਸ੍ਰੀ ਸੰਤੋਖ ਸਿੰਘ ਧੀਰ ਨੂੰ ਅਤੇ 1984 ਲਈ ਨਾਟਕਕਾਰ ਸ: ਗੁਰਸ਼ਰਨ ਸਿੰਘ ਨੂੰ, ਜੋ ਫਰਵਰੀ ਦੇ ਅੰਤਲੇ ਸਪਤਾਹ ਅੰਮ੍ਰਿਤਸਰ ਵਿਖੇ ਦਿਤਾ ਜਾ ਰਿਹਾ ਹੈ।

ਇਸ ਐਵਾਰਡ ਵਿਚ 500 ਡਾਲਰ ਦਾ ਨਕਦ ਇਨਾਮ ਦਿਤਾ ਜਾਂਦਾ ਹੈ ਅਤੇ ਐਵਾਰਡ ਜਿੱਤਣ ਵਾਲੇ ਲੇਖਕ ਦੀ ਪੰਜਾਬੀ ਸਾਹਿਤ ਨੂੰ ਸਮੁੱਚੀ ਦੇਣ ਦਾ ਮੁਲਾਂਕਣ ਪੁਸਤਕ ਰੂਪ ਵਿਚ ਛਾਪਿਆ ਜਾਂਦਾ ਹੈ। 'ਦਰਪਣ'(ਤ੍ਰੈਮਾਸਕ) ਦੇ ਵਿ ਸ਼ੇਸ਼ ਅੰਕ ਸ: ਕੇਸਰ ਸਿੰਘ ਨਾਵਲਿਸਟ ਅਤੇ ਸੋਹਨ

ਮਾਨਯੋਗ ਸੰਪਾਦਕ ਜੀ,

ਗੁਰ ਫਤਹਿ ਪ੍ਰਵਾਨ ਕਰਨੀ।

ਕੈਨੇਡਾ ਦਰਪਣ ਦੇ ਪਿਛਲੇ ਅੰਕ ਵਿੱਚ ਅਖੀਰਲੇ ਸਫੇ ਤੇ ਬੰਬੇ ਪੈਲਸ ਰੈਸਟੋਰੈਂਟ, ਜੋ ਕਿ ਪੈਂਡਰ ਸਟਰੀਟ ਤੇ ਸਥਿਤ ਹੈ, ਦੇ ਵਰਕਰਾਂ ਵੱਲੋਂ ਕੀਤੀ ਗਈ ਵਾਜਬ ਪਰ ਸੀਮਤ ਮੰਗਾਂ ਬਾਰੇ ਹੜਤਾਲ ਦੀ ਸੰਖੇਪ ਖਬਰ ਪੜ੍ਹੀ ਹੈ। ਘੱਟੋ ਘੱਟ ਕਮਿਉਨਿਟੀ ਵਿੱਚ ਵਾਪਰ ਰਹੀ ਇੰਡੀ ਵੱਡੀ ਸੋਚੀ ਸਮਝੀ ਬੇਇਨਸਾਫੀ ਵਾਰੇ ਗੱਲ ਕਹੀ ਗਈ ਹੈ। ਕੁੱਝ ਹੋਰ ਤੱਥਾਂ ਜਿੰਨ੍ਹਾਂ ਨੂੰ ਸਿਰਫ ਪਿਕਟ ਤੇ ਜਾਣ ਵਾਲੇ ਹਮਦਰਦ ਹੀ ਜਾਣ ਸਕਦੇ ਹਨ। ਤੁਹਾਡੇ ਅਦਾਰੇ ਵੱਲੋਂ ਸ਼ਾਇਦ ਕਿਸੇ ਵੀ ਧਿਰ ਦੀ ਸਾਈਡ ਲੈਣ ਤੋਂ ਚੇਤੰਨ ਕੋਸ਼ਿਸ਼ ਕੀਤੀ ਜਾਵੇ। ਸੋ ਮੈਂ ਪਾਠਕਾਂ ਦੇ ਧਿਆਨ ਵਿੱਚ ਕੁੱਝ ਗੱਲਾਂ ਦਿਵਾਉਣ ਦਾ ਯਤਨ ਇਸ ਚਿੱਠੀ ਰਾਹੀਂ ਕੀਤਾ ਹੈ।

1. ਪਿਕਟ ਦੀ ਹਮਾਇਤ ਹੋਟਲ ਅਤੇ ਰੈਸਟੋਰੈਂਟ ਦੀ ਯੂਨੀਅਨ ਤੋਂ ਬਿਨਾਂ ਕਈ ਭਾਰਤੀ ਪਿਛੋਕੜ ਵਾਲੀਆਂ ਜੱਥੇਬੰਦੀਆਂ ਤੇ ਗੰਭੀਰਤਾ ਨਾਲ ਜਨਤਕ ਮਸਲਿਆਂ ਨਾਲ ਸਿੱਝਣ ਦੇ ਜ਼ਿੰਮੇਵਾਰ ਅਗਾਂਹ ਵਧੂ ਸਖਸ਼ਾਂ ਵੱਲੋਂ 'ਹਮਾਇਤ' ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਦਾ ਇੰਨਾ ਅਸਰ ਪਿਆ ਕਿ ਪਿਛਲੇ ਹਫਤੇ ਨਿਊਯਾਰਕ ਤੋਂ ਖਾਣ ਆਏ ਚਾਰ ਪੰਜ ਬੁਧੀਮਾਨਾਂ ਨੇ ਅੰਦਰ ਜਾਣ ਤੋਂ ਇਨਕਾਰ ਕੀਤਾ ਹੈ ਜਿਸ ਦੀ ਰੀਐਕਸ਼ਨ ਵਜੋਂ ਮਾਲਕ ਦੇ ਭਰਾ ਨੇ ਇੱਕ ਵਰਕਰ ਦੀ ਉਂਗਲੀ ਤੇ ਸੱਟ ਮਾਰੀ। ਉਸ ਦੇ ਖਿਲਾਫ ਪਰਸਨਲ ਡੈਮੇਜ਼ਜ਼ ਅਤੇ ਅਸਲਟ ਦਾ ਕੇਸ ਫਾਈਲ ਕਰ ਦਿੱਤਾ ਹੈ।

2. ਮਾਲਕ ਕੋਲ ਵਰਕਰਾਂ ਨੂੰ ਸਿਰਫ ਪੰਜ ਜਾਂ ਛੇ ਡਾਲਰ ਘੰਟੇ ਦੇ ਦੇਣ ਨੂੰ ਪੈਸੇ ਨਹੀਂ ਹਨ। ਪਰ Support Committee ਦੇ ਜ਼ਿੰਮੇਵਾਰ ਕਾਰਕੁੰਨ ਡਾ. ਹਰੀ ਸ਼ਰਮਾ ਨੂੰ ਜਾਤੀ ਧਮਕੀ, ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਨੂੰ ਦਫਤਰ ਵਿੱਚ ਲਿਖਤੀ ਨੋਟਿਸ ਭੇਜਿਆ ਗਿਆ ਹੈ ਤਾਂ ਕਿ ਉਹ ਹਮਾਇਤ ਨਾ ਕਰਨ।

3. ਹੜਤਾਲ ਕਰਨ ਵਾਲੇ ਕਾਮੇ ਮਾਲਕ ਨੂੰ ਹਿੰਦੂ ਲੱਗਦੇ ਹਨ ਤੇ ਆਪ ਦਾੜ੍ਹੀ ਕੇਸ ਰੱਖ ਕੇ ਸਿੱਖੀ ਦਾ ਅਖੌਤੀ ਪ੍ਰਚਾਰਕ ਬੇਸ਼ੱਕ ਰੋਜ਼ ਪਾਠ ਵੀ ਕਰਦਾ ਹੋਵੇ ਪਰ ਗੁਰੂ ਨਾਨਕ ਦੇਵ ਜੀ ਦੇ ਅਸੂਲ ਉਸ ਦੀ ਰੂਹ ਨੂੰ 'ਮਾਣਸ ਦਾ ਰੱਤ ਪੀਣ ਦਾ ਸੰਦੇਸ਼' ਦਿੰਦੇ ਹਨ ਜਾਂ ਆਪਣੜੇ ਗਿਰੀਵਾਨ ਮੇਂ ਸਿਰ ਨੀਵਾਂ ਕਰ ਦੇਖਣ ਦਾ। ਕੁੱਝ ਵੀ ਹੋਵੇ ਮਲਕ ਭਾਗੋ ਜ਼ਰੂਰ ਸੱਚੇ ਸੁੱਚੇ ਗੁਰੂ ਨੂੰ ਲਹੂ ਨਾਲ ਭਿਜੇ ਪੂੜੇ ਪਰੋਸਦੇ ਹੀ ਆਏ ਹਨ।

4. ਮਾਲਕਾਂ ਵੱਲੋਂ ਉਸੇ ਤਰ੍ਹਾਂ ਹੀ ਮਾਲਕ ਕਮਿਉਨਿਟੀ ਤੇ ਧਨਾਢਾਂ ਦੀ ਜ਼ੋਰਦਾਰ ਹਮਾਇਤ ਕੀਤੀ ਜਾਂਦੀ ਹੈ ਜਿਵੇਂ ਵਰਕਰਾਂ ਵੱਲੋਂ ਕ੍ਰਿਤੀਆਂ ਲੋਕਾਂ ਦੀਆਂ ਜਥੇਬੰਦੀਆਂ ਦੀ। ਪਰ ਮਨਸੂਰਾਂ ਦੇ ਫੁੱਲ ਵੀ ਦੁੱਖਦੇ ਹਨ। ਕੱਲ ਪੱਤਰਕਾਰ ਲੋਕ ਫਿਰਕੂ ਏਕਤਾ ਚੀਕਦੇ ਸਨ। ਅੱਜ ਕਮਿਉਨਿਟੀ 'ਚ ਏਕਤਾ ਦਾ ਹਾਮੀ 'ਲਿੰਕ' ਅਖਬਾਰ ਦੀ ਹੀਅ ਨਿਕਲ ਗਈ। ਮਿ. ਪਰਮੋਦ ਪੁਰੀ ਪੁੱਸ ਦੇ ਕੇ ਤਿੰਨ ਚਾਰ ਬੰਦੇ ਲੈ ਕੇ ਮਾਲਕ ਦੀ ਪੂਛ ਹਿਲਾਉਣ ਅੰਦਰ ਚਲਾ ਗਿਆ। ਇੱਕ ਮਹੀਨਾ ਪਹਿਲਾਂ ਇਹ ਬੰਦਾ ਓਵਰਸੀਜ਼ ਟਾਈਮਜ਼ ਦੇ ਸਟਾਫ ਨੂੰ ਇੰਡੀਆ ਟਰਿੱਪ ਤੇ ਰਾਜੀਵ ਗਾਂਧੀ ਵੱਲੋਂ ਪੈਸੇ ਮਿਲਣ ਕਰਕੇ ਕਵਰੇਜ਼ ਲਈ ਜਾਣ ਲਈ ਸਰਕਾਰੀ ਕਹਿੰਦਾ ਸੀ - ਪਰ ਕੀ ਇਹ ਅਗਾਂਹਵਧੂ ਕਦਮ ਹੈ। ਤੁਹਾਡਾ ਪੱਤਰਕਾਰ ਭਾਈ ਹੈ — ਜ਼ਾਤੀ ਤੌਰ ਤੇ ਕੰਨ 'ਚ ਫੂਕ ਮਾਰ ਦਿਓ, ਭਰਾ ਮਾਜਰਾ ਕੀ ਹੈ?

5. ਵਰਕਰਾਂ ਨੂੰ ਥੋੜ੍ਹੇ ਪੈਸੇ ਦਿੰਦਾ ਮਰਦਾ ਹੈ ਤੇ ਮਾਲਕ ਨਿੱਤ ਨਵੇਂ ਸੋਸ਼ੇ ਛੱਡ ਰਿਹਾ ਹੈ। ਪਰ ਅੰਨ੍ਹੇ ਪੈਸੇ ਦੀ ਕਮਾਈ ਨੇ ਅਕਲ ਤੇ ਵੀ ਪਰਦਾ ਪਾ ਦਿੱਤਾ ਹੈ ਨਹੀਂ ਤਾਂ ਪੰਜ ਜਾਂ ਛੇ ਡਾਲਰ ਘੰਟੇ ਦੇ ਤਾਂ ਕਨੇਡੀਅਨ ਜੀਵਨ ਮਿਆਰ ਮੁਤਾਬਿਕ ਟਰੇਂਡ ਕੁੱਕਾਂ ਤੇ ਹੋਰ ਹਰ ਕਿਸਮ ਦੇ ਕਾਮਿਆਂ ਲਈ ਬੜੀ ਤਰਸਯੋਗ ਮੰਗਾਂ ਲੱਗਦੇ ਹਨ। ਕੋਈ ਗੰਭੀਰ ਮਾਲਕ ਅਜਿਹੇ ਕੰਟਰੈਕਟ ਤੇ ਦਸਤਖਤ ਕਰਨ ਨੂੰ ਖੁਸ਼ ਕਿਸਮਤੀ ਸਮਝੇਂਗਾ।

ਪਰ ਖੈਰ! ਰਾਗਾ ਰੈਸਟੋਰੈਂਟ ਦੇ ਮੈਨੇਜਰ ਵੱਲੋਂ ਵਰਕਰਾਂ ਨੂੰ ਵਿੱਚ ਵਿਚਾਲੇ ਪੈ ਕੇ ਸਮਝੌਤਾ ਕਰਾਉਣ ਦੀ ਤਜਵੀਜ਼ ਰੱਖੀ ਹੈ, ਦੇਖੀਏ ਭਵਿੱਸ਼ ਵਿੱਚ ਕੀ ਭੀੜ ਬਣੀ ਉਭਰਦੀ ਹੈ।

ਆਪਦਾ ਪਾਠਕ
ਮਨਜਿੰਦਰ ਉੱਪਲ, ਐਲਡਰਗਰੋਵ।

ਮੁਸਲਮਾਨਾਂ ਨੂੰ ਸਾਢੇ ਪੰਜ ਪ੍ਰਤੀਸ਼ਤ ਪ੍ਰਤੀਨਿਧਤਾ ਮਿਲੀ

ਦਿੱਲੀ — (ਪੀ. ਟੀ. ਆਈ)- ਭਾਰਤ ਵਿਚ ਹੁਣੇ ਜਿਹੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਜਿੱਤ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਸਾਰੇ ਪਾਰਲੀਮੈਂਟ ਦੇ ਮੈਂਬਰਾਂ ਵਿਚ ਮੁਸਲਮਾਨਾਂ ਦੀ ਪ੍ਰਤੀਨਿਧਤਾ ਸਾਢੇ ਪੰਜ ਪ੍ਰਤੀਸ਼ਤ ਬਣਦੀ ਹੈ।

ਸਰਵੇ ਤੋਂ ਪਤਾ ਲਗਦਾ ਹੈ ਕਿ ਬਹੁਤੇ ਮੁਸਲਮਾਨ ਉਮੀਦਵਾਰ ਕਾਂਗਰਸ ਆਈ ਨੇ ਖੜੇ ਕੀਤੇ ਸੀ। ਇਹ ਵੀ ਇਕ ਕਾਰਨ ਸੀ ਕਿ ਭਾਰਤ ਦੇ ਮੁਸਲਮਾਨਾਂ ਨੇ ਰਾਜੀਵ ਗਾਂਧੀ ਨੂੰ ਭਾਰੀ ਗਿਣਤੀ ਵਿਚ ਵੋਟਾਂ ਪਾਈਆਂ

ਅਸੀਂ ਘ੍ਰਿਣਾ ਦਾ ਪ੍ਰਚਾਰ ਨਹੀਂ ਕਰਦੇ

ਲੈਸਟਰ — ਇਥੋਂ ਦੀ ਸਿੱਖ ਯੂਥ ਫੈਡਰੇਸ਼ਨ ਨੇ ਇਸ ਦੋਸ਼ ਦਾ ਖੰਡਨ ਕੀਤਾ ਹੈ ਕਿ ਉਹਨਾਂ ਦੀ ਜਥੇਬੰਦੀ ਖਾਲਿਸਤਾਨ ਦੀ ਸਥਾਪਤੀ ਲਈ ਇਥੋਂ ਹਥਿਆਰ ਅਤੇ ਗੁਰੀਲੇ ਭੇਜਦੀ ਰਹੀ ਹੈ। ਇਸ ਜਥੇਬੰਦੀ ਦੇ ਬੁਲਾਰੇ ਸੁਰਿੰਦਰ ਸਿੰਘ ਰਾਏ ਨੇ ਦਸਿਆ ਕਿ ਅਸੀਂ ਇੰਟਰਨੈਸ਼ਨਲ ਰੈਡ ਕਰਾਸ ਰਾਹੀਂ ਭਾਰਤ ਦੇ ਸਿੱਖ ਗੀਫਿਊਜੀਆਂ ਨੂੰ ਪੈਸੇ ਤੀਕ ਵੀ ਨਹੀਂ ਭੇਜ ਸਕਦੇ, ਇਸ ਲਈ ਹਥਿਆਰ ਭੇਜਣ ਦੀ ਗੱਲ ਬਿਲਕੁਲ ਬਕਵਾਸ ਹੈ। ਮਿ: ਰਾਏ ਨੇ ਇਸ ਦੋਸ਼ ਤੋਂ ਵੀ ਇਨਕਾਰ ਕੀਤਾ ਕਿ ਉਹਨਾਂ ਦੀ ਜਥੇਬੰਦੀ ਹਿੰਦੂਆਂ ਵਿਰੁਧ ਘ੍ਰਿਣਾ ਪੈਦਾ ਕਰ ਰਹੀ ਹੈ। ਅਸੀਂ ਇਥੇ ਜਾਂ ਭਾਰਤ ਵਿਚ ਕੇਵਲ ਹਿੰਦੂ ਹੋਣ ਕਾਰਨ ਕਦੀ ਘਿਰਣਾ ਦਾ ਪ੍ਰਚਾਰ ਨਹੀਂ ਕੀਤਾ। ਇਹ ਇੰਦਰਾ ਗਾਂਧੀ ਦੀ ਹਿੰਦੂ ਸਰਕਾਰ ਹੈ ਜੋ ਸਿੱਖਾਂ ਨੂੰ ਹਿੰਦੂਆਂ ਤੋਂ ਦੂਰ ਕਰ ਰਹੀ ਹੈ। ਹਰਿਮੰਦਰ ਸਾਹਿਬ ਉਤੇ ਫੌਜੀ ਧਾਵੇ ਤੋਂ ਪਹਿਲਾਂ ਕਦੀ ਵੀ ਕਿਸੇ ਸਿੱਖ ਲੀਡਰ ਨੇ ਖਾਲਿਸਤਾਨ ਦੀ ਸਥਾਪਨਾ ਦੀ ਮੰਗ ਨਹੀਂ ਸੀ ਕੀਤੀ।

ਲੜਾਈ ਵਿਚ ਮੈਨੇਜਰ ਕੁਟਿਆ ਗਿਆ

ਬੰਬੇ ਪਲੇਸ ਰੈਸਟੋਰੈਂਟ ਦੇ ਇਕਬਾਲ ਸਿੰਘ ਛਤਵਾਲ ਦਾ ਬਿਆਨ

ਵੈਨਕੂਵਰ — ਬੰਬੇ ਪਲੇਸ ਰੈਸ਼ਟੋਰੈਂਟ ਦੇ ਮਾਲਕਾਂ ਦੇ ਨੁਮਾਇੰਦੇ ਇਕਬਾਲ ਸਿੰਘ ਛਤਵਾਲ ਦੀ ਸੂਚਨਾ ਅਨੁਸਾਰ 2 ਫਰਵਰੀ ਦੀ ਸ਼ਾਮ ਨੂੰ ਵਰਕਰਾਂ ਤੇ ਮੈਨੇਜਰ ਦੇ ਹੋਏ ਝਗੜੇ ਵਿਚ ਵਰਕਰਾਂ ਨੇ ਮੈਨੇਜਰ ਅਮਰਜੀਤ ਨੂੰ ਜ਼ਖਮੀ ਕਰ ਦਿਤਾ ਅਤੇ ਸੱਟਾਂ ਲੱਗਣ ਕਾਰਨ ਉਸਨੂੰ ਹਸਪਤਾਲ ਲਿਜਾਣਾ ਪਿਆ। ਅਮਰਜੀਤ ਦੇ ਕੁੱਟ ਪੈਂਦੀ ਈਸ਼ਰ ਸਿੰਘ ਡੋਰਮੈਨ ਨੇ ਦੇਖੀ ਅਤੇ ਉਸਨੇ ਰੌਲਾ ਪਾਇਆ। ਛਤਵਾਲ ਨੇ ਕਿਹਾ ਕਿ ਸੱਟਾਂ ਈਸ਼ਰ ਸਿੰਘ ਡੋਰਮੈਨ ਦੇ ਵੀ ਲੱਗੀਆਂ ਹਨ।

ਵਰਕਰਾਂ ਦਾ ਕਹਿਣਾ ਹੈ ਕਿ ਝਗੜਾ ਮਾਲਕਾਂ ਨੇ ਸ਼ੁਰੂ ਕੀਤਾ ਤਾਂ ਕਿ ਵਰਕਰਾਂ ਨੂੰ ਬਦਨਾਮ ਕੀਤਾ ਜਾਏ। ਵਰਕਰਾਂ ਦਾ ਇਹ ਵੀ ਕਹਿਣਾ ਹੈ ਕਿ ਮਾਲਕਾਂ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢ ਕੇ ਗੱਲ ਹਥੋਪਾਈ ਤੱਕ ਲੈ ਆਂਦੀ ਜਦ ਕਿ ਇਕਬਾਲ ਸਿੰਘ ਛਤਵਾਲ ਅਨੁਸਾਰ ਰਣਜੀਤ ਨਾਂ ਦੇ ਵਰਕਰ ਨੇ ਆਪਣੇ ਵੈਸਟ ਮੰਗੀ ਜੋ ਅੰਦਰ ਪਈ ਸੀ ਅਤੇ ਪਿਛੋਂ ਬਲਵਿੰਦਰ ਨੇ ਗਾਲ੍ਹਾਂ ਕੱਢੀਆਂ। ਇਸ ਹਥੋਪਾਈ ਵਿਚ ਮੈਨੇਜਰ ਅਮਰਜੀਤ ਬਾਹਰ ਪਏ ਸਾਈਨਬੋਰਡ ਤੇ ਡਿੱਗ ਪਿਆ ਅਤੇ ਸਾਈਨ ਬੋਰਡ ਵੀ ਟੁੱਟ ਗਿਆ। ਛਤਵਾਲ ਅਨੁਸਾਰ ਉਸਦਾ ਜਬਾੜ੍ਹਾ ਪਹਿਲਾਂ ਹੀ ਡਿਸਲੋਕੇਟ ਸੀ। ਪਰ ਹੁਣ ਹੋਰ ਸੱਟਾਂ ਵੱਜ ਗਈਆਂ ਹਨ।

ਵਰਕਰਾਂ ਦਾ ਕਹਿਣਾ ਹੈ ਕਿ ਪਿਕਟ ਲਾਈਨ ਕਾਨੂੰਨੀ ਹੈ। ਜੇ ਇਹ ਕਾਨੂੰਨੀ ਹੜਤਾਲ ਨਾ ਹੁੰਦੀ ਤਾਂ ਹੁਣ ਤੱਕ ਮਾਲਕ ਕਾਨੂੰਨੀ ਕਾਰਵਾਈ ਕਰਕੇ ਪਿਕਟ ਖਤਮ ਕਰਵਾ ਦਿੰਦੇ। ਉਨ੍ਹਾਂ ਦਾ ਕਹਿਣਾ ਹੈ ਕਿ ਵਰਕਰਾਂ ਨੂੰ ਸਹੂਲਤਾਂ ਨਾ ਮਿਲਣ ਕਾਰਨ ਨੌਬਤ ਹੜਤਾਲ ਤੱਕ ਪਹੁੰਚੀ ਹੈ।

ਇਕਬਾਲ ਸਿੰਘ ਛਤਵਾਲ ਨੇ ਇਹ ਵੀ ਦੋਸ਼ ਲਾਇਆ ਕਿ ਹੜਤਾਲੀ ਵਰਕਰ ਹੁਣ ਤੱਕ 28 ਟਾਇਰ ਕਾਰਾਂ ਦੇ ਪਾੜ ਚੁਕੇ ਹਨ - ਸੱਤ ਕਾਰਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਜਦ ਕਿ ਵਰਕਰਾਂ ਦਾ ਕਹਿਣਾ ਹੈ ਕਿ ਇਹ 'ਸਾਜ਼ਿਸ਼' ਮਾਲਕਾਂ ਦੀ ਹੈ।

ਇਕਬਾਲ ਸਿੰਘ ਅਨੁਸਾਰ ਵਰਕਰਾਂ ਵਿਚ ਸਾਰੇ ਸਿੱਖ ਹਨ ਪਰ ਉਨ੍ਹਾਂ ਅਨੁਸਾਰ 15 ਵਰਕਰ ਇਸ ਸਮੇਂ ਅੰਦਰ ਕੰਮ ਕਰ ਰਹੇ ਹਨ। ਜਦ ਕਿ ਪਿਕਟ ਤੇ ਕੇਵਲ ਪੰਜ ਵਰਕਰ ਹੀ ਹਨ।

ਵਰਕਰਾਂ ਅਨੁਸਾਰ ਇਥੇ 15 ਵਰਕਰ ਨਹੀਂ ਹਨ। ਉਨ੍ਹਾਂ ਅਨੁਸਾਰ ਯੂਨੀਅਨ ਬਨਾਉਣ ਵਾਲੇ ਵਰਕਰ ਮਾਲਕਾਂ ਨੇ 'ਫਾਇਰ' ਕਰ ਦਿਤੇ ਹਨ - ਪੁਰਾਣਿਆਂ ਵਿਚੋਂ ਸਿਰਫ ਦੋ ਹੀ ਵਰਕਰ ਹਨ ਜੋ ਕਿ ਮਾਲਕਾਂ ਦੇ ਰਹਿਮ ਤੇ ਹਨ - ਉਨ੍ਹਾਂ ਕੋਲ ਕੇਵਲ 'ਵਰਕ ਪਰਮਿਟ' ਹੈ।

ਸੰਤ ਲੌਂਗੋਵਾਲ ਛੇਤੀ ਹੀ ਰਿਹਾ ਹੋਣਗੇ

ਅੰਮ੍ਰਿਤਸਰ — ਅਕਾਲੀ ਹਲਕਿਆਂ ਦੇ ਨਜ਼ਦੀਕੀ ਸੂਤਰਾਂ ਦਾ ਕਹਿਣਾ ਹੈ ਕਿ ਬੇਸ਼ਕ ਮਾਰਚ ਦੀਆਂ ਚੋਣਾਂ ਤੱਕ ਅਕਾਲੀ ਲੀਡਰਾਂ ਅਤੇ ਸਰਕਾਰ ਵਿਚਕਾਰ ਅੰਦਰੋ ਅੰਦਰੀ ਚਲ ਰਹੀ ਗਲਬਾਤ ਦੇ ਫੈਸਲੇ ਐਲਾਨੇ ਨਹੀਂ ਜਾਣਗੇ ਪਰ ਗੱਲਬਾਤ ਲਗਾਤਾਰ ਜਾਰੀ ਰਹੇਗੀ। ਇਨ੍ਹਾਂ ਸੂਤਰਾਂ ਨੇ ਇਹ ਵੀ ਦੱਸਿਆ ਹੈ ਕਿ ਸੰਤ ਲੌਂਗੋਵਾਲ ਅਤੇ ਹੋਰ ਅਕਾਲੀ ਲੀਡਰਾਂ ਦੀ ਰਿਹਾਈ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਪ੍ਰਮੁਖ ਅਕਾਲੀ ਲੀਡਰਾਂ ਨੇ ਕੇਂਦਰੀ ਸਰਕਾਰ ਨੂੰ ਸਪੱਸ਼ਟ ਕਹਿ ਦਿਤਾ ਹੈ ਕਿ ਸੰਤ ਲੌਂਗੋਵਾਲ, ਤਲਵੰਡੀ ਅਤੇ ਬਾਦਲ ਤੋਂ ਬਿਨਾਂ ਅਕਾਲੀਆਂ ਅਤੇ ਸਰਕਾਰ ਵਿਚਕਾਰ ਸਮਝੌਤਾ ਕਿਸੇ ਸਿਰੇ ਨਹੀਂ ਲੱਗ ਸਕਦਾ।

ਸੂਤਰਾਂ ਦੀ ਇਹ ਵੀ ਪੇਸ਼ੀਨਗੋਈ ਹੈ ਕਿ ਇਨ੍ਹਾਂ ਹਾਲਤਾਂ ਵਿਚ ਜੇ ਅਕਾਲੀ ਸੰਯੁਕਤ ਰੂਪ ਵਿਚ ਆਪਣੀਆਂ ਮੰਗਾਂ ਤੇ ਜ਼ੋਰ ਨਹੀਂ ਦੇਣਗੇ ਤਾਂ ਸਮਝੌਤੇ ਵਿਚ ਉਨੀ ਹੀ ਦੇਰੀ ਹੋਵੇਗੀ। ਇਸ ਲਈ ਦੂਜੀ ਕਤਾਰ ਦੇ ਲੀਡਰਾਂ ਵਲੋਂ ਇਹ ਰਤਨ ਕੀਤੇ ਜਾ ਰਹੇ ਹਨ ਕਿ ਸਭ ਅਕਾਲੀ ਧੜਿਆਂ ਨੂੰ ਇਕ ਪਲੈਟਫਾਰਮ ਉਤੇ ਲਿਆਂਦਾ ਜਾਵੇ।

ਸਾਡੇ ਪੱਤਰਕਾਰ ਅਨੁਸਾਰ ਅਕਾਲੀਆਂ ਦੇ ਦੋਵਾਂ ਮੁੱਖ ਧੜਿਆਂ ਵਿਚ ਜਥੇਦਾਰ ਕਿਰਪਾਲ ਸਿੰਘ ਤੇ ਹੋਏ ਹਮਲੇ ਕਾਰਨ ਨੇੜਤਾ ਵਧੀ ਹੈ ਤੇ ਉਹ ਇਹ ਮਹਿਸੂਸ ਕਰਨ ਲਗ ਪਏ ਹਨ ਕਿ ਅਤਿਵਾਦੀਆਂ ਦਾ ਨਿਸ਼ਾਨਾ ਮੁੱਖ ਤੌਰ ਤੇ ਹੁਣ ਅਕਾਲੀ ਲੀਡਰ ਹਨ। ਜੇ ਦੋਵੇਂ ਧੜੇ ਇਕੱਠੇ ਨਹੀਂ ਹੋਣਗੇ ਤਾਂ ਅਤਿਵਾਦੀਆਂ ਦਾ ਮੁਕਾਬਲਾ ਕਰਨਾ ਕਠਨ ਹੋਵੇਗਾ।

* ਜਦੋਂ ਕੋਈ ਨੌਜਵਾਨ ਵਿਆਹ ਤੋਂ ਪਹਿਲਾਂ ਔਰਤ ਅੱਗੇ ਹੱਥ ਜੋੜਦਾ ਹੈ ਤਾਂ ਉਸਨੂੰ ਪਿਆਰ ਕਹਿੰਦੇ ਹਨ। ਜਦੋਂ ਵਿਆਹ ਤੋਂ ਬਾਅਦ ਜੋੜਦਾ ਹੈ ਤਾਂ ਉਸਨੂੰ ਤਲਾਕ ਕਹਿੰਦੇ ਹਨ।

GOVT. GRANT
Ending Soon
HURRY!

$400 Govt. Grant for
Propane conversion of your
Vehicle.

ਆਪਣੀ ਕਾਰ ਨੂੰ ਪਰੋਪੇਨ ਵਿੱਚ ਤਬਦੀਲ ਕਰਵਾਉਣ ਤੇ ਗੌਰਮਿੰਟ ਦੀ 400 ਡਾਲਰ ਦੀ ਗਰਾਂਟ ਦਾ ਲਾਭ ਉਠਾਓ।

IMPCO FACTORY L.A. TRAINED
MECHANICS.
Visit or Call

BANSAL & SONS
8812 Laurel St., Vancouver, B.C.

Bus: 321-5177
Res: 325-1784

ਐਬਟਸਫੋਰਡ ਤੇ ਕਲੀਅਰਬਰੁੱਕ ਵਿੱਚ "ਕੈਨੇਡਾ ਦਰਪਣ"

ਕਲੀਅਰਬਰੁੱਕ ਵਿੱਚ ਹੁਣ 'ਕੈਨੇਡਾ ਦਰਪਣ' ਅਮਰ ਫੂਡਜ਼ ਤੋਂ ਮਿਲੇਗਾ।
ਐਬਟਸਫੋਰਡ - ਵਿੱਚ ਇੰਡੀਆ ਸਪਾਈਸ ਤੋਂ
ਮਿਸ਼ਨ - ਵਿੱਚ ਫਰੇਜ਼ਰ ਵੈਲੀ ਪ੍ਰੋਡੀਊਸ ਤੋਂ।

DOSANJH & PIRANI
#202 - 5887 Victoria Drive, Vancouver, B.C. V5P 3W5 Lawyers
PHONE: 327-6381

* ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ * ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
* ਵਿਉਪਾਰਕ ਮਸਲੇ * ਪ੍ਰਵਾਰ ਤੇ ਤਲਾਕ * ਫੌਜਦਾਰੀ ਤੇ ਸਿਵਲ * ਕੋਰਟ ਟਰਾਇਲ

ਉਂਜਲ ਦੁਸਾਂਝ ਤੇ ਮਹਿਬੂਬ ਪਿਰਾਨੀ

ਮਨੁਖਤਾ ਦੇ ਰਹਿਬਰ ਗੁਰੂ ਰਵਿਦਾਸ ਜੀ

ਸਮੁਚੀ ਮਨੁੱਖਤਾ ਨੂੰ ਸੁਖੀ ਅਤੇ ਚੜ੍ਹਦੀ ਕਲਾ ਵਿਚ ਵੇਖਣ ਦੇ ਮਹਾਨ ਲੋਚਕ ਸ਼੍ਰੀ ਗੁਰੂ ਰਵੀ ਦਾਸ ਜੀ 1377 ਈਸਵੀ, ਪਿਤਾ ਮਾਣੂ ਦਾਸ ਜਿਹਨਾਂ ਦਾ ਪ੍ਰਸਿੱਧ ਨਾਮ ਰਘੂ ਸੀ, ਮਾਤਾ ਕਰਮਾ ਦੇਵੀ ਜੀ ਦੀ ਕੁੱਖ ਤੋਂ ਜਨਮ ਲਿਆ। ਇਤਿਹਾਸ ਦਸਦਾ ਹੈ ਕਿ ਮਹਾਨ ਪੁਰਸ਼ ਨੇ ਉਸ ਸਮੇਂ ਹੀ ਜਨਮ ਲਿਆ ਜਦੋਂ ਮਨੁਖ ਨੇ ਮਨੁਖ ਦੀ ਰਤ ਪੀਣ ਵਿਚ ਹੀ ਆਪਣੀ ਮਹਾਨਤਾ ਸਮਝੀ। ਗੁਰੂ ਰਵਿਦਾਸ ਜੀ ਦਾ ਸਮਾਂ ਵੀ ਭਿਆਨਕ ਸਮਾਂ ਸੀ। ਪੰਨੂ ਦੀਆਂ ਪਾਈਆਂ ਵੰਡੀਆਂ ਪੁਰਸ਼ ਅਤੇ ਧਰਮ ਦੇ ਠੇਕੇਦਾਰ ਬ੍ਰਾਹਮਣ ਜਿੰਨਾਂ ਦਾ ਜ਼ਿਕਰ ਗੁਰੂ ਰਵਿਦਾਸ ਜੀ ਨੇ ਸਪਸ਼ਟ ਸ਼ਬਦਾਂ ਵਿਚ ਕੀਤਾ ਸ਼ੂਦਰਾਂ ਵਿਚ ਤੇ ਬ੍ਰਾਹਮਣਾਂ ਵਿਚ ਬਹੁਤ ਬੜਾ ਪਾੜਾ ਸੀ। ਦੋਹਾਂ ਵਿਚ ਵਿਚਾਰ ਵਟਾਂਦਰਾ ਹੋਵੇ ਤਾਂ ਕਿਵੇਂ ਹੋਵੇ। ਸ੍ਰੀ ਗੁਰੂ ਰਵਿਦਾਸ ਜੀ ਨੇ ਸਤ ਸਾਲ ਦੀ ਉਮਰ ਵਿਚ ਹੀ ਜਨੇਉ ਪਾ ਲਿਆ ਤੇ ਜੁਤੀਆ ਗੰਢਣ ਵਾਲੀ ਤਿੰਨ ਮਣ ਦੀ ਪਥਰੀ ਦੀ ਪੂਜਾ ਸ਼ੁਰੂ ਕਰ ਦਿੱਤੀ ਤੇ ਨਾਲ ਹੀ ਸੰਖ ਵਜਾ ਦਿਤਾ ,ਸੰਖ ਦੀ ਆਵਾਜ਼ ਸੁਣ ਕੇ ਪੰਡਤਾਂ ਦੇ ਭਾਅ ਦੀ ਬਣ ਗਈ। ਪੰਨੂ ਦੇ ਕਾਨੂੰਨ ਦੀ ਉਲੰਘਣਾ ਸੀ ਪੰਡਤਾਂ ਨੇ ਰਾਜਾਂ ਨਾਗਰਮਲ ਕੋਲ ਜਾ ਸ਼ਿਕਾਇਤ ਕੀਤੀ ਰਾਜੇ ਦੇ ਦਰਬਾਰ ਵਿਚ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਈਸ਼ਵਰ ਕਿਸੇ ਦੀ ਜਾਇਦਾਦ ਨਹੀਂ ਉਹ ਸਰਵ-ਵਿਆਪੀ ਹੈ। ਸਿਰਫ ਨਿਸ਼ਚੇ ਭਰੇ ਪ੍ਰੇਮ ਦੀ ਆਸ ਕਰਦਾ ਹੈ। ਗੁਰੂ ਰਵਿਦਾਸ ਜੀ ਨੂੰ ਈਸ਼ਵਰ ਭਗਤੀ ਦਾ ਹਕ ਮਨਵਾਉਣਾ ਹੀ ਪਿਆ। ਉਨ੍ਹਾਂ ਨੂੰ ਗੰਗਾ ਵਿਚ ਪਥਰੀ ਤਾਰਨੀ ਪਈ , ਆਪਣਾ ਕੰਧਾਂ ਪਾੜ ਕੇ ਜੰਜੂ ਕੱਢ ਕੇ ਦਿਖਾਉਣਾ ਪਿਆ ਅਤੇ ਹੋਰ ਕਈ ਕਿਸਮ ਦੇ ਕੌਤਕ ਦਿਖਾਏ। ਉਨ੍ਹਾਂ ਦੀ ਬਾਣੀ ਤੋਂ ਅਨੇਕ ਪ੍ਰਮਾਣ ਮਿਲਦੇ ਹਨ ਜਿਹੜੇ ਇਹ ਸਿੱਧ ਕਰਦੇ ਹਨ ਕਿ ਈਸ਼ਵਰ ਦੀ ਸ਼ਕਤੀ ਵਿਚ ਦ੍ਰਿੜ ਵਿਸ਼ਵਾਸ਼ ਹੋਵੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਤੋਂ ਪ੍ਰਭਾਵਕ ਹੋ ਕੇ ਕਈ ਰਾਜੇ ਰਾਣੀਆ, ਹਿੰਦੂ ਮੁਸਲਮਾਨ ਲੋਕਾਂ ਨੇ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਕੀਤੀ। ਮੀਰਾਂ, ਬਾਲਾਂ ਅਤੇ ਨਾਗਰਮਲ ਦੇ ਨਾ ਖਾਸ ਤੌਰ ਤੇ ਲਏ ਜਾ ਸਕਦੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਬੜੀ ਹੀ



ਮਿਠਾਸ ਹੈ। ਦਸਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਰਵਿਦਾਸ ਜੀ ਪਾਸ ਇਕ ਮਹੀਨਾ ਠਹਿਰੇ ਉਹਨਾਂ ਨੇ ਆਪ ਪਾਸੋਂ ਬਾਣੀ ਇਕਤਰ ਕੀਤੀ। ਭਾਈ ਬਾਲਾ ਜੀ ਦਸਦੇ ਹਨ ਕਿ ਗੁਰੂ ਰਵਿਦਾਸ ਜੀ ਦੇ ਸ਼ਬਦਾਂ ਨੂੰ ਕਈ ਵਾਰ ਗੁਣ ਗੁਣੀਦੇ ਕਹਿੰਦੇ ਸਨ। ਅਸਲ ਗੱਲ ਇਹ ਹੈ ਕਿ ਮਹਾਂ ਪੁਰਖਾਂ ਦਾ ਜਨਮ ਭਾਵੇਂ ਕਿਸੇ ਜਾਤੀ ਜਾਂ ਵਰਨ ਵਿਚ ਹੋਇਆ ਹੋਵੇ ਉਹਨਾਂ ਦੀ ਸਿੱਖਿਆ ਸਮੁਚੇ ਸੰਸਾਰ ਵਾਸਤੇ ਹੁੰਦੀ ਹੈ ਗੁਰੂ ਰਵਿਦਾਸ ਦੀ ਮਤ ਅਨੁਸਾਰ ਪਰਮਾਤਮਾ ਸਭ ਦਾ ਸਾਂਝਾ ਹੈ ਪ੍ਰਭੂ ਦਾ ਸਿਮਰਨ ਕਰਕੇ ਸਾਰੇ ਉੱਚੇ ਹੋ ਸਕਦੇ ਹਨ। ਉਨ੍ਹਾਂ ਨੇ ਉਚੀ ਆਤਮਿਕ ਅਵਸਥਾ ਪ੍ਰਾਪਤ ਕਰਕੇ ਵੀ ਨਿਮਰਤਾ ਦੇ ਧਾਰਣੀ ਰਹੇ ਤੇ ਉਹਨਾਂ ਦੇ ਮਨ ਵਿਚ ਰਤਾ ਵੀ ਹਉਮੈ ਨਹੀਂ ਆਈ। ਇਸੇ ਕਰਕੇ ਆਪ ਆਪਣੇ ਆਪ ਨੂੰ ਚਮਾਰ ਕਹਿ ਕੇ ਆਪਣੀ ਨਿਮਰਤਾ ਦਾ ਪ੍ਰਗਟਾਵਾ ਕੀਤਾ ਜਿਸ ਸਮਾਜ ਅੰਦਰ ਨਾਮ ਤੇ ਸੱਚ ਨੂੰ ਸਮਝ-ਕੇ ਚਲਣ ਵਾਲੇ ਹੋਣ ਉਸ ਸਮਾਜ ਵਿਚ ਦੂਈ ਦਵੈਤ, ਛੂਤ ਛਾਤ ਉਚ ਨੀਚ ਨਫਰਤ ਆਦਿ ਬੁਰਾਈਆ ਦੀਆ ਕੰਧਾਂ ਢਹਿ ਜਾਂਦੀਆਂ ਹਨ ਗੁਰੂ ਰਵਿਦਾਸ ਜੀ ਨੇ ਆਰਤੀ ਉਚਾਰਨ ਕੀਤੀ। ਜਿਸ ਆਰਤੀ ਨੂੰ ਧਰਮ ਅਸਥਾਨਾ ਤੇ ਸ਼ਾਮ ਦੇ ਵਕਤ ਕੀਰਤਨ ਦੁਆਰਾ ਸੰਗਤਾਂ ਨੂੰ ਸਰਵਣ ਕਰਵਾਈ ਜਾਂਦੀ ਹੈ।

"ਨਾਮ ਤੇਰੋ ਆਰਤੀ ਮਜਨ ਮੁਰਾਰੇ,
ਹਰਿ ਕੇ ਨਾਮ ਬਿਨ ਝੂਠੇ ਸਗਲ ਪਸਾਰੇ ॥

ਗੁਰੂ ਗ੍ਰੰਥ ਸਾਹਿਬ 1430 ਅੰਗਾਂ ਦੀ ਬਾਣੀ ਹੈ ਕਿਸੇ ਵੀ ਭੇਦ, ਵੰਡ, ਤੇ ਵੈਰ ਸਵੀਕਾਰ ਨਹੀਂ ਕੀਤਾ ਸਾਰੇ ਸੰਸਾਰ ਨੂੰ ਸਾਂਝਾ ਕਰ ਦਿੱਤਾ। ਉਚ ਅਤੇ ਨੀਚ ਅਮੀਰੀ ਅਤੇ ਗਰੀਬੀ ਦਾ ਕੋਈ ਵੀ ਭਿੰਨ ਭੇਦ ਦਿਸਦਾ ਹੀ ਨਹੀਂ ਪਰ ਅੱਜ ਇਸ ਤੇਜ ਸਮੇਂ ਨੇ ਨਾ ਸਾਂਝ ਹੀ ਅਤੇ ਨਾ ਏਕਤਾ ਹੀ ਰਹਿਣ ਦਿਤੀ ਹੈ। ਇਹ ਯਾਦ ਰੱਖਣਾ ਕਿ ਸਾਂਝ ਵਗੈਰ ਏਕਤਾ ਨਹੀਂ ਹੋਣੀ ਅਤੇ ਏਕਤਾ ਵਗੈਰ ਸ਼ਕਤੀ ਨਹੀਂ

(ਪੰਨਾ / ਦੀ ਬਾਕੀ)

ਦੇ ਭਵਿਖ ਸਬੰਧੀ ਸਰਕਾਰੀ ਸੌਦੇਬਾਜ਼ੀ ਕੀਤੀ, ਤਾਂ ਉਹ ਮੁਆਫ ਨਹੀਂ ਕੀਤੇ ਜਾਣਗੇ। ਸੰਸਾਰ ਭਰ ਦੇ ਨੌਜਵਾਨਾਂ ਨੂੰ ਇਕ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਤਰ ਹੋਣ ਦਾ ਸੱਦਾ ਦਿੱਤਾ ਗਿਆ।

ਹੋਣੀ। ਜੋ ਕੌਮਾਂ ਏਕਤਾ ਨਹੀਂ ਕਰਦੀਆਂ ਉਹ ਦੂਸਰਿਆਂ ਦੀ ਗੁਲਾਮੀ ਹੀ ਕਰਦੀਆਂ ਹਨ। ਦੁਨੀਆਂ ਵਿਚ ਅਨੇਕਾਂ ਧਰਮ ਅਤੇ ਮਤ ਹਨ ਧਰਮ ਜਾਂ ਮਤ ਕਰਕੇ ਕਿਸੇ ਨਾਲ ਨਫਰਤ ਨਾ ਕਰੋ।

ਸੰਗਤਾਂ ਦਾ ਦਾਸ
ਗੁਰਦਿਆਲ ਸਿੰਘ ਭਟੋਆ
ਪ੍ਰਿੰਸ ਜੋਰਜ਼

ਨੌਜਵਾਨ ਸਭਾ ਵਲੋਂ ਮੋਰਿੰਡਾ ਵਿਚ ਰੈਲੀ

ਮੋਰਿੰਡਾ, (ਨਿਜੀ ਪੱਤਰ ਪ੍ਰੇਰਕ)— ਸਥਾਨਕ ਧਰਮਸ਼ਾਲਾ ਵਿਚ ਸਰਵ ਭਾਰਤ ਨੌਜਵਾਨ ਸਭਾ ਜ਼ਿਲਾ ਰੋਪੜ ਦੇ ਵਰਕਰਾਂ ਦੀ ਇਕ ਵੱਡੀ ਰੈਲੀ ਹੋਈ ਜਿਸ ਨੂੰ ਆਲ ਇੰਡੀਆ ਯੂਥ ਫੈਡਰੇਸ਼ਨ ਸ਼ਾਖਾ ਪੰਜਾਬ ਦੇ ਜਨਰਲ ਸੈਕਟਰੀ ਸਾਥੀ ਮਹਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕੇਦਰ ਸਰਕਾਰ ਤੋਂ ਪੰਜਾਬ ਦੇ ਉਲਝੇ ਮਸਲੇ ਨੂੰ ਤੁਰੰਤ ਸੁਲਝਾਉਣ ਦੀ ਮੰਗ ਕੀਤੀ ਅਤੇ ਦੰਗਾ ਪੀੜਤਾਂ ਨੂੰ ਫੌਰੀ ਰਾਹਤ ਦੇਣ ਅਤੇ ਵਿਧਵਾਵਾਂ ਤੇ ਯਤੀਮਾਂ ਨੂੰ ਨੌਕਰੀਆਂ ਦੇਣ ਦੀ ਵੀ ਮੰਗ ਕੀਤੀ।

ਰੈਲੀ ਦੀ ਪ੍ਰਧਾਨਗੀ ਸਰਵ ਭਾਰਤ ਨੌਜਵਾਨ ਸਭਾ ਜ਼ਿਲਾ ਰੋਪੜ ਦੇ ਪ੍ਰਧਾਨ ਕਰਨੈਲ ਸਿੰਘ ਜੀਤ ਨੇ ਕੀਤੀ। ਉਨ੍ਹਾਂ ਮੋਰਿੰਡਾ ਸਥਿਤ ਵੱਡੀ ਫੈਕਟਰੀ ਸੋਢੀ ਸਪਿਨਰਜ਼ ਲਿ. ਮੋਰਿੰਡਾ ਦੇ ਵਰਕਰਾਂ ਵਿਚ ਫੈਕਟਰੀ ਐਕਟ ਲਾਗੂ ਕਰਨ ਅਤੇ ਯੂਨੀਅਨ ਦੇ ਪ੍ਰਧਾਨ ਦੀ ਤੁਰਤ ਬਹਾਲੀ ਦੀ ਮੰਗ ਵੀ ਕੀਤੀ।

ਰੈਲੀ ਵਿਚ ਜ਼ਿਲੇ ਦੇ ਜਨਰਲ ਸੱਕਤਰ ਸਾਥੀ ਦਵਿੰਦਰ ਕੁਮਾਰ ਨੰਗਲੀ ਨੇ ਦੱਸਿਆ ਕਿ ਜ਼ਿਲਾ ਡੇਲੀਗੇਟ ਇਜਲਾਸ 28 ਫਰਵਰੀ ਨੂੰ ਰੋਪੜ ਵਿਖੇ ਹੋਵੇਗਾ।

ਸ਼ੋਕ ਸਮਾਚਾਰ
ਮੇਜਰ ਗੁਰਦਿਆਲ ਸਿੰਘ ਉੱਪਲ ਸਵਰਗਵਾਸ

ਇਹ ਖਬਰ ਅਸੀਂ ਬੜੇ ਦੁੱਖ ਨਾਲ ਦੇ ਰਹੇ ਹਾਂ ਕਿ ਮੇਜਰ ਗੁਰਦਿਆਲ ਸਿੰਘ ਉੱਪਲ ਸਵਰਗਵਾਸ ਹੋ ਗਏ ਹਨ। ਉਨ੍ਹਾਂ ਦੀ ਉਮਰ 73 ਸਾਲ ਸੀ। ਮੇਜਰ ਸਾਹਿਬ ਪਿੰਡ ਮਲਿਕ ਜ਼ਿਲਾ ਲੁਧਿਆਣਾ ਦੇ ਨਿਵਾਸੀ ਸਨ। ਉਨ੍ਹਾਂ ਦੇ ਤਿੰਨ ਲੜਕੇ ਰਾਜਿੰਦਰ ਸਿੰਘ, ਰਵੀ ਅਤੇ ਬਾਵਾ ਸਿੰਘ ਹਨ।

ਸਵਰਗਵਾਸੀ ਮੇਜਰ ਸਾਹਿਬ ਦੀ ਅੰਤਮ ਅਰਦਾਸ 9 ਫਰਵਰੀ ਦਿਨ ਸ਼ਨਿਚਰਵਾਰ ਵੈਲੀ ਵਿਊ ਫਿਊਨਰਲ ਹੋਮ 14660-72 ਐਵਨਿਊ ਸਰੀ ਵਿੱਚ ਹੋਵੇਗੀ। ਸਭ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਨੂੰ ਬੇਨਤੀ ਹੈ ਕਿ ਅੰਤਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਦਸ ਵਜੇ ਵੈਲੀ ਵਿਊ ਫਿਊਨਰਲ ਹੋਮ ਪਹੁੰਚਣ ਅਤੇ ਅੰਤਮ ਅਰਦਾਸ ਵਿੱਚ ਸ਼ਾਮਲ ਹੋਣ।

ਇਸ ਸਬੰਧ ਵਿੱਚ ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ: 596-6459 ਜਾਂ 588-7758.

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐ cheque ☐ M.O. ☐ Draft as my Subscription for the year(s)..... I may be sent the newspaper at the following address :

Name.....
Address.....
City.....
Province.....
Postal code.....
PHONE.

One Year	20 dollars
Two Year	35 dollars
Three year	50 dollars
Life membership	200 dollars
ASIA	80 dollars(a year)
U.S.A.	25 dollars(a year)
Europe	80 dollars(a year)
Africa	80 dollars(a year)

NON-SMOKERS & SMOKERS
TOGETHER WE ARE STRONGER
NORTH AMERICAN LIFE
Permanent & Terms Plan
SUDESH KALIA
* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance
Ph. 685-9335

Real Plumbing & Electrical Supply
7211 Main St.(at 56th Ave.)
VANCOUVER, B.C. V5X 3J3
● ਸੇਲਜ ਐਂਡ ਸਰਵਿਸ
● ਪਲਬਿੰਗ
● ਹੀਟਿੰਗ
● ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
● ਸਰਮਿਕ ਟਾਈਲਜ ਇਨਸਟਾਲੇਸ਼ਨ
Do-It- Yourself
● ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ
Satwinder Reehal ਸਤਵਿੰਦਰ ਰੀਹਲ
Ph. 324 - 7066

ਭਾਰਤ ਦਰਪਣ

ਭਜਨ ਲਾਲ ਦੀ 'ਮਹਾਂ ਪੰਜਾਬ' ਦੀ ਤਜਵੀਜ਼ ਅਕਾਲੀਆਂ ਵੱਲੋਂ ਰੱਦ

ਲੁਧਿਆਣਾ - ਅਕਾਲੀ ਲੀਡਰਾਂ ਠੇਕੇਦਾਰ ਸੁਰਜਨ ਸਿੰਘ ਅਤੇ ਸ. ਪ੍ਰੇਮ ਸਿੰਘ ਲਾਲਪੁਰਾ ਨੇ ਚੌਧਰੀ ਭਜਨ ਲਾਲ ਦੀ ਇਹ ਤਜਵੀਜ਼ ਸ਼ਰਾਰਤ ਭਰਪੂਰ ਕਹਿ ਕੇ ਰੱਦ ਕਰ ਦਿੱਤੀ ਹੈ, ਕਿ ਹਰਿਆਣਾ ਪੰਜਾਬ ਅਤੇ ਹਿਮਾਚਲ ਨੂੰ ਮਿਲਾ ਕੇ "ਮਹਾਂ ਪੰਜਾਬ" ਬਣਾ ਦਿੱਤਾ ਜਾਵੇ।

ਉਹਨਾਂ ਕਿਹਾ ਕਿ ਰਾਜੀਵ ਗਾਂਧੀ ਦੇ ਇਸ਼ਾਰੇ ਤੇ ਭਜਨ ਲਾਲ ਨੇ ਇਹ ਗੱਲ ਚੁੱਕੀ ਹੈ।

ਹਰਿਆਣੇ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇ ਕੇ ਬਾਕੀ ਦਾ ਹਰਿਆਸਣਾ ਦਿੱਲੀ ਜਾਂ ਯੂ. ਪੀ. ਨਾਲ ਮਿਲਾ ਦੇਣਾ ਚਾਹੀਦਾ ਹੈ। ਜਲੰਧਰ ਦੇ ਵਿਉਪਾਰ ਮੰਡਲ, ਚੰਡੀਗੜ੍ਹ ਦੇ ਐਮ. ਪੀ. ਜਗਨ ਨਾਥ ਕੌਸ਼ਲ ਆਦਿ ਨੇ ਤਜਵੀਜ਼ ਦੀ ਸਰਾਹਣਾ ਕੀਤੀ। ਸ. ਉਮਰਾਓ ਸਿੰਘ ਨੇ ਕਿਹਾ, ਕਿ ਕੀ ਭਜਨ ਲਾਲ ਮਹਾਂ ਪੰਜਾਬ ਵਿੱਚ ਪੰਜਾਬੀ ਨੂੰ ਮੁੱਖ ਜ਼ਬਾਨ ਮੰਨੇਗਾ?"

ਹੈਡ ਗਰੰਥੀ ਸਾਹਿਬਾਨ ਨੇ ਹੁਕਮਨਾਮਾ ਜਾਰੀ ਕੀਤਾ ਕਿ ਪੰਥ ਨਾਜ਼ੁਕ ਸਮੇਂ 'ਚੋਂ ਲੰਘ ਰਿਹਾ ਹੈ, ਇਸ ਲਈ ਕੋਈ ਵੀ ਸਿੱਖ ਲੀਡਰ ਆਪਣੇ ਵੱਲੋਂ ਕਿਸੇ ਕਿਸਮ ਦਾ ਬਿਆਨ ਨਾ ਦੇਵੇ।

'ਮਹਾਂ ਪੰਜਾਬ' ਦੀ ਗੱਲ ਖਤਰਨਾਕ - ਨਬੂਦਰੀਪਾਦ

ਦਿੱਲੀ - ਭਾਰਤ ਦੀ ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਮਿ. ਈ. ਐਮ. ਐਸ. ਨਬੂਦਰੀਪਾਦ ਨੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਅਤੇ ਹੋਰ ਕਈ ਕਾਂਗਰਸ ਆਈ ਦੇ ਲੀਡਰਾਂ ਵੱਲੋਂ ਵਿਸ਼ਾਲ ਪੰਜਾਬ ਬਣਾਏ ਜਾਣ ਦੇ ਸੁਝਾਅ ਦੀ ਨਿਖੇਧੀ ਕੀਤੀ ਹੈ। ਉਹਨਾਂ ਆਖਿਆ ਕਿ ਇੰਜ ਕਰਨ ਨਾਲ ਪੰਜਾਬ ਦੀ ਸਮੱਸਿਆ ਹੋਰ ਵੀ ਉਲਝ ਜਾਏਗੀ।

ਸ੍ਰੀ ਨਬੂਦਰੀਪਾਦ ਨੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਵਿਸ਼ਾਲ ਪੰਜਾਬ ਦੇ ਸੁਝਾਅ ਦੀ ਹਾਲੀ ਤੀਕ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕੋਈ ਨਿਖੇਧੀ ਨਹੀਂ ਕੀਤੀ।

ਸਿੱਖਾਂ ਦੇ ਕਤਲੇਆਮ ਬਾਰੇ ਰੋਸ-ਜਲੂਸ

ਨਵੀਂ ਦਿੱਲੀ - ਆਲ ਇੰਡੀਆ ਸਿੱਖ ਕਾਨਫਰੰਸ ਦੇ ਮੈਂਬਰਾਂ, ਜਿੰਨ੍ਹਾਂ ਵਿੱਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਲ ਸਨ, ਨੇ ਲੋਕ ਸਭਾ ਅੱਗੇ ਸਿਰਾਂ ਤੇ ਕਾਲੀਆਂ ਪੱਗਾਂ, ਮੂੰਹ ਤੇ ਕਾਲੀਆਂ ਪੱਟੀਆਂ ਅਤੇ ਹੱਥ ਪਿੱਠ ਪਿੱਛੇ ਕਰਕੇ ਇੱਕ ਰੋਸ ਮਾਰਚ ਕੀਤਾ। ਬਲਰਾਮ ਜਾਖੜ ਨੂੰ ਮਿਲ ਕੇ ਉਹਨਾਂ ਦਿੱਲੀ ਵਿਖੇ ਸਿੱਖਾਂ ਦੇ ਹੋਏ ਕਤਲੇਆਮ ਅਤੇ ਜਾਇਦਾਦ ਦੇ ਨੁਕਸਾਨ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ।

ਰਾਜੀਵ ਗਾਂਧੀ ਮਈ ਮਹੀਨੇ 'ਚ ਰੂਸ ਜਾਏਗਾ।

ਨਵੀਂ ਦਿੱਲੀ - ਭਾਰਤ ਦਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਇਸ ਮਈ ਦੀ 16 ਤਰੀਕ ਤੋਂ 19 ਮਈ ਤੱਕ ਸੋਵੀਅਤ ਰੂਸ ਦੀ ਸਰਕਾਰੀ ਯਾਤਰਾ ਉਤੇ ਜਾਣਗੇ। ਇਸ ਮਗਰੋਂ ਜੂਨ ਵਿੱਚ ਉਹ ਫਰਾਂਸ ਅਤੇ ਅਮਰੀਕਾ ਦੇ ਸਰਕਾਰੀ ਦੌਰੇ ਤੇ ਜਾਏਗਾ।

ਅਮਰੀਕਾ ਜਾਣੋਂ ਤੋਂ ਪਹਿਲਾਂ ਉਹਨਾਂ ਦੇ ਰੂਸ ਜਾਣ ਦੇ ਫੈਸਲੇ ਨੂੰ ਇੱਥੇ ਦੇ ਸਿਆਸੀ ਹਲਕੇ ਬੜੀ ਮਹੱਤਤਾ ਦੇ ਰਹੇ ਹਨ। ਉਹ ਸਮਝਦੇ ਹਨ ਕਿ ਸ੍ਰੀਮਤੀ ਗਾਂਧੀ ਵਾਂਗ ਰਾਜੀਵ ਗਾਂਧੀ ਵੀ ਇਹ ਪ੍ਰਗਟ ਕਰਨਾ ਚਾਹੁੰਦੇ ਹਨ ਕਿ ਰੂਸ ਭਾਰਤ ਦੇ ਵਧੇਰੇ ਨਜ਼ਦੀਕ ਹੈ।

ਐਡਵਰਟਾਇਜਮੈਂਟ ਲਈ
ਫੋਨ ਕਰੋ -
ਭਵਖੰਡਨ 324-4381

ਵਿਸ਼ੇਸ਼ ਅਦਾਲਤਾਂ ਵੱਲੋਂ ਮੁਕੱਦਮੇ ਅੱਗੇ ਪਾ ਦਿੱਤੇ

ਜੋਧਪੁਰ (ਰਾਜਿਸਥਾਨ) - ਪੰਜਾਬ ਦੇ 379 ਕਥਿਤ ਅਤਿਵਾਦੀਆਂ ਉਤੇ ਵਿਸ਼ੇਸ਼ ਅਦਾਲਤਾਂ ਵਿੱਚ ਚਲਾਏ ਜਾ ਰਹੇ ਮੁਕੱਦਮੇ ਫਰਵਰੀ ਦੇ ਪਹਿਲੇ ਹਫਤੇ 'ਤੇ ਪਾ ਦਿੱਤੇ ਗਏ ਹਨ।

ਅਕਾਲੀ ਦਲ ਨੇ ਕਿਹਾ ਹੈ ਕਿ ਵਿਸ਼ੇਸ਼ ਅਦਾਲਤਾਂ, ਅੰਗਰੇਜ਼ਾਂ ਦੇ ਰੋਲਟ ਐਕਟ ਨਾਲੋਂ ਵੀ ਵੱਧ ਘਿਨਾਉਣੀਆਂ ਹਨ, ਸੋ ਇਹਨਾਂ ਵਿਰੁੱਧ ਰਿਟਾਂ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਦਾਇਰ ਕੀਤੀਆਂ ਗਈਆਂ ਹਨ। ਜਦੋਂ ਤੱਕ ਫੈਸਲੇ ਨਹੀਂ ਆ ਜਾਂਦੇ, ਕਾਰਵਾਈ ਰੋਕੀ ਜਾਵੇ।

ਭੂਪਾਲ ਦੇ ਲੋਕਾਂ ਲਈ ਸਹਾਇਤਾ

ਨਵੀਂ ਦਿੱਲੀ — ਯੂ. ਐਨ. ਆਈ. ਦੀ ਖਬਰ ਅਨੁਸਾਰ ਭੂਪਾਲ ਦੇ ਜ਼ਹਿਰੀਲੀ ਗੈਸ ਦੇ ਪੀੜਤ ਲੋਕਾਂ ਨੂੰ ਪ੍ਰਧਾਨ ਮੰਤਰੀ ਦੇ ਕੌਮੀ ਫੰਡ ਵਿਚੋਂ ਇਕ ਕਰੋੜ ਰੁਪਏ ਦੀ ਪ੍ਰਵਾਨਗੀ ਦਿਤੀ ਗਈ ਹੈ। ਇਸ ਤੋਂ ਪਹਿਲਾਂ 32 ਲੱਖ ਰੁਪਏ ਦੀ ਸਹਾਇਤਾ ਪੀੜਤ ਲੋਕਾਂ ਨੂੰ ਦਿਤੀ ਜਾ ਚੁਕੀ ਹੈ। ਯਾਦ ਰਹੇ ਕਿ ਇਸ ਜ਼ਹਿਰੀਲੀ ਗੈਸ ਕਾਰਨ 2500 ਵਿਅਕਤੀ ਬੱਚੇ ਤੇ ਔਰਤਾਂ ਮਾਰੇ ਗਏ ਸਨ।

ਪੱਤਰਕਾਰਾਂ ਲਈ ਬੋਰਡ

ਕੇਦਰ ਸਰਕਾਰ ਪੱਤਰਕਾਰਾਂ ਲਈ ਨਵਾਂ ਵੇਜ ਬੋਰਡ ਬਿਠਉਣ ਦੀ ਮੰਗ ਉੱਤੇ ਵਿਚਾਰ ਕਰ ਰਹੀ ਹੈ। ਇਹ ਜਾਣਕਾਰੀ ਕੇਦਰੀ ਕਿਰਤ ਮੰਤਰੀ ਟੀ. ਅੰਜੀਹਾ ਨੇ ਦਿਤੀ ਹੈ। ਉਨ੍ਹਾਂ ਇਹ ਵੀ ਦਸਿਆ ਕਿ ਐਮਰਜੈਂਸੀ ਵਿਚ ਔਰਤਾਂ ਨੂੰ ਰਾਤ ਦੀ ਡਿਊਟੀ ਉਤੇ ਬੁਲਾਏ ਦੇ ਬਾਰੇ ਸਬੰਧਿਤ ਸੰਸਥਾਵਾਂ ਦੇ ਮਾਲਕਾਂ ਅਤੇ ਮੁਲਾਜ਼ਮਾਂ ਨਾਲ ਸਲਾਹ ਕਰਕੇ ਪਾਬੰਦੀ ਖਤਮ ਕੀਤੀ ਜਾ ਰਹੀ ਹੈ।

ਸੁਪਰੀਮ ਕੋਰਟ ਦਾ ਨਵਾਂ ਬੈਂਚ ਨਹੀਂ

ਨਵੀਂ ਦਿੱਲੀ, (ਯੂ. ਐਨ. ਆਈ.)—ਕਾਨੂੰਨ ਮੰਤਰੀ ਸ੍ਰੀ ਏ. ਕੇ. ਸੇਨ ਨੇ ਅਜ ਲੋਕ ਸਭਾ ਵਿਚ ਦੱਸਿਆ ਕਿ ਦੱਖਣੀ ਭਾਰਤ ਵਿਚ ਸੁਪਰੀਮ ਕੋਰਟ ਦਾ ਇਕ ਬੈਚ ਸਥਾਪਤ ਕਰਨ ਦਾ ਕੋਈ ਵਿਚਾਰ ਨਹੀਂ।

—ਯੂ. ਐਨ. ਆਈ.

GURU BAZAAR
6529 Main St. (49th Ave.)
Vancouver, B.C.
Ph: 327-4422

ROKKO SAREES

SALE

Printed Suit 4½ Yard &
Printed Matching Chuni 2¼ Yard
$9.99

Chuni Wale Suit $16.00

Chesterfield De Cover
Plain & Printed 60"
Has Arrived

ROKKO SAREES &
FABRICS
6201 Fraser St.(46th Ave.)
Vancouver, B.C.
Ph: 327-3033

ਸਾਨੂੰ ਲੋਕਾਂ ਦਾ ਸਾਥ ਚਾਹੀਦਾ ਹੈ

(ਬੰਬੇ ਪਲੇਸ ਰੈਸਟੋਰੈਂਟ ਦੇ ਹੜਤਾਲੀ ਵਰਕਰਾਂ ਦੀ ਪਿਕਟ ਲਾਈਨ ਤੇ ਹੋਈ ਗਲਬਾਤ)

ਮੁਲਾਕਾਤੀ: ਵੈਨਕੂਵਰ ਸੱਥ (ਸੁਖਵੰਤ ਹੁੰਦਲ, ਸਾਧੂ)

ਪ੍ਰਸ਼ਨ:
ਕੀ ਤੁਸੀਂ ਸਾਨੂੰ ਸਭ ਤੋਂ ਪਹਿਲਾਂ ਬੰਬੇ ਪੈਲੇਸ ਰੈਸਟੋਰੈਂਟ ਬਾਰੇ ਦਸ ਸਕਦੇ ਹੋ ਕਿ ਇਹ ਕਿੱਡੀ ਕੁ ਵੱਡੀ ਕੰਪਨੀ ਹੈ। ਵੈਨਕੂਵਰ ਵਿੱਚ ਇਹ ਰੈਸਟੋਰੈਂਟ ਖੁਲ੍ਹੇ ਨੂੰ ਕਿੰਨਾ ਚਿਰ ਹੋਇਆ ਹੈ?

ਇਕ:
ਵੈਨਕੂਵਰ ਵਿਚ ਇਸ ਰੈਸਟੋਰੈਂਟ ਖੁਲ੍ਹੇ ਨੂੰ ਸਵਾ ਕੁ ਸਾਲ ਹੋਇਆ ਹੈ। ਇਹ 14 ਦਸੰਬਰ 1983 ਨੂੰ ਖੁਲ੍ਹਿਆ ਹੈ।

ਪ੍ਰਸ਼ਨ: ਕੀ ਇਸ ਕੰਪਨੀ ਦੇ ਹੋਰ ਸ਼ਹਿਰਾਂ ਵਿਚ ਵੀ ਰੈਸਟੋਰੈਂਟ ਹਨ।
ਇਕ: ਹਾਂ ਜੀ, ਸਾਰੀ ਦੁਨੀਆਂ ਵਿਚ ਹੈ। ਟਰਾਂਟੋ ਹੈ, ਨਿਊਯਾਰਕ ਹੈ। ਨਿਊਯਾਰਕ ਵਿਚ ਵੀ ਇਨ੍ਹਾਂ ਨੇ ਯੂਨੀਅਨ ਨਾਲ ਕੰਨਟਰੈਕਟ ਨਹੀਂ ਸਾਈਨ ਨਹੀਂ ਕੀਤਾ, ਉਥੇ ਪਿਕਟ ਲਾਈਨ ਹੈ। ਹੂਸਟਨ ਇਸ ਕੰਪਨੀ ਦਾ ਵਾਈਟ ਪਲੇਨ ਰੈਸਟੋਰੈਂਟ ਸੀਗਾ, ਉਥੇ ਯੂਨੀਅਨ ਬਣ ਗਈ ਤਾਂ ਇਨ੍ਹਾਂ ਨੇ ਫੂਡ ਚੇਂਜ ਕਰ ਦਿੱਤਾ ਮੈਕਸੀਕਨ ਫੂਡ ਕਰ ਦਿੱਤਾ।
ਦੂਜਾ: ਚਾਰ ਪੰਜ ਰੈਸਟੋਰੈਂਟ ਸਾਰੀ ਦੁਨੀਆਂ ਵਿਚ ਖੁੱਲ ਰਹੇ ਹਨ। 85 ਦੇ ਵਿੱਚ ਲਾਸਏਂਜਲਸ, ਪੈਰਿਸ, ਅਤੇ ਇਕ ਨਵੀਂ ਦਿੱਲੀ 'ਘੁੰਮਣਵਾਲਾ' (Revolving) ਰੈਸਟੋਰੈਂਟ ਖੁਲ੍ਹ ਰਿਹਾ ਹੈ।

ਪ੍ਰਸ਼ਨ: ਕੀ ਤੁਹਾਨੂੰ ਅੰਦਾਜਾ ਹੈ ਕਿ ਵੈਨਕੂਵਰ ਵਿਚਲੀ ਰੈਸਟੋਰੈਂਟ ਦੀ ਮਹੀਨੇ ਦੀ ਕਿੰਨੀ ਕੁ ਸੇਲ ਹੈ ?
ਇਕ: ਮਹੀਨੇ ਦੀ 80 ਹਜ਼ਾਰ ਡਾਲਰ ਦੇ ਲਗਭਗ ਹੈ।

ਪ੍ਰਸ਼ਨ: ਕੀ ਤੁਸੀਂ ਸਾਨੂੰ ਦੱਸੋਗੇ ਕਿ ਕੀ ਇਸ ਰੈਸਟੋਰੈਂਟ ਵਿਚ ਕਿੰਨੇ ਲੋਕ ਕੰਮ ਕਰਦੇ ਹਨ ?
ਇਕ: ਅਰਾਉਂਡ 20-21 ਦੇ ਲਗਭਗ।

ਪ੍ਰਸ਼ਨ: ਸਾਨੂੰ ਆਪਣੇ ਕੰਮ ਦੀਆਂ ਹਾਲਤਾਂ ਵਿਸਥਾਰ ਨਾਲ ਦੱਸੋ ?
ਇਕ: ਸਾਨੂੰ 11-12 ਘੰਟੇ ਇਕ ਸ਼ਿਫਟ ਵਿੱਚ ਕੰਮ ਕਰਨਾ ਪੈਂਦਾ ਹੈ। ਛੇ ਛੇ ਦਿਨ। ਕਿਸੇ ਨੂੰ ਕੋਈ ਓਵਰਟਾਈਮ ਨਹੀਂ ਮਿਲਦਾ, ਕਿਸੇ ਨੂੰ ਹਾਲੀਡੇ ਪੇ ਨਹੀਂ ਮਿਲਦੀ। ਇਸ ਤਰ੍ਹਾਂ ਸਾਨੂੰ 65-70 ਘੰਟੇ ਇਕ ਹਫਤੇ ਵਿਚ ਕੰਮ ਕਰਨਾ ਪੈਂਦਾ ਸੀ।
ਦੂਜਾ: ਹਾਂ ਜੀ, 65-70 ਘੰਟੇ ਇਕ ਹਫਤੇ ਵਿੱਚ ਕੰਮ ਕਰਦਾ ਸੀ ਅਤੇ ਮੈਨੂੰ ਸੈਲਰੀ ਮਿਲਦੀ ਸੀ 900 ਡਾਲਰ ਪ੍ਰਤੀ ਮਹੀਨਾ। ਜਿਸ ਨਾਲ 3 ਡਾਲਰ ਅਤੇ ਚਾਲੀ ਸੈਂਟ ਘੰਟੇ ਦੇ ਪੈਂਦੇ ਸੀ। ਨੌ ਹਾਲੀਡੇ ਪੇ, ਨੌ ਮੈਡੀਕਲ, ਕੁੱਛ ਨਹੀਂ ਸੀ ਦਿੰਦੇ
ਤੀਜਾ: ਨਾਂ ਹੀ ਓਵਰਟਾਈਮ ਮਿਲਦਾ ਸੀ।
ਦੂਜਾ: ਇਸਦੇ ਨਾਲ ਹੀ ਕੁੱਝ ਲੋਕ ਰੈਸਟੋਰੈਂਟ ਵਿਚ ਅਜਿਹੇ ਸੀ ਜਿਹੜੇ ਮਾਲਕਾਂ ਦੇ ਚਹੇਤੇ ਸੀ, ਉਹ ਕੰਮ ਘੱਟ ਕਰਦੇ ਸੀ, ਪਰ ਉਨ੍ਹਾਂ ਦੀ ਪੁੱਛ ਸਾਡੇ ਨਾਲੋਂ ਜ਼ਿਆਦਾ ਸੀ। ਸਾਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਸੀ।
ਤੀਜਾ: ਸਾਨੂੰ ਕੰਮ ਬਹੁਤ ਕਰਨਾ ਪੈਂਦਾ ਹੁੰਦਾ ਸੀ।
ਚੌਥਾ: ਸਾਨੂੰ ਕੋਈ ਕਾਫੀ ਬਰੇਕ ਨਹੀਂ ਸੀ। ਆਪਣੇ ਦੇਸ਼ ਪਿਡਾਂ ਵਿਚ ਆਪਾਂ ਡੰਗਰਾਂ ਨਾਲ ਵੀ ਏਦਾਂ ਨਹੀਂ ਕਰਦੇ, ਜਿੱਦਾਂ ਸਾਡੇ ਨਾਲ ਇਥੇ ਹੁੰਦੀ ਸੀ। ਜਿਵੇਂ ਇਕ ਦਿਨ ਹੋਟਲ ਵਿਚ ਤਿੰਨ ਪਾਰਟੀਆਂ ਸਨ। ਉਸ ਦਿਨ ਸਾਨੂੰ ਸਵੇਰ ਦੇ ਦੱਸ ਵਜੇ ਤੋਂ ਲੈਕੇ ਇਕ ਵਜ਼ੇ ਤਕ ਨਾਂ ਕੋਈ ਕਾਫੀ ਬਰੇਕ ਮਿਲੀ ਨਾਂ ਲੰਚ ਬਰੇਕ। ਅਸੀਂ ਕਿਉਂਕਿ ਸਿੰਗਲ ਮੁੰਡੇ ਸੀ ਅਸੀਂ ਘਰੋਂ ਵੀ ਸਿਰਫ ਚਾਹ ਦਾ ਕੱਪ ਪੀ ਕੇ ਗਏ ਸੀ ਤੇ ਉਸ ਦਿਨ ਸਵੇਰ ਦੇ ਦੱਸ ਤੋਂ ਇਕ ਵਜ਼ੇ ਤੱਕ ਅਸੀਂ ਬਿਨਾਂ ਕੁੱਝ ਖਾਧੇ ਪੀਤੇ ਕੰਮ ਕੀਤਾ। ਇਹ ਤਾਂ ਸਾਨੂੰ ਈ ਪਤਾ ਕਿ ਅਸੀਂ ਉਹ ਦਿਨ ਕਿਸ ਤਰ੍ਹਾਂ ਬਿਤਾਇਆ।
ਪੰਜਵਾਂ: ਜਦੋਂ ਕੋਈ ਨਵਾਂ ਬੰਦਾ ਕੰਮ ਤੇ ਲਗਦਾ ਹੈ, ਭਾਵੇਂ ਉਹਦੇ ਕੋਲ ਜਿੰਨਾ ਮਰਜ਼ੀ ਤਜਰਬਾ ਹੋਵੇ, ਇਨ੍ਹਾਂ ਉਹਦਾ ਇਕ ਵੀਕ ਜਾਂ ਦੋ ਚਾਰ ਦਿਨ ਟਰਾਈ ਦੇ ਜਰੂਰ ਕੱਟਣੇ ਆ। ਜਿਵੇਂ ਮੈਂ ਦੋ ਢਾਈ ਸਾਲ ਪਹਿਲਾਂ ਇਕ ਹੋਰ ਹੋਟਲ ਵਿਚ ਕੰਮ ਕੀਤਾ ਸੀ। ਮੈਨੂੰ ਏਦਾਂ ਤਾਂ ਪਤਾ ਸੀ ਕਿ ਪਲੇਟ ਕਿੱਦਾਂ ਚੁੱਕਣੀ ਆ, ਕਸਟਮਰ ਨਾਲ ਗੱਲ ਕਿੱਦਾਂ ਕਰਨੀ ਆ, ਪਰ ਇਨ੍ਹਾਂ ਨੇ ਮੇਰੇ ਵੀ ਦੋ ਦਿਨ ਟਰੇਨਿੰਗ ਦੇ ਕੱਟ ਲਏ।
ਚੌਥਾ: ਸਾਨੂੰ ਸਾਡੀ ਟਿਪ ਨਹੀਂ ਸੀ ਦਿੰਦੇ। ਉਹ ਆਪ ਰੱਖ ਦੇ ਸਨ ਅਤੇ ਆਪਣੀ ਮਰਜੀ ਨਾਲ ਸਾਡੇ ਵਿਚ ਵੰਡਦੇਹਨ।

ਪ੍ਰਸ਼ਨ: ਕੀ ਤੁਹਾਨੂੰ ਤਨਖਾਹ ਘੰਟਿਆਂ ਦੇ ਹਿਸਾਬ ਨਾਲ ਮਿਲਦੀ ਸੀ ?
ਇਕ: ਨਹੀਂ। ਉਹ ਲੰਚ ਦੇ ਸਾਨੂੰ ਪੰਦਰਾਂ ਡਾਲਰ ਦਿੰਦਾ ਸੀ ਅਤੇ ਵੀਹ ਡਾਲਰ ਡਿਨਰ ਦੇ। ਜਿਸ ਵਿਚ ਟਾਈਮ ਦੀ ਕੋਈ ਲਿਮਟ ਨਹੀਂ ਹੁੰਦੀ ਸੀ।

ਪ੍ਰਸ਼ਨ: ਲੰਚ ਕਿੰਨੇ ਕੁ ਤੱਕ ਹੁੰਦਾ ਸੀ।
ਇਕ: ਸਵੇਰ ਦੇ ਦਸ ਵਜ਼ੇ ਤੋਂ (ਸ਼ਾਮ ਦੇ) ਸਾਢੇ ਤਿੰਨ ਤਕ ਅਤੇ ਡਿਨਰ ਹੁੰਦਾ ਸੀ (ਸ਼ਾਮ ਦੇ) ਸਾਢੇ ਚਾਰ ਤੋਂ ਲੈ ਕੇ 12 ਵਜ਼ੇ ਤੱਕ। ਜੇ ਕਸਟਮਰ ਬੈਠਾ ਹੈ ਤਾਂ ਕਈ ਵਾਰੀ ਇਕ ਵਜੇ ਤਕ ਵੀ ਰਹਿਣਾ ਪੈਂਦਾ ਸੀ।
ਦੂਜਾ: ਤੇ ਕਈ ਵਾਰੀ ਦੋ ਤਿੰਨ ਵਜੇ ਤੱਕ ਵੀ।

ਪ੍ਰਸ਼ਨ: ਉਹ ਤੁਹਾਨੂੰ ਕਿਸੇ ਤਰ੍ਹਾਂ ਦੀ ਬੈਨੀਫਿਟ ਵੀ ਦਿੰਦੇ ਹਨ ?
ਇਕ: ਬੈਨੀਫਿਟ ਦੀ ਗੱਲ ਸੁਣ ਲਉ ਜੀ, ਸਾਡੇ ਇਕ ਮੁੰਡਾ ਸੀ ਉਹ ਕਿਚਨ ਹੈਲਪਰ ਦਾ ਕੰਮ ਕਰਦਾ ਸੀ। ਉਹਦੀ ਉਂਗਲ ਵੱਢੀ ਗਈ। ਮੈਂ ਆਪਣੀ ਕਾਰ ਵਿਚ ਉਹਨੂੰ ਐਮਰਜੈਂਸੀ ਲੈ ਕੇ ਗਿਆ। ਡਾਕਟਰ ਨੇ ਉਹਨੂੰ ਕਿਹਾ ਕਿ ਤਿੰਨ ਤੋਂ ਪੰਜ ਦਿਨ ਉਹ ਕੰਮ ਤੇ ਨਹੀਂ ਜਾ ਸਕਦਾ। ਉਹ ਤਿੰਨ ਦਿਨ ਕੰਮ ਤੇ ਨਹੀਂ ਗਿਆ ਅਤੇ ਇਹਨਾਂ ਉਹਦੀ ਤਿੰਨਾਂ ਦਿਨਾਂ ਦੀ ਤਨਖਾਹ ਕੱਟ ਲਈ।
ਦੂਜਾ: ਉਨ੍ਹਾਂ ਨੇ ਪੱਟੀ ਪੁੱਟੀ ਤਾਂ ਕੀ ਕਰਾ ਕੇ ਦੇਣੀ ਆ, ਰੈਸਟੋਰੈਂਟ ਵਿਚ ਕੋਈ ਬੈਂਡੇਜ਼ (Band Aid) ਨਹੀਂ ਹੁੰਦੀ ਬਈ ਕੋਈ ਵਰਤ ਲਵੇ।

ਪ੍ਰਸ਼ਨ: ਤੁਹਾਨੂੰ ਕਿਸੇ ਕਿਸਮ ਦੀ ਯੂਨੀਫਾਰਮ ਵੀ ਪਾਉਣੀ ਪੈਂਦੀ ਸੀ।
ਇਕ: ਹਾਂ ਜੀ. ਸਾਨੂੰ ਕਾਲੀ ਯੂਨੀਫਾਰਮ ਪਾਉਣੀ ਪੈਂਦੀ ਹੈ। ਕਾਲੀ ਜੈਕਟ ਜਾਂ ਕੋਟ। ਚਿੱਟੀ ਸ਼ਰਟ ਅਤੇ ਬੋ ਟਾਈ।

ਪ੍ਰਸ਼ਨ: ਇਹ ਤੁਹਾਨੂੰ ਉਹ ਦਿੰਦੇ ਹਨ ?
ਇਕ: ਨਹੀਂ। ਇਹ ਸਾਨੂੰ ਆਪ ਲੈਣੀ ਪੈਂਦੀ ਹੈ। ਅਤੇ ਇਹਨੂੰ ਡਰਾਈਕਲੀਨ ਕਰਾਉਣ ਦਾ ਖਰਚਾ ਵੀ ਸਾਨੂੰ ਕਰਨਾ ਪੈਂਦਾ ਹੈ। ਭਾਵੇਂ ਹਫਤੇ ਵਿਚ ਇਕ ਵਾਰ ਕਰਾਉਣੀ ਪਵੇ ਭਾਵੇਂ ਚਾਰ ਵਾਰੀ।

ਪ੍ਰਸ਼ਨ: ਤੁਸੀਂ ਆਪਣੇ ਕੰਮ ਦੀਆਂ ਹਾਲਤਾਂ ਦਾ ਦੂਜੇ ਰੈਸਟੋਰੈਂਟ ਨਾਲ ਕਿਵੇਂ ਮੁਕਾਬਲਾ ਕਰੋਗੇ?
ਇਕ: ਬੇਸੀਕਲੀ, ਦੂਜੇ ਰੈਸਟੋਰੈਂਟ ਵਿਚ ਡਿਸ਼ਵਾਸ਼ਰ ਦਾ ਕੰਮ ਸਿਰਫ ਭਾਂਡੇ ਧੋਣਾ ਹੀ ਹੁੰਦਾ ਹੈ। ਲੇਕਿਨ ਸਾਡੇ ਡਿਸ਼ਵਾਸ਼ਰ ਨੂੰ 'ਹੈਲਪਰ' ਦਾ ਕੰਮ ਵੀ ਕਰਨਾ ਪੈਂਦਾ ਹੈ। ਜਿਵੇਂ:- ਗਾਰਲਿਕ ਛਿਡਣੇ, ਗੰਢੇ ਛਿਲਣੇ। ਅਤੇ ਹੋਰ ਰੈਸਟੋਰੈਂਟ ਵਿਚ ਕਲੀਨਅਪ ਕਰਨ ਵਾਲੇ ਬੰਦੇ ਹੁੰਦੇ ਆ ਜਿਵੇਂ:- ਬਾਹਰ ਵੈਕਊਮ ਕਰਨਾ, ਚੁੱਲ੍ਹੇ ਸਾਫ ਕਰਨੇ ਆ , ਵਾਸ਼ਰੂਮ ਕਲੀਨ ਕਰਨੇ ਆ। ਸਾਡੇ ਇਹ ਸੱਭ ਕੁੱਝ ਡਿਸ਼ਵਾਸ਼ਰ (Dishwasher) ਨੂੰ ਹੀ ਕਰਨਾ ਪੈਂਦਾ ਹੈ।

ਪ੍ਰਸ਼ਨ: ਕੀ ਤੁਸੀਂ ਇਹੋ ਜਿਹੀਆਂ ਹਾਲਤਾ ਨੂੰ ਸੁਧਾਰਨ ਲਈ ਮਾਲਕਾਂ ਨਾਲ ਗੱਲ ਬਾਤ ਕੀਤੀ ?
ਇਕ: ਹਾਂ ਅਸੀਂ ਗੱਲ ਕੀਤੀ। ਮੈਨੇਜ਼ਰ ਦੋ ਕੁ ਹਫਤਿਆਂ ਬਾਅਦ ਸਾਡੇ ਨਾਲ ਮੀਟਿੰਗ ਕਰਕੇ ਸਾਡੇ ਕੰਮ ਵਿਚ ਨੁਕਸ ਕੱਢਦਾ ਰਿਹਾ। ਜਦੋਂ ਰੈਸਟੋਰੈਂਟ ਖੁਲਿਆ ਉਦੋਂ ਮਾਲਕਾਂ ਨੇ ਸਾਡੇ ਨਾਲ ਵਾਅਦਾ ਕੀਤਾ ਸੀ ਕਿ ਜੇ ਅਸੀਂ ਮਿਹਨਤ ਨਾਲ ਕੰਮ ਕਰੀਏ ਤਾਂ ਤਿੰਨ ਮਹੀਨਿਆਂ ਬਾਅਦ ਸਾਡੀ ਤਨਖਾਹ ਵਧਾਉਣਗੇ। ਪਰ ਕਿਸੇ ਨੇ ਨਹੀਂ ਵਧਾਈ।
ਦੂਜਾ: ਅਸੀਂ ਬਹੁਤ ਮਿਹਨਤ ਕਰਕੇ ਦਿਖਾਈ ਪਰ ਕਿਸੇ ਨੇ ਵੀ ਸਾਡੀ ਤਿੰਨਾਂ ਮਹੀਨਿਆਂ ਬਾਅਦ ਤਨਖਾਹ ਨਹੀਂ ਵਧਾਈ।

ਪ੍ਰਸ਼ਨ: ਜਿਵੇਂ ਤੁਸੀਂ ਦੱਸਿਆ ਹੈ ਕਿ ਏਥੇ ਕੰਮ ਦੀਆਂ ਹਾਲਤਾਂ ਏਨੀਆਂ ਮਾੜੀਆਂ ਸਨ, ਤੁਸੀਂ ਅਜਿਹੀਆ ਹਾਲਤਾਂ ਦੇ ਹੁੰਦੇ ਹੋਏ ਵੀ ਕਿਉਂ ਕੰਮ ਕਰਦੇ ਰਹੇ, ਉਥੋਂ ਕੰਮ ਛੱਡ ਕਿਉਂ ਨਹੀਂ ਦਿੱਤਾ ?
ਇਕ: ਜਿਵੇਂ ਤੁਹਾਨੂੰ ਪਤਾ ਈ ਆ ਕਿ ਕਨੇਡਾ ਵਿਚ, ਬੀ. ਸੀ. ਵਿਚ ਕਿੰਨੀਆਂ ਕੁ ਜੌਬਾਂ ਮਿਲਦੀਆ ਹਨ। ਕਿਤੇ ਵੀ ਕੋਈ ਕੰਮ ਨਹੀਂ ਮਿਲਦਾ, ਇਸ ਲਈ ਮਜ਼ਬੂਰੀ ਕਾਰਨ ਅਸੀਂ ਉਥੇ ਕੰਮ ਕਰਦੇ ਰਹੇ। ਅਤੇ ਮਾਲਕ ਸਾਡਾ ਇਸ ਮਜ਼ਬੂਰੀ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ।
ਦੂਜਾ: ਹਾਂ ਜੀ, ਇਹ ਸਾਡੀ ਮਜ਼ਬੂਰੀ ਹੈ। ਜੇ ਅਸੀਂ ਮਾਲਕਾਂ ਨੂੰ ਕਹਿੰਦੇ ਹਾਂ ਕਿ ਸਾਨੂੰ ਸਾਡੀ ਟਿਪ ਮਿਲਨੀ ਚਾਹੀਦੀ ਹੈ ਤਾ ਉਹ ਅੱਗੋਂ ਸਿੱਧਾ ਕਹਿੰਦੇ ਸਨ ਕਿ ਤੁਹਾਨੂੰ ਉਹ ਡੋਰ ਦਿੱਸਦਾ .....
ਤੀਜਾ: ਅਸੀਂ ਇਸ ਧੱਕੇ ਦੇ ਵਿਰੁੱਧ ਖੜਨਾ ਚਾਹੁੰਦੇ ਸਾਂ। ਕਿਉਂਕਿ ਜੇ ਅਸੀਂ ਕੰਮ ਛੱਡ ਕੇ ਚਲੇ ਜਾਂਦੇ ਤਾਂ ਸਾਡੀ ਥਾਂ ਉਹਨਾਂ ਨੂੰ (ਮਾਲਕਾਂ ਨੂੰ) ਹੋਰ ਬੰਦੇ ਮਿਲ ਜਾਣੇ ਸੀ ਅਤੇ ਉਨ੍ਹਾਂ ਇਹ ਧੱਕੇ ਨਵੇਂ ਵਰਕਰਾਂ ਨਾਲ ਕਰਦੇ ਰਹਿਣਾ ਸੀ। ਅਸੀਂ ਇਸ ਧੱਕੇ ਨੂੰ ਪਬਲਿਕ ਦੇ ਸਾਹਮਣੇ ਲਿਆਉਂਣਾ ਚਾਹੁੰਦੇ ਸਨ।

ਪ੍ਰਸ਼ਨ: ਤੁਸੀਂ ਯੂਨੀਅਨ ਬਣਾਉਣ ਦਾ ਕਦੋਂ ਫੈਸਲਾ ਕੀਤਾ ?
ਇਕ: ਅਸੀਂ 16 ਅਪਰੈਲ 1984 ਨੂੰ ਯੂਨੀਅਨ ਬਨਾਉਣ ਲਈ ਸਾਈਨ ਕਰਕੇ ਯੂਨੀਅਨ ਵਾਲਿਆਂ ਨੂੰ ਦਿੱਤੇ।

ਪ੍ਰਸ਼ਨ: ਕੀ ਤੁਹਾਨੂੰ ਕਿਸੇ ਨੇ ਬਾਹਰੋਂ ਆਕੇ ਯੂਨੀਅਨ ਬਨਾਉਣ ਲਈ ਕਿਹਾ ਜਾਂ ਤੁਸੀਂ ਆਪ ਹੀ ਸੋਚਿਆ ਕਿ ਇਸ ਤੋਂ ਬਿਨਾਂ ਚਾਰਾ ਨਹੀਂ।
ਇਕ: ਸਾਨੂੰ ਕਿਸੇ ਨੇ ਵੀ ਬਾਹਰੋਂ ਸਲਾਹ ਨਹੀਂ ਦਿਤੀ। ਸਾਨੂੰ ਕੋਈ ਚਾਅ ਨਹੀਂ ਸੀ ਯੂਨੀਅਨ ਬਨਾਉਣ ਦਾ ਜੇ ਇਹ ਸਾਨੂੰ ਸਾਡੇ ਹੱਕ ਦੇਈ ਜਾਂਦੇ। ਸਾਨੂੰ ਸਾਡੀ ਟਿਪ ਦੇਈ ਜਾਂਦੇ।
ਦੂਜਾ: ਅਸੀਂ ਏਨੇ ਦੁਖੀ ਹੋ ਗਏ, ਕਿ ਅਸੀਂ ਆਪਸ ਵਿਚ ਸਲਾਹ ਕੀਤੀ ਅਤੇ ਯੂਨੀਅਨ ਦਾ ਐਡਰਸ ਲਿਆ, ਉਨ੍ਹਾਂ ਨਾਲ ਕਨਟੈਕਟ ਕੀਤਾ ਅਤੇ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਏਨੇ ਬੰਦੇ ਚਾਹੀਦੇ ਹਨ ਸਾਈਨ ਕਰਨ ਵਾਲੇ।

ਪ੍ਰਸ਼ਨ: ਜਦੋਂ ਮਾਲਕਾਂ ਨੂੰ ਪਤਾ ਲੱਗਿਆ ਕਿ ਤੁਸੀਂ ਰੈਸਟੋਰੈਂਟ ਵਿਚ ਯੂਨੀਅਨ ਬਨਾਉਣ ਲੱਗੇ ਹੋ ਤਾ ਉਨ੍ਹਾਂ ਨੇ ਕੀ ਕੀਤਾ ?
ਇਕ: ਉਨ੍ਹਾਂ ਨੇ ਕਈਆ ਤੇ ਝੂਠੇ ਇਲਜਾਮ ਲਾਕੇ ਫਾਇਰ ਕੀਤਾ ਅਤੇ ਕਈਆਂ ਨੂੰ ਲੇ ਆਫ ਦੀਆਂ ਸਲਿੱਪਾਂ ਦੇ ਦਿੱਤੀਆ। ਬਾਅਦ ਵਿਚ ਭਾਵੇਂ ਇਨ੍ਹਾ ਨੇ ਸਾਨੂੰ ਵਾਪਿਸ ਬੁਲਾ ਲਿਆ। ਯੂਨੀਅਨ ਵੱਲੋਂ ਫਾਈਟ ਕਰਨ ਤੋਂ ਬਾਅਦ।
ਦੂਜਾ: ਸੱਦਣ ਤੋਂ ਬਾਅਦ ਇਨਾਂ ਨੇ ਸਾਨੂੰ ਕਈਆਂ ਨੂੰ ਡੀਮੋਟ (Demote) ਕੀਤਾ। ਜਿਵੇਂ ਪਹਿਲਾਂ ਮੈਂ ਸ਼ੌਰਟ ਆਰਡਰ (Short order) ਕੁੱਕ ਹੁੰਦਾ ਸੀ। ਪਰ ਬਾਅਦ ਵਿਚ ਇਨਾਂ ਮੈਨੂੰ ਕਿੱਚਨ ਹੈਲਪਰ ਦੇ ਤੌਰ ਤੇ ਰੱਖਿਆ। ਤੇ ਮੈਨੂੰ ਪੈਸੇ ਬਹੁਤ ਘੱਟ ਦਿੰਦੇ ਸੀ। ਜਿਵੇਂ ਮੈਂ ਹਫਤੇ ਵਿਚ 40-41 ਘੰਟੇ ਕੰਮ ਕਰਦਾ ਸੀ ਪਰ ਇਹ ਮੈਨੂੰ ਦੋ ਹਫਤਿਆ ਦੇ 248 ਡਾਲਰ ਦਿੰਦੇ ਸਨ ਜਿਹੜੇ ਇਕ ਘੰਟੇ ਦੇ ਹਿਸਾਬ ਨਾਲ ਮਸਾਂ ਤਿੰਨ ਡਾਲਰ ਦਸ ਸੈਂਟ ਹੀ ਬਣਦੇ ਹਨ।
ਤੀਜਾ: ਮਾਲਕਾਂ ਨੇ ਇਕ ਗੁਰਦੁਆਰੇ ਜਾਕੇ, ਉਥੋਂ ਦੇ ਲੀਡਰਾ ਨੂੰ ਕਿਹਾ ਕਿ ਜਿਹੜੇ ਮੁੰਡੇ ਸਾਡੇ ਰੈਸਟੋਰੈਂਟ ਵਿਚ ਕੰਮ ਕਰਦੇ ਹਨ, ਉਹ ਹਿੰਦੂ ਹਨ (ਭਾਵੇਂ ਕਿ ਅਸੀਂ ਸਿੱਖ ਹਾਂ ਅਤੇ ਸਾਡਾ ਮਾਲਕ ਵੀ ਸਿੱਖ ਹੈ) ਇਸ ਲਈ ਉਹ ਗਦਰ ਮਚਾਉਂਦੇ ਹਨ, ਸਾਡੇ ਯੂਨੀਅਨ ਬਨਾਉਣ ਦੀ ਕੋਸ਼ਿਸ਼ ਕਰਦੇ ਆ। ਜਦੋਂ ਸਾਨੂੰ ਇਸ ਗੱਲ ਦਾ ਪਤਾ ਲੱਗਾ ਤਾ ਸਾਨੂੰ ਬਹੁਤ ਦੁੱਖ ਹੋਇਆ ਕਿ ਸਾਡੇ ਤੇ ਇਹ ਕਿੱਡਾ ਗਲਤ ਦੋਸ਼ ਲਾ ਰਿਹਾ ਹੈ। ਅਤੇ ਇਸ ਤਰ੍ਹਾਂ ਜਦੋਂ ਉਸਨੂੰ ਪਤਾ ਲੱਗਾ ਕਿ ਅਸੀਂ ਯੂਨੀਅਨ ਬਣਾ ਲਈ ਤਾ ਉਹਨੇ ਸਾਨੂੰ ਫਾਇਰ ਕਰਨਾ ਸ਼ੁਰੂ ਕਰ ਦਿੱਤਾ।
ਦੂਜਾ: ਮਾਲਕਾਂ ਨੇ ਆਪ ਲੋਕਾਂ ਦੀਆਂ ਕਾਰਾਂ ਦੇ ਟਾਇਰ ਪਾੜ, ਦਫਤਰ ਦਾ ਲਾਕ ਤੋੜ, ਸੈਫ (Chef) ਦੀ ਵਿੰਡੋ ਦਾ ਸ਼ੀਸ਼ਾ ਤੋੜ ਕੇ ਸਾਡੇ ਤੇ ਇਲਜਾਮ ਲਾਏ
ਚੌਥਾ: ਸਾਨੂੰ ਧਮਕੀਆ ਦਿੱਤੀਆ। ਫੋਨ ਤੇ ਕਹਿੰਦਾ ਕਿ ਸਾਡੇ ਕੋਲ ਬੰਦੇ ਹੈਗੇ ਆ, ਅਸੀਂ ਫਿਕਸ ਕਰਾ ਦਿਆਂਗੇ। ਵੋਟਾਂ ਵਾਲੇ ਦਿਨ ਇਹਨੂੰ (ਨਾਲ ਦੇ ਵੱਲ ਇਸ਼ਾਰਾ ਕਰਕੇ) ਕਹਿੰਦਾ ਕਿ ਤੂੰ ਕੰਮ ਤੇ ਨਾ ਆਈਂ। ਫਿਰ ਸਾਡੇ ਘਰ ਆਇਆ। ਮੈਨੂੰ ਪੈਸੇ ਪੂਸੇ ਆਫਰ ਕੀਤੇ। ਕਹਿੰਦਾ ਇਨਾਂ ਕੰਮਾ ਵਿਚ ਕੁਝ ਨਹੀਂ ਪਿਆ। ਮੈਨੂੰ ਕਿਹਾ ਕਿ ਤੈਨੂੰ ਅਸਿਸਟੈਂਟ ਮੈਨੇਜਰ ਬਣਾ ਦਿਆਂਗੇ ਜਾਂ ਟਰੇਨਿੰਗ ਤੇ ਭੇਜ ਦਿਆਂਗੇ ਉਰੇ ਪਰੇ। ਜਾਂ ਤੈਨੂੰ ਅਸੀਂ ਛੇ ਮਹੀਨੇ ਦੀ ਐਡਵਾਂਸ ਤਨਖਾਹ ਦੇ ਦਿੰਦੇ ਹਾਂ। ਇਸ ਤਰ੍ਹਾ ਇਨ੍ਹਾਂ ਨੇ ਬੜਾ ਜ਼ੋਰ ਲਾਇਆ ਕਿ ਯੂਨੀਅਨ ਨਾ ਬਨਣ ਦੇਣ ਵਿੱਚ। ਜਦੋਂ ਵੋਟਾਂ ਪਾਈਆਂ ਕਈ ਵੋਟਾਂ ਘਰਦਿਆਂ ਦੀਆਂ ਜਾਂ ਜਾਨਣ ਵਾਲਿਆ ਦੀਆ ਬਣਾ ਦਿੱਤੀਆ ਕਿ ਉਹ ਉਥੇ ਕੰਮ ਕਰਦੇ ਆ।

ਪ੍ਰਸ਼ਨ: ਜਿਵੇਂ ਤੁਸੀਂ ਕਿਹਾ ਹੈ ਕਿ ਤੁਸੀਂ ਯੂਨੀਅਨ ਬਨਾਉਣ ਲਈ ਅਪਲਾਈ ਕੀਤਾ (ਅਪ੍ਰੈਲ ਵਿਚ) ਤਾ ਉਹਨੇ ਤੁਹਾਡੇ ਵਿਚੋਂ ਕਈਆ ਨੂੰ ਫਾਇਰ ਕੀਤਾ, ਲੇ ਆਫ ਕੀਤਾ ਉਸ ਤੋਂ ਬਾਅਦ ਤੁਹਾਨੂੰ ਕਿੰਨੇ ਚਿਰ ਬਾਅਦ ਵਾਪਿਸ ਕੰਮ ਤੇ ਬੁਲਾਇਆ ?
ਇਕ: ਜਦੋਂ ਯੂਨੀਅਨ ਨੇ ਐਨ ਚੰਗੀ ਤਰਾਂ ਫਾਈਟ ਕੀਤਾ।
ਦੂਜਾ: ਮੈਂ ਚਾਰ ਮਹੀਨੇ ਘਰ ਰਿਹਾ।
ਤੀਜਾ: ਮੈਂ (Twenty Days) (20 ਦਿਨ)
ਚੌਥਾ: ਮੈਂ ਦੋ ਮਹੀਨੇ।
ਪੰਜਵਾਂ: ਮੈਂ ਚਾਰ ਮਹੀਨੇ।
ਛੇਵਾਂ: ਮੈਨੂੰ ਜੂਨ ਸੈਕੰਡ ਨੂੰ ਫਾਇਰ ਕੀਤਾ ਅਤੇ ਫਿਰ ਅਗਸਤ ਵਿਚ ਵਾਪਿਸ ਬੁਲਾ ਲਿਆ।
ਦੂਜਾ: ਉਨ੍ਹਾਂ ਨੇ ਸਾਨੂੰ ਕਾਫੀ

ਖਾਲਿਸਤਾਨ ਬਨਾਮ ਗਦਰੀ ਬਾਬੇ

□ ਉੱਜਲ ਦੁਸਾਂਝ

ਮੇਰੇ ਇੱਕ ਦੋਸਤ ਮੈਨੂੰ ਕਹਿਣ ਲੱਗੇ ਕਿ ਤੂੰ ਹੁਣ ਤੱਕ ਬਥੇਰਾ ਖਾਲਿਸਤਾਨ ਦਾ ਵਿਰੋਧ ਕਰ ਲਿਆ ਹੈ - ਹੁਣ ਬੋਲਣ ਦੀ ਲੋੜ ਨਹੀਂ । ਇਹ ਟੱਕਰ ਵਿਚਾਰਧਾਰਾ ਦੀ ਹੈ। ਇਸ ਵਿੱਚ ਕਿਸੇ ਨਾਲ ਮੇਰਾ ਕੋਈ ਜ਼ਾਤੀ ਵੈਰ ਨਹੀਂ। ਇਹ ਲੋਕ ਜੋ ਮੇਰੇ ਵਤਨ ਦੇ ਟੋਟੇ ਕਰਨਾ ਚਾਹੁੰਦੇ ਨੇ - ਆਪ ਤਾਂ ਮਹਿਸੂਸ ਕਰਦੇ ਨੇ ਕਿ ਇਹਨਾਂ ਦੇ ਟੀਚੇ ਨੂੰ "ਪ੍ਰਮਾਤਮਾ" ਨੇ ਹੀ ਸਾਜਿਆ ਹੈ ਤੇ ਇਹ ਬਹੁਤ ਇਖਲਾਕੀ ਤੌਰ ਪੁਰ ਉਚੀ ਲੜਾਈ ਲੜ ਰਹੇ ਨੇ । ਦੂਸਰਿਆਂ ਨੂੰ ਇਹ ਸਮਝਦੇ ਨੇ ਕਿ ਹੋਰ ਕੋਈ ਪੈਸੇ ਜਾਂ ਲਾਲਚ ਤੋਂ ਬਿਨ੍ਹਾਂ ਨਹੀਂ ਬੋਲ ਸਕਦਾ । ਇਹ ਹੈ ਇਹਨਾਂ ਦੀ ਸੋਚ - ਮੋਟੇ ਲਫਜ਼ਾਂ ਵਿੱਚ । ਇਹ ਆਪਣੇ ਟੀਚੇ ਲਈ ਦਿਆਨਤਦਾਰ ਨੇ — ਦੂਸਰੇ ਆਪਣੇ ਟੀਚਿਆਂ ਲਈ ਖੋਟੇ ਨੇ - ਇਹ ਸੋਚਦੇ ਨੇ । ਇਸੇ ਕਰਕੇ ਮੈਂ ਮਹਿਸੂਸ ਕਰਦਾ ਹਾਂ ਕਿ ਇਹਨਾਂ ਬਾਰੇ ਖੋਲ੍ਹ ਕੇ ਲਿਖਣਾ ਅਤੇ ਬੋਲਣਾ ਚਾਹੀਦਾ ਹੈ। ਤਾਂ ਕਿ ਲੋਕਾਂ ਸਾਹਮਣੇ ਇਹਨਾਂ ਦਾ ਅਸਲੀ ਰੂਪ ਪੇਸ਼ ਕੀਤਾ ਜਾ ਸਕੇ ਅਤੇ ਲੋਕ ਫਿਰ ਆਪ ਫੈਸਲਾ ਕਰਨ ਕਿ ਉਹਨਾਂ ਨੇ ਨਫਰਤ ਦੀ ਅੰਨ੍ਹੀ ਗਲ੍ਹੀ ਵਿੱਚ ਧੱਕੇ ਜਾਣਾ ਹੈ ਕਿ ਮੁਲਕ ਅਤੇ ਕਮਿਊਨਿਟੀ ਦੀ ਬਿਹਤਰੀ ਲਈ ਸੱਚੀ ਅਤੇ ਧਰਮ-ਨਿਰਪੱਖ ਲੜਾਈ ਲੜਨੀ ਹੈ? ਅੱਜ ਦੇ ਦੌਰ 'ਚ, ਕਮਿਊਨਿਟੀ 'ਚ ਵੰਡ ਹੈ - ਇੱਕ ਪਾਸੇ ਉਹ ਜੋ ਮੁਲਕ ਦੇ ਧਰਮ ਦੇ ਨਾਮ ਪੁਰ ਟੋਟੇ ਦੇਖਣਾ ਚਾਹੁੰਦੇ ਹਨ - ਦੂਜੇ ਪਾਸੇ ਉਹ ਜੋ ਮੁਲਕ ਨੂੰ ਇੱਕ, ਲੋਕਾਂ ਦਾ ਆਪਸ ਵਿੱਚ ਪਿਆਰ ਅਤੇ ਧਰਮ ਦੇ ਨਾਮ ਪੁਰ ਗਲਵਕੜੀਆਂ ਦੇਖਣਾ ਚਾਹੁੰਦੇ ਹਨ । ਇਹ ਗੱਲ ਅਜੀਬ ਹੈ ਕਿ ਮੁਲਕ ਨੂੰ ਤੋੜਨਾ ਚਾਹੁਣ ਵਾਲੇ ਆਪਣੇ ਆਪ ਨੂੰ ਦੇਸ਼ ਭਗਤ, ਅਜ਼ਾਦੀ ਦੇ ਪੁਜਾਰੀ ਅਤੇ ਹੋਰ ਕਈ ਕੁੱਝ ਕਹਿ ਰਹੇ ਹਨ । ਆਪਣੇ ਆਪ ਨੂੰ ਗਦਰੀਆਂ ਦੇ "ਅਸਲੀ ਵਾਰਸ" ਕਹਿਣ ਵਾਲੇ ਇਹ ਖਾਲਿਸਤਾਨੀ "ਸਰਫਰੋਸ਼" ਅਸਲ ਤੌਰ ਤੇ ਗਦਰੀ ਬਾਬਿਆਂ ਦੇ ਕਾਰਨਾਮਿਆਂ ਦੇ ਬਿਲਕੁੱਲ ਉਲਟ ਚੱਲ ਰਹੇ ਹਨ ।

ਗਦਰੀ ਬਾਬੇ ਮੁਲਕ ਦੀ ਅਸਲੀ ਆਜ਼ਾਦੀ, ਧਾਰਮਿਕ ਏਕਾ ਅਤੇ ਮੁਲਕ ਦੀ ਅਖੰਡਤਾ ਲਈ ਲੜਦੇ ਰਹੇ। ਇਹ "ਵਾਰਸ" ਮੁਲਕ ਦੇ ਟੋਟਿਆਂ, ਧਾਰਮਿਕ ਨਫਰਤ ਅਤੇ ਬਰਬਾਦੀ ਲਈ ਲੜ ਰਹੇ ਹਨ। ਗਦਰੀ ਬਾਬਿਆਂ ਨੇ ਵਾਕਿਆ ਹੀ ਸਿਰ ਤਲੀ ਪੁਰ ਰੱਖੇ ਹੋਏ ਸਨ । ਜਾਇਦਾਦਾਂ ਦੀ ਪ੍ਰਵਾਹ ਨਹੀਂ ਕਰਦੇ ਸਨ। ਇਹ ਵਾਰਸ ਬੜੇ ਬੜੇ ਵਿਉਪਾਰਾਂ, ਘਰਾਂ ਅਤੇ ਕਾਰਾਂ ਦੇ ਮਾਲਕ ਆਪਣੀ ਜਾਇਦਾਦ ਦੇ ਕਾਗਜ਼ ਭੀ ਬੈਂਕਾਂ ਦੇ ਸੇਫਟੀ ਡੀਪੌਜ਼ਿਟ ਬੌਕਸਾਂ ਵਿੱਚ ਰੱਖਦੇ ਹਨ ਤਾਂ ਕਿ ਲੋੜ ਪੈਣ ਤੇ ਭੀ ਮੁਸ਼ਕਿਲ ਨਾਲ ਹੀ ਉਹਨਾਂ ਤੱਕ ਪਹੁੰਚਿਆ ਜਾ ਸਕੇ । ਇਹ ਆਪਣੇ "ਗਾੜ੍ਹੇ" ਪਸੀਨੇ ਦੀ ਕਮਾਈ ਲੁਕਾ ਕੇ ਰੱਖਦੇ ਹਨ । ਲੋਕਾਂ ਦੇ ਖੂਨ ਨਾਲ ਹੋਲੀ ਖੇਡਦੇ ਹਨ । ਇਹਨਾਂ ਦਾ ਜਵਾਬ ਫਿਰ ਨਫਰਤ ਅਤੇ ਖੂਨ, ਲੁੱਟ ਖਸੁੱਟ ਅਤੇ ਕਤਲਾਂ ਨਾਲ ਮਿਲਦਾ ਹੈ ਦੂਸਰੇ ਫਿਰਕਾਪ੍ਰਸਤਾਂ ਵੱਲੋਂ । ਲੋਕਾਂ ਦੀ ਕਮਾਈ ਨਾਲ ਇਹ ਪੰਦਰਾਂ ਹਜ਼ਾਰ ਮੀਲ ਦੂਰ ਨਫਰਤ ਦੇ ਮਹੌਲ-ਮਨੁਖਤਾ ਦੇ ਘਣੇ ਬਸੇਰੇ ਦੇ ਵਿਚਕਾਰ-ਉਸਾਰ ਰਹੇ ਹਨ । ਉਸ ਮਲੁੱਖਤਾ ਦੀ ਭੀੜ, ਵਿੱਚ ਤਾਂ ਅੱਗੇ ਹੀ ਹੁਣੇ ਹੁਣੇ ਭਾਵਿੰਡੀ ਦੇ ਫਸਾਦ, ਦਿੱਲੀ ਅਤੇ ਹੋਰ ਸ਼ਹਿਰਾਂ 'ਚ ਨਫਰਤ ਦੀ ਅੱਗ



ਉੱਜਲ ਦੁਸਾਂਝ

ਅਤੇ ਲੁੱਟ ਖਸੁੱਟ ਨਾਲ ਲੋਕ ਬਹੁਤ ਦੁੱਖੀ ਹਨ। ਇਹ ਭੀ ਸੋਚਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਧਾਰਮਿਕ ਫਸਾਦਾਂ ਦਾ ਇਤਿਹਾਸ ਵਿੱਚ ਕਿਤੇ ਨਾਮੋ ਨਿਸ਼ਾਨ ਨਹੀਂ ਆਉਂਦਾ - ਉਨੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਤੱਕ । ਮੁਗਲਾਂ (ਅਤੇ ਉਹਨਾਂ ਤੋਂ ਪਹਿਲਾਂ ਮੁਸਲਮਾਨਾਂ ਦੀ ਨਵੀਂ ਵਸੋਂ ਭਾਰਤ 'ਚ ਆਉਣ) ਵੇਲੇ ਸਿਰਫ ਉਨਾ ਹੀ ਤਨਾਅ ਸੀ ਜਿੰਨਾਂ ਕਿ ਬਾਹਰੋਂ ਆ ਕੇ ਰਾਜ ਸੰਭਾਲ ਬੈਠਣ ਪੁਰ ਲੋਕਲ ਵਸੋਂ ਵੱਲੋਂ ਗੁੱਸੇ ਕਾਰਨ ਹੋ ਸਕਦਾ ਹੈ । ਹੌਲੀ ਹੌਲੀ ਭਾਰਤ ਨੂੰ ਉਹਨਾਂ ਮੁਲਕ ਦੇ ਤੌਰ ਤੇ ਅਪਣਾ ਲਿਆ ਅਤੇ ਲੋਕ ਸਦਭਾਵਨਾ ਅਤੇ ਪਿਆਰ ਨਾਲ ਰਹਿੰਦੇ ਰਹੇ । ਸੋ ਧਾਰਮਿਕ ਨਫਰਤ ਅਤੇ ਫਸਾਦ ਇੱਕ ਵੀਹਵੀਂ ਸਦੀ ਦੀ ਕਾਢ ਹੈ ਜਿਸ ਨੂੰ ਪਹਿਲਾਂ ਬਰਤਾਨੀਆਂ ਦੇ ਹੁਕਮਰਾਨਾਂ ਨੇ ਆਪਣਾ ਉੱਲੂ ਸਿੱਧਾ ਕਰਨ ਲਈ ਵਰਤਿਆ । ਹੁਣ ਕੁੱਝ ਦੇਸੀ ਅਤੇ ਕੁੱਝ ਬਿਦੇਸ਼ੀ ਤਾਕਤਾਂ ਐਸਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਲੋਕਾਂ ਨੂੰ ਬੁੱਧੂ ਬਣਾਇਆ ਜਾ ਰਿਹਾ ਹੈ ਅਤੇ ਮੇਰੇ ਉਹ ਲੋਕ ਅਤੇ ਦੋਸਤ ਜੋ ਖਾਲਿਸਤਾਨ ਦਾ ਨਾਹਰਾ ਲਾ ਰਹੇ ਹਨ, ਜਾਂ ਜਿਹਨਾਂ ਨੇ ਭਾਰਤ 'ਚ ਹੁਣੇ ਹੁਣੇ ਹੋਈਆਂ ਹਿੰਸਕ ਘਟਨਾਵਾਂ 'ਚ ਹਿੱਸਾ ਲੈ ਕੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ - ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ - ਇਹ ਨਹੀਂ ਸਮਝ ਰਹੇ ਕਿ ਉਹ ਅਣਜਾਣੇ ਉਹਨਾਂ ਹੀ ਦੇਸੀ ਅਤੇ ਬਿਦੇਸ਼ੀ ਤਾਕਤਾਂ ਦੇ ਪੁਤਲ੍ਹੇ ਬਣਾਏ ਜਾ ਰਹੇ ਹਨ, ਜਿਹੜੀਆਂ ਭਾਰਤ ਨੂੰ ਕਮਜ਼ੋਰ ਅਤੇ ਭਾਰਤੀਆਂ ਨੂੰ ਵੰਡ ਅਤੇ ਨਫਰਤ ਦੀ ਲਪੇਟ 'ਚ ਦੇਖਣ ਦੀਆਂ ਚਾਹਵਾਨ ਹਨ ।

ਕਈ ਕਹਿੰਦੇ ਨੇ ਕਿ ਖਾਲਿਸਤਾਨ ਦੀ "ਰੂਪ ਰੇਖਾ" ਦੇ ਖਿਲਾਫ ਦਲੀਲਾਂ ਦੇ ਕੇ ਲਿਖੋ। ਮੈਂ ਇਸ ਪੱਖ ਤੋਂ ਅਜਮੇਰ ਰੋਡੇ ਦੇ ਪਿਛਲੇ ਕੈਨੇਡਾ ਦਰਪਣ ਵਿੱਚ ਛਪੇ ਲੇਖ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਪਰ ਮੈਂ ਆਪ ਇਸ ਰਾਇ ਦਾ ਹਾਮੀ ਹਾਂ ਕਿ ਖਾਲਿਸਤਾਨ ਲੋਕਾਂ ਦੀ ਮੰਗ ਨਹੀਂ; ਇਸ ਵਿੱਚ ਲੋਕਾਂ ਦਾ ਭਲਾ ਨਹੀਂ; ਅਸੂਲਨ ਤੌਰ ਤੇ ਹੀ ਇਹ ਮੰਗ ਗਲਤ ਹੈ; ਮਨੁੱਖਤਾਂ ਦੇ ਅਸਲੀ ਰਾਹ ਤੋਂ ਪਰ੍ਹੇ ਜਾਣ ਵਾਲੀ ਹੈ; ਇਸ ਕਰਕੇ ਮੈਂ ਤਾਂ ਇਸ ਵਾਰੇ Financial or Political feasibility ਆਦਿ ਦੀਆਂ ਦਲੀਲਾਂ ਦੇ ਕੇ ਇਸ ਬੇਬੁਨਿਆਦ ਮੰਗ ਨੂੰ ਸਤਿਕਾਰਨਾ ਨਹੀਂ ਚਾਹੁੰਦਾ ।

ਹੁਣ ਬਹੁਤ ਸਾਰੇ ਲੋਕ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਧਾਰਮਿਕ ਸੰਸਥਾਵਾਂ ਦੀਆਂ ਸਫਾਂ ਵਿੱਚ ਉਹ ਲੋਕ ਜਿਹੜੇ ਖਾਲਿਸਤਾਨ ਵਰਗੇ ਡਰ ਅਤੇ ਨਫਰਤ ਚੋਂ ਜਨਮੇ ਨਾਹਰੇ ਦੀ ਪ੍ਰੋੜ੍ਹਤਾ ਕਰ ਚੁੱਕੇ ਹਨ - ਉਹਨਾਂ ਲਈ ਹੁਣ ਚੁੱਪ ਹੋ ਕੇ ਬੈਠਣਾ ਅਤੇ ਗਲਤੀ ਦਾ ਅਹਿਸਾਸ ਪਬਲਿਕ ਤੌਰ ਤੇ ਕਰਨਾ ਮੁਸ਼ਕਿਲ ਲਗਦਾ ਹੈ ਅਤੇ ਇਸੇ ਕਾਰਨ ਹੀ ਕਈ ਐਸੇ ਵਿਅਕਤੀ ਦੜ-ਵੱਟੀ ਅੜਬਾਂ ਵਾਲੀ ਪੁਜ਼ੀਸ਼ਨ ਤੋਂ ਪਰੇ ਹਟਣਾ ਅਤੇ ਚੰਗੇ ਪਾਸੇ ਵੱਲ ਨੂੰ ਮੁੜਨਾ ਆਪਣੀ ਬੇਇੱਜ਼ਤੀ ਸਮਝਦੇ ਹਨ । ਇਹ ਸਮਝਣਾ ਜ਼ਰੂਰੀ ਹੈ ਕਿ ਗਲਤੀ ਦਾ ਅਹਿਸਾਸ ਕਰਨ ਲਈ ਮੁਆਫੀਆਂ ਮੰਗਣ ਦੀ ਕੋਈ ਜ਼ਰੂਰਤ ਨਹੀਂ । ਅਸੀਂ ਤਾਂ ਸਿਰਫ ਇਹ ਹੀ ਕਰਾਂਗੇ ਕਿ ਮਨੁੱਖ ਦੀ ਸੋਚ 'ਚ ਹਰ ਰੋਜ਼ ਵਾਧਾ ਅਤੇ ਤਬਦੀਲੀ ਆਉਂਦੀ ਹੈ - ਕੁੱਝ ਕੁ ਬੁਨਿਆਦੀ ਅਸੂਲਾਂ ਨੂੰ ਛੱਡ ਕੇ ਅਤੇ ਮਨੁੱਖ ਦਾ ਚੰਗੇ ਪਾਸੇ ਵੱਲ ਮੋੜਾ ਕੋਈ ਕਾਇਰਤਾ ਨਹੀਂ - ਉਸ ਦੀ ਮਨੁੱਖਤਾ ਦੀ ਨਿਸ਼ਾਨੀ ਹੁੰਦੀ ਹੈ। ਸੋ ਉਹ ਸੱਜਣ ਜੋ ਹੁਣ ਇੰਝ ਮਹਿਸੂਸ ਕਰਦੇ ਨੇ ਕਿ ਖਾਲਿਸਤਾਨ ਦਾ ਨਾਹਰਾ ਗਲਤ ਸੀ - ਉਹਨਾਂ ਨੂੰ ਇਹ ਗੱਲ ਪਬਲਿਕ ਕਰ ਦੇਣੀ ਚਾਹੀਦੀ ਹੈ - ਤਾਂ ਕਿ ਆਪਣੀ ਕਮਿਊਨਿਟੀ ਦੇ ਵਿੱਚ ਪਈ ਬੇਲੋੜੀ ਵੰਡ ਨੂੰ ਖਤਮ ਕੀਤਾ ਜਾ ਸਕੇ ਅਤੇ ਅਸੀਂ ਸਾਰੇ ਮੁੜ ਕਮਿਊਨਿਟੀ ਦੇ ਕੰਮਾਂ ਵਿੱਚ ਇੱਕ ਹੋ ਕੇ ਜੁੱਟ ਜਾਈਏ । ਇਸ ਵਿੱਚ ਲੋਕਾਂ ਦੀ ਭਲਾਈ ਹੈ ।

"ਖਾਲਿਸਤਾਨ" ਇੱਕ ਜ਼ਹਿਰ ਹੈ - ਜੋ ਹੋਰ ਜ਼ਹਿਰਾਂ 'ਚੋਂ ਪੈਦਾ ਹੋਈ ਹੈ - ਅਤੇ ਕਈ ਹੋਰ ਜ਼ਹਿਰਾਂ ਨੂੰ ਇਹ ਖੁਦ ਜਨਮ ਦੇਵੇਗੀ । ਇਸ ਜ਼ਹਿਰ ਤੋਂ ਬਚੀਏ। ਇਸੇ ਕਾਰਨ ਹੀ ਮੈਂ ਇਸ ਦੇ ਖਿਲਾਫ ਬੋਲਦਾ ਅਤੇ ਲਿਖਦਾ ਹਾਂ। ਦਿੱਲੀ ਅਤੇ ਹੋਰ ਸ਼ਹਿਰਾਂ 'ਚ ਲੋਕਾਂ ਨੂੰ ਡੱਸਣ ਵਾਲੀ ਨਫਰਤ ਭੀ ਜ਼ਹਿਰ ਹੀ ਸੀ - ਇਸ ਨੂੰ "ਖਾਲਿਸਤਾਨੀ" ਜ਼ਹਿਰ ਦੀ ਭੈਣ - ਇਹ ਦੋਨੇਂ ਡੈਣਾਂ ਲੋਕਾਂ ਨੂੰ ਖਾ ਜਾਣਗੀਆਂ ਇਹਨਾਂ ਨੂੰ ਖਤਮ ਕਰੋ ।

ਆਪਣੇ ਵਿਉਪਾਰ ਵਿੱਚ ਵਾਧਾ ਕਰਨ ਲਈ ਅਤੇ ਐਡਵਰਟਾਇਜਮਿੰਟ ਦੇਣ ਲਈ ਮਿਲੋ ਜਾਂ ਫੂਨ ਕਰੋ
ਭਵਖੰਡਨ 324-4381

Panjabi Guide No. 1
(ਪੰਜਾਬੀ ਗਾਈਡ ਨੰਬਰ 1)
ਛਪ ਕੇ ਤਿਆਰ ਹੋ ਗਈ
4 ਸਾਲ ਤੋਂ 8 ਸਾਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ
ਕੀਮਤ ਕੇਵਲ 5 ਡਾਲਰ

Panjabi Guide No. 2
ਇਹ ਵਰਕ-ਬੁੱਕ ਉਨ੍ਹਾਂ ਲਈ ਹੈ ਜੋ ਅੰਗਰੇਜ਼ੀ ਜਾਣਦੇ ਹਨ ਤੇ ਪੰਜਾਬੀ ਸਿਖਣਾ ਚਾਹੁੰਦੇ ਹਨ ।
ਕੀਮਤ ਕੇਵਲ 10 ਡਾਲਰ
ਪੰਜਾਬੀ ਪ੍ਰੇਮੀਆਂ ਲਈ ਅਦੁੱਤੀ ਤੋਹਫਾ - ਅੱਜ ਹੀ ਹੇਠ ਲਿਖੇ ਪਤੇ ਤੇ ਦੋਵਾਂ ਗਾਈਡਾਂ ਲਈ ਲਿਖੋ :—
Kesar Singh
13487 - 98 A Ave.
Surrey, B.C. CANADA V3T 1C7
(604)581-3185

ਇਮੀਗਰੇਸ਼ਨ ਦਾ ਮਸਲਾ ਹੈ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ
- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਸਾਡੇ ਕੋਲੋਂ ਸਲਾਹ ਲੈ ਸਕਦੇ ਹੋ
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ(ਗੋਦ ਲੈਣਾ) ਕਰਨ ਬਾਰੇ ਜਾਣਕਾਰੀ
- ਆਰਫਨ (ਯਤੀਮ) ਬੱਚੇ ਨੂੰ ਮੰਗਵਾਉਣਾ ਹੋਵੇ, ਉਸ ਬਾਰੇ ਜਾਣਕਾਰੀ ।
- ਜੇ ਤੁਸੀਂ ਕੈਨੇਡਾ ਜਾਂ ਯੂ. ਐਸ. ਏ. ਵਿੱਚ ਰਿਫਊਜੀ ਲਈ ਅਪਲਾਈ ਕਰਨਾ ਹੋਵੇ ।
- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ
- ਇਮੀਗਰੇਸ਼ਨ ਇਨਕੁਆਰੀ ਜਾਂ ਅਪੀਲ ਕਰਨ ਬਾਰੇ ਜਾਣਕਾਰੀ ਲੈਣੀ ਹੋਵੇ ।
- ਟੈਮਪਰੇਰੀ ਵਰਕ ਪਰਮਿਟ ਲੈਣਾ ਹੋਵੇ ।

ਮਲਕੀਤ ਸਿੰਘ ਪਰਹਾਰ

- ਰੀਟਰਨਿੰਗ ਰੈਜ਼ੀਡੈਂਟ ਪਰਮਿਟ ਲੈਣ ਬਾਰੇ ਜਾਣਕਾਰੀ ।
- ਲੁਕੇ ਹੋਏ ਵਿਜ਼ਟਰ, ਕੈਨੇਡਾ ਅਤੇ ਯੂ. ਐਸ. ਏ. ਵਿੱਚ ਕਿਵੇਂ ਰਹਿਣ ਲਈ ਅਪਲਾਈ ਕਰ ਸਕਦੇ ਹਨ - ਉਸ ਬਾਰੇ ਜਾਣਕਾਰੀ ।
- ਇੰਡੀਆ ਕੈਨੇਡਾ ਵਿੱਚ ਡਾਈਵੋਰਸ ਬਾਰੇ ਜਾਣਕਾਰੀ ।
- ਇੰਡੀਆ ਦੇ ਵਿੱਚ ਜਾਇਦਾਦ ਦੇ ਕਾਨੂੰਨ ਬਾਰੇ ਜਾਣਕਾਰੀ ।
- ਮੋਰਟਗੇਜ਼ ਬਾਰੇ ਜਾਣਕਾਰੀ ।
- ਵਸੀਅਤ ਕਰਨ ਲਈ ਜਾਣਕਾਰੀ ।
- ਸਿਟੀਜਨ ਤੇ ਪਾਸਪੋਰਟ ਬਣਾਉਣ ਲਈ ਜਾਣਕਾਰੀ ।

ਹੋਰ ਜਾਣਕਾਰੀ ਲਈ ਮਿਲੋ ਜਾਂ ਫੂਨ ਕਰੋ

ਮਲਕੀਤ ਸਿੰਘ ਪਰਹਾਰ

ਘਰ (604) 228-0452
(604) 733-5611
ਟੈਲੈਕਸ 04-508746

Malkit Singh Parhar
#201-1275 W. 6th Avenue,
Vancouver, B.C. V6H1A6

ਤੁਹਾਡੇ ਚਿਕਿਤਸਾ ਵਿਗਿਆਨ ਨੂੰ ਨਹੀਂ ਪਤਾ ਲਗ ਰਿਹਾ ਕਿ ਇਨ੍ਹਾਂ ਨੂੰ ਕੀ ਬਿਮਾਰੀ ਹੈ? ਮੈਂ ਦਸਦੀ ਹਾਂ...ਇਹ ਦਲ ਬਦਲੀ ਦਾ ਸਾਧਾਰਨ ਬੁਖਾਰ ਹੈ ।

HAMILTON
MORTUARY LTD.
5390 Fraser Street [at 38th Ave.]
VANCOUVER, B.C. V5W 2Z1
Phone: 324-3851
PROUD OF THE COMMUNITY

We Serve:
- Superb Facilities
- A Caring & helping staff.
- Across from the Vancouver Crematorium.
- Enquiries Welcome at any time.
- Saturday or evening services available.



JIM HOUSEMAN
Managing Director

ਸਾ ਹਿ ਤ ਦ ਰ ਪ ਣ

ਕਹਾਣੀ

"ਸੱਦਾ ਪੱਤਰ"

ਤੇਜ ਸੰਧੂ ਸਮਾਧਵੀ

ਕੈਪਟਨ ਲਾਲ ਸਿੰਘ ਅਤੇ ਉਸ ਦੀ ਧਰਮ ਪਤਨੀ ਗੁਰਦਿਆਲ ਕੌਰ ਨੇ ਕਦੀ ਪਰਮਾਤਮਾ ਅੱਗੇ ਹੱਥ ਜੋੜ ਕੇ ਅਰਦਾਸ ਕੀਤੀ ਸੀ ਕਿ ਸਤਿਗੁਰ ਸੱਚੇ ਪਾਤਸ਼ਾਹਿ ! ਦੁਨੀਆਂ ਦੇ ਵਾਲੀ ਸਾਡੀ ਝੋਲੀ ਕਿਤੇ ਖੈਰ ਪਾ ਦਿਓ, ਪ੍ਰਮਾਤਮਾ ਨੇ ਨੇੜਿਓਂ ਹੋ ਕੇ ਸੁਣੀ ਅਗਲੇ ਸਾਲ ਹੀ ਪੰਦਰਾਂ ਸਾਲਾਂ ਦੇ ਬਾਅਦ (ਇਕ ਲੜਕੀ ਪਿਛੋਂ) ਇਕ ਚੰਨ ਵਰਗਾ ਪੁੱਤਰ ਉਨ੍ਹਾਂ ਦੇ ਘਰ ਪੈਦਾ ਹੋਇਆ। ਇਸੇ ਖੁਸ਼ੀ ਵਿਚ ਸੁੱਖੇ ਹੋਏ ਅਖੰਡ-ਪਾਠ ਦਾ ਭੋਗ ਅੱਜ ਉਨ੍ਹਾਂ ਦੇ ਘਰ ਪੈ ਰਿਹਾ ਸੀ। ਅਸੀਂ ਵੀ ਸਾਰਾ ਪ੍ਰੀਵਾਰ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਰੀਕ ਹੋਣ ਲਈ ਮੱਥਾ ਟੇਕ ਕੇ ਉਨ੍ਹਾਂ ਦੇ ਲਿਵਿੰਗ ਰੂਮ ਵਿਚ ਇਕ ਖੂੰਜੇ ਥਾਂ ਦੇਖ ਕੇ ਬਿਰਾਜਮਾਨ ਹੋ ਗਏ। ਸਾਰੇ ਆਦਮੀ ਲਿਵਿੰਗ ਰੂਮ ਦੇ ਨੇੜ ਤੇੜ ਅਤੇ ਬੁੜ੍ਹੀਆਂ ਪਰ੍ਹੇ ਕਿਚਨ ਦੇ ਨੇੜੇ ਬੈਠ ਗਈਆਂ ਸਨ।

ਸਾਢੇ ਨੌਂਵਜ਼ੇ ਭੋਗ ਪੈ ਗਿਆ ਉਸ ਤੋਂ ਬਾਅਦ ਅਰਦਾਸ ਕੀਤੀ ਗਈ ਅਤੇ ਸੈਕਟਰੀ ਨੇ ਅਗਾਂਹ ਵਾਲੇ ਪ੍ਰੋਗ੍ਰਾਮ ਦੀ ਬਾਬਤ ਦੱਸਿਆ ਇਕ ਦੋ ਸ਼ਬਦ ਕਿਸੇ ਬੀਬੀ ਵੱਲੋਂ ਸੁਣਾਏ ਗਏ ਉਸ ਤੋਂ ਬਾਅਦ ਇਕ ਕੀਰਤਨੀ ਜਥੇ ਨੇ ਰਸ-ਭਿੰਨਾ ਮਨੋਹਰ ਕੀਰਤਨ ਕੀਤਾ। ਬੜਾ ਆਨੰਦ ਆ ਰਿਹਾ ਸੀ ਪਰ ਥਾਂ ਭੀੜਾ ਕਰਕੇ ਨਿਆਣਿਆਂ ਦੀ ਕੁਰਬਲ-ਕੁਰਬਲ ਹੋਣੀ ਸ਼ੁਰੂ ਹੋ ਗਈ ਸੀ। ਕਈ ਆਦਮੀ ਇਕ ਪਾਸੇ ਦੀ ਲਾਂਘਾਂ ਛੱਡ ਕੇ ਪੌੜੀਆਂ ਵਿਚ ਹੀ ਬੈਠੀ ਜਾਂਦੇ ਸਨ। ਜਦੋਂ ਕੀਰਤਨ ਖਤਮ ਹੋਇਆ ਤਾਂ ਸੈਕਟਰੀ ਨੇ ਸੰਗਤ ਨੂੰ ਸੰਬੋਧਨ ਕਰਕੇ ਕਿਹਾ — "ਸਾਧ ਸੰਗਤ ਜੀ ਅੱਜ ਆਪਣੇ ਪਾਸ ਬੜੇ ਸੁਲਝੇ ਹੋਏ ਨੌਜਵਾਨ ਸ੍ਰ. ਬਿਕਰਮ ਸਿੰਘ ਖੜਕਧਾਰੀ ਜੀ ਹੋਰੀਂ ਆਏ ਹੋਏ ਹਨ। ਉਹ ਤੁਹਾਨੂੰ ਘੰਟੇ ਜਾਂ ਡੇਢ ਘੰਟੇ ਲਈ, ਜੋ ਅਸੀਂ ਅੱਜ "ਸਿੰਘ" ਹੋ ਕੇ ਕੁਰੀਤੀਆਂ ਕਰ ਰਹੇ ਹਾਂ ਉਨ੍ਹਾਂ ਤੇ ਚਾਨਣਾ ਪਾਉਣਗੇ। ਸਭ ਮਾਈ ਭਾਈ ਚੁੱਪ ਚਾਪ ਬੈਠ ਕੇ ਉਨ੍ਹਾਂ ਨੂੰ ਸਰਵਣ ਕਰਨ। ਬੀਬੀਆਂ ਅੱਗੇ ਬੇਨਤੀ ਹੈ ਕਿ ਛੋਟੇ ਬੱਚਿਆਂ ਨੂੰ ਕੋਲ ਬਿਠਾ ਕੇ ਰੱਖਣ। ਹੁਣ ਮੈਂ ਬੇਨਤੀ ਕਰਾਂ ਕਿ ਸ੍ਰ. ਬਿਕਰਾਮ ਸਿੰਘ ਖੜਕਧਾਰੀ ਜੀ ਇਥੇ ਆ ਕੇ ਸੰਗਤ ਨੂੰ ਨਿਹਾਲ ਕਰਨ। ਵਾਹਿਗੁਰੂ ਜੀ ਕਾ ਖਾਲਸਾ ਅਤੇ ਵਾਹਿਗੁਰੂ ਜੀ ਕੀ ਫਤਹਿ" ਕਹਿ ਕੇ ਸੈਕਟਰੀ ਬੈਠ ਗਿਆ।

ਅਗਲੇ ਪਲ੍ਹ ਹੀ ਇਕ ਦਿਲ-ਖਿਚਵਾਂ ਚੇਹਰਾ, ਭਰਵਾਂ ਖੁੱਲਾ ਦਾਹੜਾ, ਫੱਬਵੀਂ ਸਖਸ਼ੀਅਤ ਸੈਕਟਰੀ ਦੇ ਲਾਗਿਓਂ ਹੀ ਉਠ ਕੇ ਖੜ੍ਹਾ ਹੋਇਆ ਅਤੇ ਇਕ ਮਿੰਟ ਉਸ ਨੇ ਅੱਖਾਂ ਬੰਦ ਰੱਖੀਆਂ, ਮੂੰਹੋਂ ਕੋਈ ਲਫਜ਼ ਨਾ ਬੋਲਿਆ ਪਰ ਬੁਲ੍ਹ ਹਿਲਦੇ ਪਰਤੀਤ ਹੋ ਰਹੇ ਸਨ ਜਿਵੇਂ ਉਹ ਅੰਦਰੇ ਅੰਦਰ ਕੁਝ ਕਹਿ ਰਹੇ ਹੋਣ ਅਖੀਰੀ ਉਸ ਨੇ ਗੁਰੂ ਗਰੰਥ ਸਾਹਿਬ ਵੱਲ ਮੂੰਹ ਭੁਆਂ ਕੇ ਨਿਮਸਕਾਰ ਕੀਤੀ ਅਤੇ ਅੱਖਾਂ ਖੋਲ੍ਹ ਕੇ ਸੰਗਤ ਵੱਲ ਮੂੰਹ ਕਰਕੇ ਬੋਲੇ। "ਖਾਲਸਾ ਜੀ ਫਤਿਹ ਬਲਾਓ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਿਹ। ਗੁਰੂ ਨਿਵਾਜੀ ਸਾਧ ਸੰਗਤ ਜੀ ਮੈਨੂੰ ਏਸ ਮੁੱਲਕ ਵਿਚ ਆਏ ਨੂੰ ਸਾਲ ਭਰ ਦੇ ਨੇੜ ਹੀ ਹੋ ਚੱਲਿਆ ਹੈ ਮੈਂ ਕੈਨੇਡਾ ਦੇ ਵੱਡੇ ਛੋਟੇ ਸਾਰੇ ਗੁਰਦੁਆਰਿਆਂ ਵਿਚ ਪ੍ਰਮਾਤਮਾ ਦੀ ਅਪਾਰ ਕਿਰਪਾ ਹੋਣ ਕਰਕੇ ਜਾ ਆਇਆ ਹਾਂ। ਜੋ ਇਥੇ ਗੁਰਦੁਆਰਿਆਂ ਦੇ ਵਿਚ ਅਤੇ ਬਾਹਰ ਕੁਝ ਮਨ-ਮਤੀਆ ਸਿੰਘਾਂ ਵਲੋਂ ਕੜ੍ਹੀ ਘੋਲੀ ਜਾਂਦੀ ਹੈ ਮੈਂ ਕਈ ਵਾਰ ਸੋਚਿਆ ਕਿ ਮੈਂ ਆਪ ਦੇ ਵਿਚਾਰ ਸੰਗਤਾਂ ਨੂੰ ਅਤੇ ਇਸ ਕੌਮ ਦੇ ਮੋਢੀ ਅਤੇ ਰਚਨਹਾਰ ਨੂੰ ਵੀ ਦਿਲ ਦੀ ਭੜਾਸ ਰਾਹੀਂ ਜਾਣੂ ਕਰਵਾਵਾਂ।

"ਨਾਮ ਵੀ ਖੜਕਧਾਰੀ ਹੈ ਲਗਦਾ ਐ ਕਰੂ ਖੜਕਾ, ਪਾੜੂ ਪੜਦੇ," ਕਿਸੇ ਦੀ ਧੀਮੀ ਜਿਹੀ ਆਵਾਜ਼ ਪੌੜੀਆਂ ਵਿਚੋਂ ਮੈਨੂੰ ਸੁਣਾਈ ਦਿਤੀ।

"ਖਾਲਸਾ ਜੀ ! ਆਪਣੇ ਵਿਚ ਹੀ ਬੜੇ ਉੱਚੇ ਅਤੇ ਸੁੱਚੇ ਖਿਆਲਾਂ ਦੇ ਹੀ ਸਹਿਜਧਾਰੀ ਅਤੇ ਅੰਮ੍ਰਿਤਧਾਰੀ ਸਿੰਘ ਹਨ ਮੈਂ ਉਨ੍ਹਾਂ ਦੇ ਦਰਸ਼ਨ ਕੀਤਿਆਂ ਆਪ ਦਾ ਜਨਮ ਸਫਲਾ ਸਮਝਦਾ ਹਾਂ ਪਰ ਇਹੋ ਜਿਹੇ ਸਿੰਘ ਹਜ਼ਾਰਾਂ ਵਿਚੋਂ ਵਿਰਲੇ ਹੀ ਹਨ ਬਾਕੀ ਤਾਂ ਸਭ ਸੂਤ ਲਾਉਣ ਵਾਲੇ ਹੀ ਹਨ। ਬਸ ਇੰਨਾ ਸੂਤ ਲਾਉਣ ਵਾਲਿਆਂ ਦੀਆਂ ਹੀ ਕੁਝ ਗੱਲਾਂ ਇਸ ਕੌਮ ਦੇ ਜਨਮ ਦਾਤਾ ਕੋਲ ਪਹੁੰਚਾਣੀਆਂ ਹਨ।" ਇੰਨਾ ਕਹਿਣ ਸਾਰ ਉਸ ਨੇ ਆਪ ਦਾ ਮੂੰਹ ਲਿਵਿੰਗ ਰੂਮ ਵਿਚ ਲੱਗੀਆਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੋਟੋਆਂ ਵੱਲ ਕਰਕੇ ਕੁਝ ਨਹੋਰੇ ਭਰੇ ਲਫਜ਼ਾਂ ਵਿਚ ਕਹਿਣਾ ਸ਼ੁਰੂ ਕੀਤਾ।.....

"ਲਓ ! ਫਿਰ ਬਾਬਾ ਜੀ ਜ਼ਰਾ ਧਿਆਨ ਨਾਲ ਸੁਣਿਓ, ਕਈ ਤੁਹਾਡੇ ਐਵੇਂ-ਮੁੱਚੀ ਦੇ ਸਿੰਘਾਂ ਦੇ ਗਿੱਟੇ ਗੋਡੀ ਵੀ ਲੱਗਣਗੀਆਂ ਪਰ ਤੁਸੀਂ ਉਨ੍ਹਾਂ ਵਿਚ ਸੁਨਣ ਦਾ ਬਲ ਬਖਸ਼ ਦੇਣਾ ਕਿ ਉਹ ਠੰਢੇ ਦਿਮਾਗ ਨਾਲ ਗੱਲ ਨੂੰ ਸੋਚਣ ਵਿਚਾਰਨ। ਤੁਸੀਂ ਆਪ ਦੇ ਦਸਮੇਂ-ਜਾਮੇਂ ਵਿਚ ਇਸ ਦੁਨੀਆਂ ਤੋਂ ਜਾਣ ਮੌਕੇ ਕਿਹਾ ਸੀ, ਭਾਈ ਸਾਡੀ ਕੋਈ ਯਾਦਗਾਰ ਨਾ ਬਣਾਇਓ, ਜਿਹੜਾ ਬਣਾਊ ਉਹਦਾ ਕੱਖ ਨਹੀਂ ਰਹਿਣਾ। ਪਰ ਬਾਬਾ ਜੀ ਜੇ ਤੁਸੀਂ ਅੱਜ ਹਿੰਦੋਸਤਾਨ ਦੀ ਧਰਤੀ ਤੇ ਆਕੇ ਦੇਖੋ ਤਾਂ ਚੱਪਾ ਚੱਪਾ ਧਰਤੀ ਤੁਹਾਡੀਆਂ ਯਾਦਾਂ ਵਿਚ ਪਰੁੰਨੀ ਪਈ ਹੈ ਸ਼ਾਇਦ ਇਸੇ ਕਰਕੇ ਤੁਹਾਡੇ ਕਹੇ ਹੋਏ ਲਫਜ਼ ਕੱਖ ਨਹੀਂ ਰਹਿਣਾ ਅੱਜ ਪ੍ਰਤੱਖ ਹੋ ਰਹੇ ਹਨ ਦਿਨੋਂ ਦਿਨ ਇਹ ਕੌਮ ਨਿਘਰਦੀ ਜਾਂਦੀ ਹੈ

"ਤੁਸੀਂ ਜਾਣ ਲੱਗੇ ਕਹਿ ਕੇ ਗਏ ਸੀ ਮਗਰੋਂ ਸਾਨੂੰ ਬਿਲਕੁਲ ਗੁਰੂ ਨਾ ਮੰਨਣਾ ਸਿਰਫ "ਗੁਰੂ ਗਰੰਥ ਸਾਹਿਬ" ਹੀ ਤੁਹਾਡਾ ਗੁਰੂ ਹੈ ਏਸੇ ਨੂੰ ਮੱਥਾ ਟੇਕਨਾ ਕੋਈ ਮੂਰਤੀ ਪੂਜਾ ਨਹੀਂ ਕਰਨੀ। ਪਰ ਕੀ ਦੱਸਾਂ ਮੂਰਤੀ ਪੂਜਾ ਤਾਂ ਇਥੋਂ ਤੀਕ ਵਧ ਗਈ ਹੈ ਹੁਣ ਤਾਂ ਤੁਹਾਨੂੰ ਵੀ ਪਿਛੇ ਕਰ ਦਿਤਾ ਹੈ ਆਮ ਘਰਾਂ ਵਿਚ ਤੁਹਾਡੇ ਦਸਾਂ-ਜਾਮਿਆਂ ਤੋਂ ਬਿਨਾਂ ਹੋਰ ਨਵੀਆਂ ਮੂਰਤੀਆਂ ਇਥੋਂ ਦੇ ਲਿਵਿੰਗ ਰੂਮਾਂ ਵਿਚ ਸਜ ਗਈਆਂ ਹਨ। ਉਨ੍ਹਾਂ ਨੂੰ ਆਥਣ ਸਵੇਰ ਧੂਫ ਪੂਜਾ ਕੀਤੀ ਜਾਂਦੀ ਹੈ। ਪਿਛਲੇ ਸਾਲ ਵੈਨਕੂਵਰ ਦੇ ਇਕ ਗੁਰਦੁਆਰੇ ਵਿਚ ਕੁਝ ਵਿਖਾਵਾਕਾਰੀ ਸਿੰਘਾਂ ਨੇ ਬਾਬਾ ਜੀ ! ਤੁਹਾਡੀ ਦੇਹ ਦਾ ਪੂਰਾ ਆਦਰ ਮਾਣ ਨਾ ਕਰਦਿਆਂ ਕਿਸੇ ਦੁਨਿਆਵੀ ਆਦਮੀ ਦੀ ਫੋਟੋ ਤੁਹਾਡੇ ਆਸਨ ਨਾਲੋਂ ਉੱਚੀ ਚੁੱਕ ਕੇ ਜ਼ਿੰਦਾਬਾਦ ਦੇ ਨਾਹਰੇ ਲਾਏ।"

"ਹਾਂ — ਤੁਸੀਂ ਇਹ ਵੀ ਕਹਿ ਕੇ ਗਏ ਸੀ ਕਿ ਕਿਸੇ ਦੇਹ ਧਾਰੀ ਨੂੰ ਗੁਰੂ ਨਹੀਂ ਮੰਨਣਾ ਪਰ ਬਾਬਾ ਜੀ ਮੈਂ ਪਿਛਲੇ ਸਾਲ ਤੋਂ ਇਥੇ ਕੈਨੇਡਾ ਵਿਚ ਕਈ ਦੇਹ ਧਾਰੀ ਗੁਰੂ ਦੇਖ ਚੁੱਕਾ ਹਾਂ। ਇਹ ਗੁਰੂ ਖਾ ਖਾ ਕੇ ਬ੍ਰਾਹਮਣਾਂ ਦੀ ਕੁੱਤੀ ਵਾਂਗ ਫੈਲੇ ਹੋਏ ਹਨ। ਤੁਹਾਡੇ ਆਸਨ ਦੇ ਬਰਾਬਰ ਇਹ ਆਪ ਦਾ ਗੱਦਾ ਲੁਆਉਂਦੇ ਹਨ। ਗੱਦੇ ਤੇ ਬੈਠੇ ਇਹ ਰੱਜੀ ਹੋਈ ਮੈਂਅ੍ਹ ਵਾਂਗ ਫੁਕਾਰੇ ਮਾਰਦੇ ਹਨ। ਬਾਬਾ ਜੀ ਇਕ ਗੁੱਝੀ ਗੱਲ ਦੱਸਾਂ ਇਹ ਦੇਹ ਧਾਰੀ ਗੁਰੂ ਆਦਮੀਆਂ ਦਾ ਘੱਟ ਪਰ ਜਨਾਨੀਆਂ ਦਾ ਕਲਿਆਨ ਬਹੁਤ ਕਰਦੇ ਹਨ। ਮੂੰਹੋਂ ਮੰਗੀਆਂ ਮੁਰਾਦਾਂ ਪੂਰੀਆਂ ਕਰਦੇ ਹਨ। ਜਿਵੇਂ ਮੈਨੂੰ ਦਿਨੋ ਦਿਨ ਪਤਾ ਲੱਗ ਰਿਹਾ ਹੈ। ਕਈ ਜਨਾਨੀਆਂ ਆਪਦੇ ਆਦਮੀਆਂ ਨੂੰ ਤਾਂ ਰੋਟੀ ਟਾਈਮ ਨਾਲ ਨਹੀਂ ਦਿੰਦੀਆਂ ਪਰ ਇਨਾ ਦੇ ਚੇਲੇ ਚਾਟੜੇ ਜ਼ਿਆਦਾ ਦਾਅਤਾਂ ਬਖਸ਼ਦੇ ਹਨ।"

"ਬੰਦਾ ਯਾਰ ਖਰਾ ਲੱਗਦੈ" ! ਗੱਲ ਸਿਰੇ ਦੀ ਬਿਨਾਂ ਝਿਜਕ ਤੋਂ ਕਰਦੈ, ਨਾਲ ਬੈਠੇ ਹੰਸੇ ਨੇ ਮੇਰੇ ਕੂਣ੍ਹੀ ਮਾਰੀ। — "ਅਗਾਂਹਾਂ ਤਾਂ ਸੁਣ ਕੀ ਪੱਥੇ ਪਾਉਂਦੈਂ, ਬੰਦਾ ਮੈਨੂੰ ਦਿਲਾਂ ਦਾ ਜਾਨੀ - ਈ - ਲੱਗਦੈ," ਮੈਂ ਹੰਸੇ ਦੇ ਕੰਨ ਵਿਚ ਹੌਲੀ ਦੇਣੇ ਕਿਹਾ।

"ਸਾਧ ਸੰਗਤ ਜੀ ਕਈਆਂ ਨੂੰ ਇਹ ਗੱਲਾਂ ਭੈੜੀਆਂ ਵੀ ਲੱਗਣਗੀਆ ਪਰ ਸੱਚ ਵੀ ਲਕੋਇਆ ਨਹੀਂ ਜਾਂਦਾ ਜਿਹੜਾ ਮਹਾਰਾਜ ਦੀ ਹਜੂਰੀ ਵਿਚ ਝੂਠ ਬੋਲੇ ਉਹਦੇ ਵਰਗਾ ਪਾਪੀ ਵੀ ਕੋਈ ਨਹੀਂ। ਬੋਲੋ ਜੀ ਵਾਹਿਗੁਰੂ। ਆਪਣੀ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੋਲਾ ਛੱਡਣ ਮੌਕੇ ਉਪਰ ਪਾਈ ਚਾਦਰ ਦੋ ਥਾਂਈਂ ਵੰਡੀ ਗਈ ਸੀ ਪਰ ਅੱਜ ਅਸੀਂ ਸਾਰਾ ਪੁਰਾਣਾ ਪਿਆਰ ਭੁਲ ਕੇ ਪੁੱਠੇ ਰਾਹ ਪੈ ਗਏ ਹਾਂ। ਹਿੰਦੂ, ਮੁਸਲਮਾਨ, ਸਿੱਖ ਅਸੀਂ ਸਭ ਇਕ ਦੂਜੇ ਦੇ ਜਾਨੀ ਦੁਸ਼ਮਣ ਬਣ ਗਏ ਹਾਂ ਜੋ ਕੁਝ ਪਿਛਲੇ ਸਾਲ ਹੋਇਆ ਸਭ ਤੁਹਾਡੇ ਸਾਹਮਣੇ ਹੀ ਹੈ ਮੈਨੂੰ ਬਹੁਤਾ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਅੱਜ ਜੇ ਕੋਈ ਹਿੰਦੂ-ਸਿੱਖ ਏਕਤਾ ਦੀ ਗੱਲ ਕਰਦਾ ਹੈ ਤਾਂ ਅਸੀਂ ਚਾਰੇ ਟੰਗਾਂ ਚੁੱਕ ਕੇ ਉਹਦੇ ਮਗਰ ਪੈ ਜਾਂਦੇ ਹਾਂ। ਪਿਛੇ ਜਿਹੇ ਪੰਜਾਬੀ ਦੇ ਇਕ ਮਸ਼ਹੂਰ ਲਿਖਾਰੀ ਦੀ ਸਾਡੇ ਕੁਝ ਸਿਰ ਫਿਰੇ ਲੋਕਾਂ ਨੇ ਲਾਹ-ਪਾਹ ਕੀਤੀ, ਜੋ ਮੁਰੇ ਸੁਨਣ ਵਿਚ ਆਇਆ ਉਹ ਇਹ ਹੈ ਕਿ ਉਹ ਸੱਚ ਨੂੰ ਸੱਚ ਲਿਖਦਾ ਸੀ ਪਰ ਜਿਹੜੇ ਝੂਠ ਦੇ ਲੜ ਲੱਗੇ ਹੋਏ ਹਨ ਉਨ੍ਹਾਂ ਨੂੰ ਸੱਚ ਕਿਸ ਤਰ੍ਹਾਂ ਬਰਦਾਸਤ ਹੋਵੇ। ਅਜੇ ਤਾਂ ਇਹੋ ਜਿਹੇ ਚੱਕਵੇਂ-ਚੁਲ੍ਹਿਆਂ ਦੀ ਪੇਸ਼ ਨਹੀਂ ਜਾਂਦੀ ਕਿਉਂ ਕਿ ਇਸ ਮੁਲਕ ਦੇ ਕਾਨੂੰਨ ਬਹੁਤ ਸਖਤ ਹਨ ਨਹੀਂ ਤਾਂ ਇਹ ਅਗਲੇ ਨੂੰ ਜਾਨੋਂ ਮਾਰਨ ਤੀਕ ਜਾਣ।"

"ਖਾਲਸਾ ਜੀ ! ਜ਼ਰਾ ਧਿਆਨ ਦੇਣਾ ਅੱਜ ਕੱਲ ਹਰ ਇਕ ਹੀ ਆਪਣੇ ਆਪ ਨੂੰ ਭਿੰਡਰਾਂ ਵਾਲੇ ਦਾ ਨਜ਼ਦੀਕੀ ਮੰਨਦਾ ਹੈ, ਲੀਡਰੀ ਨੂੰ ਹੱਥ ਪਾਉਣ ਲਈ ਇਹੋ ਜਿਹੀਆਂ ਸਟੋਰੀਆਂ ਬਣਾ ਬਣਾ ਕੇ ਲੋਕਾਂ ਸਾਹਮਣੇ ਛੱਡਦੇ ਹਨ ਅਖੇ ਮੈਂ ਜੀ ਸਿਰਫ ਦੋ ਦਿਨ ਪਹਿਲਾਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ ਉਨ੍ਹਾਂ ਨੇ ਹੀ ਮੈਨੂੰ ਬਾਹਰ ਆਉਣ ਲਈ ਕਿਹਾ ਸੀ। ਉਸ ਭਲੇਮਾਣਸ ਤੋਂ ਪੁਛਿਆ ਜਾਵੇ, ਦੋ ਦਿਨ ਪਹਿਲਾਂ ਵਰਦੇ ਗੋਲਿਆਂ ਵਿਚ ਤੂੰ ਜ਼ਰੂਰ ਬਾਹਰ ਨਿਕਲ ਆਉਣਾ ਸੀ। ਸੰਗਤੇ ! ਸੌ ਦੀ ਇਕ ਸੁਣਾ ਦਿਆਂ ਸਭ ਪੈਸੇ ਅਤੇ ਕੁਰਸੀ ਦਾ ਚੱਕਰ ਹੈ। ਇਥੇ ਬਾਹਰਲੇ ਮੁਲਕਾਂ ਵਿਚ ਇਕ ਐਸੀ ਜੱਥੇਬੰਦੀ ਬਣਾਈ ਗਈ ਹੈ ਜਿਸ ਦਾ ਕੰਮ ਆਪਣੇ ਹੀ ਮੁਲਕ ਨੂੰ ਵੰਡਣਾ ਹੈ। ਉਹ ਇਹ ਉਪਦੇਸ਼ ਦਿੰਦੇ ਹਨ ਕਿ ਜਿਹੜਾ ਸਾਡੇ ਨਾਲ ਸਹਿਮਤ ਨਹੀਂ ਉਹ ਗੁਰੂ ਤੋਂ ਬੇ-ਮੁੱਖ ਹਨ ਜਿਵੇਂ "ਗੁਰੂ ਗਰੰਥ ਸਾਹਿਬ ਜੀ" ਸਾਡੇ ਗੁਰੂ ਹੀ ਨਹੀਂ ਹੁੰਦੇ ਸਿਰਫ ਉਨ੍ਹਾਂ ਨੇ ਹੀ ਖਰੀਦੇ ਹੋਏ ਹਨ। ਉਸ ਦੇ ਮੈਂਬਰ ਬਨਣ ਲਈ -ਸੌ, ਪੰਜ ਸੌ ਅਤੇ ਪੰਜ ਹਜ਼ਾਰ ਡਾਲਰ ਤੀਕ ਫੀਸ ਲਾਈ ਹੋਈ ਹੈ। ਉਨ੍ਹਾਂ ਦੇ ਬਿਆਨ ਵੀ ਐਹੋ ਜਿਹੇ ਛਪ ਰਹੇ ਹਨ ਕਿ ਸਾਡਾ ਕੰਮ ਵਿਆਜ ਨਾਲ ਹੀ ਚਲੀ ਜਾਂਦਾ ਹੈ ਮੂਲ ਨੂੰ ਤਾਂ ਅਸੀਂ ਹੱਥ ਵੀ ਨਹੀਂ ਲਾਇਆ। ਜੋ ਮੈਨੂੰ ਤੁਰ ਫਿਰ ਕੇ ਅੱਡੋ ਅੱਡ ਸ਼ਹਿਰਾਂ ਵਿਚੋਂ ਪਤਾ ਲੱਗਿਆ ਹੈ ਜੋ ਕੈਨੇਡਾ ਲੈਵਲ ਤੇ ਇਸ ਜਥੇਬੰਦੀ ਵਿਚ ਉਪਰਲੇ ਆਹੁਦੇ ਤੇ ਆਏ ਹਨ ਉਨ੍ਹਾਂ ਦੇ ਆਪ ਦੇ ਕਾਰੋਬਾਰ ਚਲਦੇ ਹਨ ਪਰ ਉਹ ਆਪਣੇ ਸਿੱਖ ਭਾਈਆਂ ਨੂੰ ਅੱਧੇ ਅਤੇ ਗੋਰਿਆਂ ਨੂੰ ਪੂਰਾ ਰੇਟ ਦਿੰਦੇ ਹਨ ਹੁਣ ਤੁਸੀਂ ਸੋਚੋ ਜਿਹੜਾ ਆਪਦੇ ਘਰੇ ਹੀ ਬਾਰਬਰ ਦਾ ਹੱਕ ਨਹੀਂ ਦਿੰਦਾ ਉਹ ਕੌਮ ਦਾ ਲੀਡਰ ਬਣਕੇ ਕੌਮ ਦਾ ਕੀ ਸੁਆਰ ਦਊ। ਬੋਲੋ ਜੀ ਵਾਹਿਗੁਰੂ।"

————————"ਵਾਹ ਓਏ ਸ਼ੇਰ ਦਿਆ ਬੱਚਿਆ ! ਬੰਦਾ ਹੋਵੇ ਤਾਂ ਐਹੋ ਜਿਹਾ ਹੋਵੇ ਜਿਹੜਾ ਗੱਲ ਭਰੀ ਪੰਚਾਇਤ ਜਾਂ ਸੰਗਤ ਵਿਚ ਮੂੰਹ ਤੇ ਮਾਰੇ," ਇਕ ਬਜੁਰਗ ਦੀ ਆਵਾਜ਼ ਮੇਰੇ ਕੰਨੀਂ ਪਈ————————

ਉਸ ਨੇ ਆਪ ਦਾ ਮੂੰਹ ਸੰਗਤ ਵੱਲ ਭੁਆ ਕੇ ਫਿਰ ਲੱਗੀਆਂ ਹੋਈਆਂ ਫੋਟੂਆਂ ਵੱਲ ਕਰ ਲਿਆ ——"ਬਾਬਾ ਜੀ ਤੁਸੀਂ ਆਪ ਹੀ ਦੇਖ ਲਓ ਕਰਨੀ ਭਾਗੋ ਵਾਲੀ ਕਮਾਈ ਮਗਰੋਂ ਤੁਹਾਨੂੰ ਖੁਸ਼ ਕਰਨ ਲਈ ਇਹ ਲੋਕ ਹੀ ਅਖੰਡ-ਪਾਠ ਖੁਲਵਾ ਦਿੰਦੇ ਹਨ। ਉਸ ਨੇ ਫੇਰ ਸੰਗਤ ਵੱਲ ਮੂੰਹ ਕਰਕੇ ਗੱਲ ਚਲਦੀ ਰੱਖੀ, ਇਨ੍ਹਾਂ ਦੀ ਇਹੋ ਜਥੇਬੰਦੀ ਸਾਰਿਆਂ ਤੋਂ ਪਾਸੇ ਹੋ ਕੇ ਇਕ ਵੱਖਰੇ ਮੁਲਕ ਦਾ ਨਾਹਰਾ ਦਿੰਦੀ ਹੈ ਖਾਲਸਾ ਜੀ ਅਸੀਂ ਆਪ ਦਾ ਮੁਲਕ ਆਜ਼ਾਦ ਕਰਾਉਣ ਲਈ ਨੱਬੇ, ਪਚੱਨਵੇਂ ਪਰਸੈਂਟ ਜਾਨਾਂ ਦਿਤੀਆਂ। ਅੱਜ ਅਸੀਂ ਉਸੇ ਮੁਲਕ ਨਾਲੋਂ ਅੱਡ ਹੋਕੇ ਨਿੱਕੀ ਜਿਹੀ ਮੁਲਕੀ ਲੈ ਕੇ ਬੈਠ ਜਾਈਏ ਇਹ ਕਿਥੇ ਦੀ ਸਿਆਨਫ ਹੈ ਅਸੀਂ ਤਾਂ ਸਾਰਾ ਮੁਲਕ ਹੀ ਆਪ ਦਾ ਸਮਝਦੇ ਹਾਂ। ਬਾਕੀ ਸਾਡੇ ਦੇਸ਼ ਵਾਲੇ ਕਿਸੇ ਵੀ ਸਿੱਖ ਲੀਡਰਾਂ ਨੇ ਇੰਨਾਂ ਦੀ ਹਾਮੀ ਨਹੀਂ ਭਰੀ ਉਹ ਵੀ ਅੱਡ ਨਹੀਂ ਹੋਣਾ ਚਾਹੁੰਦੇ। ਲੋਕਾਂ ਦੇ ਬਣਾਏ ਹੋਏ ਉਹੋ ਹੀ ਸ਼ਰੋਮਣੀ-ਲੀਡਰ ਹਨ ਸਾਨੂੰ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ। ਭਾਵੇਂ ਇਥੋਂ ਵਾਲੇ ਆਪੇ ਬਣੇ ਲੀਡਰ ਉਨ੍ਹਾਂ ਨੂੰ ਗਦਾਰ ਜਾਂ ਗੌਰਮਿੰਟ ਨਾਲ ਮਿਲੇ ਹੋਏ ਕਹਿੰਦੇ ਹਨ ਪਰ ਖਾਲਸਾ ਜੀ ! ਸੱਚੀ ਗੱਲ ਸੱਚੀ ਹੀ ਰਹਿਣੀ ਹੈ ਤੁਹਾਡੇ ਸਾਹਮਣੇ ਹੀ ਆਉਣੀ ਹੈ ਜਦ ਵੀ ਕਦੀ ਦੇਸ ਵਾਲੇ ਉਨ੍ਹਾਂ ਲੀਡਰਾਂ ਨੇ ਇਥੇ ਗੇੜਾ ਮਾਰਿਆ ਅੱਜ ਤਾਂ ਇਹ ਉਨ੍ਹਾਂ ਨੂੰ ਗਦਾਰ ਕਹਿੰਦੇ ਨਹੀਂ ਥੱਕਦੇ ਪਰ ਉਸ ਮੌਕੇ ਇਨਾ ਨੇ ਹੀ ਅੱਗੇ ਹੋ ਕੇ ਉਨ੍ਹਾਂ ਦੇ ਗਲਾਂ ਵਿਚ ਹਾਰ ਪਾਉਣੇ ਹਨ ਕਿਉਂ ਕਿ ਮੈਂ ਤਾਂ ਤੁਰਦਾ ਫਿਰਦਾ ਯਾਤਰੀ ਹਾਂ ਸ਼ਾਇਦ ਇਥੇ ਨਾ ਹੋਵਾਂ ਪਰ ਤੁਹਾਡੇ ਸਾਹਮਣੇ ਸਭ ਕੁਝ ਵਰਤੇਗਾ। ਇੰਨਾ ਲੀਡਰਾਂ ਨੇ ਕਰਨਾ ਕੀ ਖੇਹ ਤੇ ਸੁਆਹ ਪਹਿਲਾਂ ਨਨਕਾਣਾ ਸਾਹਿਬ, ਪੰਜਾ ਸਾਹਿਬ ਦੂਰ ਕਰਵਾਏ, ਹੁਣ ਇਨਾਂ ਦੀ ਵਾਹ ਬਾਕੀ ਰਹਿੰਦੇ ਗੁਰੂ ਘਰਾਂ ਨੂੰ ਸੰਗਤ ਤੋਂ ਪਾਸੇ ਕਰਨ ਦੀ ਹੈ, ਸਾਰੀ ਸੰਗਤ ਬੋਲੋ ਜੀ ਵਾਹਿਗੁਰੂ।"

ਕੁਝ ਨਿਆਣੇ ਇਧਰ ਉਧਰ ਭੱਜੇ ਫਿਰਦੇ ਸਨ ਉਨ੍ਹਾਂ ਦੇ ਮਾਂ-ਪਿਉ ਖੜਕਧਾਰੀ ਦੀਆਂ ਗੱਲਾਂ ਵਿਚ ਇੰਨੇ ਮਗਨ ਸਨ ਕਿ ਉਨ੍ਹਾਂ ਨੂੰ ਕੋਈ ਖਿਆਲ ਵੀ ਨਾ ਰਿਹਾ, ਬਈ ਅਸੀਂ ਕੋਲ ਬਿਠਾ ਕੇ ਰੱਖੀਏ। ਅਖੀਰੀ ਕੈਪਟਨ ਲਾਲ ਸਿਓਂ ਨੇ ਫੌਜੀ ਰੋਅਬ ਵਿਚ ਸੰਗਤ ਨੂੰ ਚਿਤਾਵਨੀ ਕੀਤੀ "ਤੁਮ ਸਭ ਡੰਗਰ ਹੋ' ਕਾਮ ਕੀ ਬਾਤ ਨਹੀਂ ਸੁਨਤੇ, ਬੱਚੋਂ ਕੋ ਭਗਾ ਰਹੇ ਹੋ।" ਇੰਨੀ ਕਹਿਣ ਦੀ ਲੋੜ ਸੀ ਸਾਰੇ ਨਿਆਣੇ ਥਾਂਓਂ-ਥਾਂਈਂ ਬੁਕਲਾਂ ਵਿਚ ਬਿਠਾ ਲਏ ਗਏ।

ਜਦ ਸੰਗਤ ਵਿਚ ਚੁੱਪ ਛਾ ਗਈ ਤਾਂ ਖੜਕਧਾਰੀ ਨੇ ਫਿਰ ਗੁਰੂ ਨਾਨਕ ਦੇਵ ਜੀ ਦੀ ਫੋਟੋ ਵੱਲ ਮੂੰਹ ਕਰਕੇ ਬੋਲਣਾ ਸ਼ੁਰੂ ਕੀਤਾ। "ਬਾਬਾ ਜੀ ਅਸੀਂ ਹਰ ਸਾਲ ਤੁਹਾਡਾ ਜਨਮ ਦਿਨ ਤੁਹਾਡੇ ਜਨਮ ਅਸਥਾਨ ਤੇ ਹੀ ਜਾ ਕੇ ਮਨਾਉਂਦੇ ਹਾਂ ਪਰ ਅਸੀਂ ਥਾਂਓਂ-ਥਾਂਈਂ ਤੁਹਾਡੇ ਜਨਮ ਦਿਨ ਦੀ ਖੁਸ਼ੀ ਵਿਚ ਦੁਨੀਆਂ ਦੇ ਕੋਨੇ ਕੋਨੇ ਵਿਚ ਦਾਲ ਫੁਲਕੇ ਦਾ ਤਿੰਨ ਦਿਨ ਲਈ ਪ੍ਰਬੰਧ ਕਰਦੇ ਹਾਂ ਪਰ ਸਾਰਾ ਜ਼ੋਰ ਅਸੀਂ ਤੁਹਾਡੇ ਜਨਮ ਭੂਮੀ ਵਾਲੇ ਥਾਂ ਤੇ ਹੀ ਲਾਉਂਦੇ ਹਾਂ। ਪਿਛਲੇ ਨਵੰਬਰ ਵਿਚ ਅਸੀਂ ਤੁਹਾਡਾ ਪੰਜ ਸੌ ਪੰਦਰਵਾਂ ਜਨਮ ਦਿਨ ਪਾਕਿਸਤਾਨ ਬੜੀ ਧੂਮ-ਧਾਮ ਨਾਲ ਮਨਾਇਆ। ਹਜ਼ਾਰਾਂ ਦੀ ਗਿਣਤੀ ਵਿਚ ਇਧਰੋਂ ਬਾਹਰਲੇ ਮੁਲਕਾਂ ਵਿਚੋਂ ਵੀ ਸੰਗਤ ਗਈ ਸੀ। ਪਰ ਬਾਬਾ ਜੀ ਜੋ ਮੇਰੇ ਵਰਗਿਆਂ ਕਈ ਨਿਮਾਣਿਆਂ ਦੇ ਕੰਨੀ ਪਿਆ, ਕੀ ਦੱਸੀਏ ਤੁਹਾਨੂੰ ਤੁਸੀਂ ਸਭ ਜਾਣੀ ਜਾਣ ਹੀ ਹੋ, ਉਥੇ ਜਾਕੇ ਬਾਹਰਲੇ ਘੜੰਮ ਚੌਧਰੀਆਂ ਨੇ ਤੁਹਾਡੇ ਜਨਮ ਦਿਨ ਵੱਲ ਘੱਟ ਧਿਆਨ ਦਿੱਤਾ ਪਰ ਹੋਰ ਬਹੁਤ ਧੂੰਆਂ-ਧਾਰ ਤਕਰੀਰਾਂ ਦਿੱਤੀਆਂ। ਉਨ੍ਹਾਂ ਨੇ ਆਪ ਦੇ ਹੀ ਮੁਲਕ ਤੇ ਹੱਲਾ ਬੋਲਣ ਲਈ ਗੁਰੀਲਾ ਯੁੱਧ ਦੀਆਂ ਤਿਆਰੀਆਂ ਕੀਤੀਆਂ।"

"ਬਾਬਾ ਜੀ ! ਤੁਹਾਨੂੰ ਤਾਂ ਪਤਾ ਹੀ ਹੈ ਉਥੇ ਤੁਹਾਡੇ ਜਨਮ ਦਿਨ ਤੇ ਗਏ ਕਈ ਤੁਹਾਡੀ ਸਿੱਖੀ ਬਾਣੇ ਵਿਚ ਕਈ ਹੀਰਿਆਂ ਨੇ ਲਹੌਰ ਦੀ ਹੀਰਾ ਮੰਡੀ ਵਿਚ ਗੇੜੇ ਦਿਤੇ ਉਨ੍ਹਾਂ ਨੂੰ ਤੁਹਾਡੇ ਜਨਮ ਦਿਨ ਦੀ ਕੋਈ ਪ੍ਰਵਾਹ ਨਹੀਂ ਸੀ ਸਗੋਂ ਉਹ ਤਾਂ ਉਥੋਂ ਆਪ ਦੀਆ ਫਿਲਮਾਂ ਲਈ ਮੁਜਰੇ ਦੇ ਸੀਨ ਤਿਆਰ ਕਰਨ ਗਏ ਸਨ ਇਥੋਂ ਤੱਕ ਇਕ ਗੁਰਦੁਆਰੇ ਦਾ ਪ੍ਰਧਾਨ ਆਪ ਦੀ ਪੱਗ ਗੁਰਦੁਆਰੇ ਹੀ ਲਾਹ ਕੇ ਗਿਆ ਅਤੇ ਬੋਦੇ ਨੂੰ ਅਤਰ-ਫਲੇਲ ਲਾਕੇ ਹੀਰਾ ਮੰਡੀ ਵਿਚ ਗੁੰਮ ਹੋਇਆ ਪਰ ਬਾਅਦ ਵਿਚ ਉਨ੍ਹਾਂ ਵਿਚੋਂ ਹੀ ਇੰਗਲੈਂਡ ਤੋਂ ਗਏ ਕਿਸੇ ਨੇ "ਹੀਰਾ ਮੰਡੀ ਦੀਆਂ ਹੀਰਾਂ" ਦੇ ਲੇਖ ਵਿਚਲੇ ਉਸੇ ਪ੍ਰਧਾਨ ਨੂੰ ਲੇਖ ਵਿਚੋਂ ਬਾਹਰ ਕੱਢ ਕੇ ਮੁਆਫੀ ਮੰਗੀ ਕਿ ਹੀਰਾ ਮੰਡੀ ਵਿਚ ਇਹੇ ਪ੍ਰਧਾਨ ਨਹੀਂ ਸੀ ਸਗੋਂ ਕੋਈ ਹੋਰ ਆਦਮੀ ਸੀ। ਬਾਬਾ ਜੀ ! ਇਹੋ ਹੀ ਤਾਂ ਅੱਜ ਕੱਲ ਦੀ ਪੱਤਰਕਾਰੀ ਹੈ ਪਹਿਲਾਂ ਅਗਲੇ ਨੂੰ ਵੇਲਣੇ ਵਿਚ ਦੇ ਦਿਓ ਮਗਰੋਂ ਮੁਆਫੀ-ਨਾਮਾ ਛਾਪ ਦਿਓ। ਇਹ ਪੱਤਰਕਾਰ ਕਈ ਵਾਰ "ਸਿੰਘ ਹੋ ਕੇ ਸਿੰਘਾਂ ਦੀ ਹੀ" ਖਬਰਾਂ "ਸਿੰਘ ਮੋਕ ਮਾਰ ਗਏ" ਛਾਪ ਦਿੰਦੇ ਹਨ। ਜਦ ਕੋਈ ਖਬਰ ਦੀ ਤਸਦੀਕ ਕਰਨ ਲਈ ਪਤਾ ਕਰਦਾ ਕਿ ਸਿੰਘਾਂ ਨੇ ਮੋਕ ਬੈਠਿਆਂ, ਖੜਿਆਂ ਜਾਂ ਭੱਜੇ ਜਾਂਦਿਆਂ ਨੇ ਮਾਰੀ। ਇਹ ਪੱਤਰਕਾਰ ਅੱਗੋਂ ਜਬਾਬ ਦਿੰਦੇ ਹਨ ਕਿ ਖਬਰ ਦੀ ਸਹੀ ਪੁਸ਼ਟੀ ਨਹੀਂ ਹੋ ਸਕੀ ਸੀ। ਬਾਕੀ ਇੰਨਾ ਪੱਤਰਕਾਰਾਂ ਦੇ ਪੱਤਰਾਂ ਵਿਚ ਜੋ ਲਿਖਾਰੀ ਲਿਖਦੇ ਹਨ ਉਹ ਭਾਵੇਂ ਚਾਰ ਅੱਖਰ ਹੀ ਲਿਖਣ। ਪਰ ਹਰ ਇਕ ਰਚਨਾ ਨਾਲ ਉਹ ਆਪਣੀ ਵੱਖਰੀ ਤੋਂ ਵੱਖਰੀ ਫੋਟੋ ਛਪਵਾਉਂਦੇ ਹਨ। ਤੁਸੀਂ ਧੰਨ ਸੀ ਬਾਬਾ ਜੀ ! ਐਨੀ ਰਚਨਾ ਰਚ ਗਏ ਸੀ ਪਰ ਹੁਣ ਵਾਂਗ ਫੁਕਰਿਆਂ ਵਾਲੀਆਂ ਗੱਲਾਂ ਨਹੀਂ ਕੀਤੀਆਂ ਸਨ।"

————————"ਹਲਾਂਅ ਲੰਮੀ ਵਲੀ ਲੱਗਦੀ ਐ, ਸਾਰਿਆਂ ਨੂੰ ਹੀ ਘੇਰੇ 'ਚ ਪਊ, ਛੱਡਦੇ ਨਹੀਂ ਲੱਗਦਾ ਅੱਜ ਕਿਸੇ ਨੂੰ, ਖੁਆਊ ਦੇਸੀ ਘਿਉ ਦੀ ਚੂਰੀ ਸਾਰਿਆਂ ਨੂੰ," ਮੇਰੇ ਖੱਬੇ ਹੱਥ ਬੈਠੇ ਜਗਤਾਰ ਨੇ ਆਪ ਦੇ ਮੂਹ੍ਰੇ ਬੈਠੇ ਗੁਰਨਾਦਰ ਨੂੰ ਹੌਲੀ ਦੇਣੇ ਕਿਹਾ———— "ਇਹ ਤਾਂ ਪਾਈ ਜਾਂਦੈ ਸਾਰਿਆਂ ......ਨੂੰ ਹੀ ਗਧੀ-ਗੇੜੇ 'ਚ," ਗੁਰਨਾਦਰ ਨੇ ਮੋੜਵਾਂ ਜਬਾਬ ਇਸ਼ਾਰੇ ਨਾਲ ਹੀ ਦਿੱਤਾ————

"ਇਕ ਹੋਰ ਬੜਾ ਭੈੜਾ ਰਿਵਾਜ ਸੰਗਤ ਵਿਚ ਪਿਆ ਹੋਇਆ ਦਾੜ੍ਹੀ ਰੰਗਨ ਅਤੇ ਬੰਨ੍ਹਣ ਦਾ ਖੜਕਧਾਰੀ ਨੇ ਗੱਲ ਅੱਗੇ ਤੋਰੀ———— ਕਈ ਤਾਂ ਦਾੜ੍ਹੀ ਨੂੰ ਐਨਾ ਰੰਗ ਲਾ ਲੈਂਦੇ ਹਨ ਉਨ੍ਹਾਂ ਦਾ ਰੰਗ ਚੜ੍ਹਿਆ ਦੂਰੋਂ ਹੀ ਦਿਸਦਾ ਜਿਵੇਂ ਜੰਡ ਤੇ ਸੰਧੂਰ ਭੁਕਿਆ ਹੋਵੇ,"

————ਗੱਲ ਸੁਣਕੇ ਸੰਗਤ ਵਿਚੋਂ ਕਈ ਜਾਣੇ ਸੈਨਤੋਂ ਸੈਨਤੀ ਹੋਏ ਜਿਹੜੇ ਇਹ ਕੰਮ ਕਰਦੇ ਸਨ ਕੈਪਟਨ ਲਾਲ ਸਿਓਂ ਨੇ ਵੀ ਧੋਲਾ ਜਿਹਾ ਰੰਗੀ ਅਤੇ ਬੰਨੀ ਦਾੜ੍ਹੀ ਤੇ ਫੇਰਿਆ। ——————

"ਭਲਾ ਪੁਛਣ ਵਾਲਾ ਹੋਵੇ ਇਸ ਤਰ੍ਹਾਂ ਕਿਤੇ ਉਮਰਾਂ ਲੁਕਦੀਆਂ ਹਨ, ਭਰਵਾਂ ਖੁੱਲ੍ਹਾ ਦਾਹੜ੍ਹਾ ਚੇਹਰੇ ਤੇ ਰੋਅਬ ਲਿਆ ਦਿੰਦਾ ਹੈ।"

"ਸਾਡੇ ਦਸਵੇਂ ਗੁਰੂ ਨੇ ਸਾਰੀਆਂ ਜਾਤਾਂ ਨੂੰ ਇਕੱਠੇ ਕਰਕੇ ਇਕ ਖਾਲਸਾ ਪੰਥ ਸਾਜਿਆ ਸੀ ਪਰ ਅਸੀਂ ਇਥੇ ਐਨੀਆਂ ਆਪਸ ਵਿਚ ਜਾਤਾਂ-ਗੋਤਾਂ ਦੀਆਂ ਵੰਡੀਆਂ ਪਾ ਲਈਆਂ ਹਨ ਕਿ ਰਹੇ ਰੱਬ ਦਾ ਨਾਂ। ਜਿਹੜਾ ਦੇਸ਼ ਵਿਤਕਰਾ ਸੀ ਪਰ ਮੈਂ ਇਥੇ ਓਸ ਤੋਂ ਵੱਧ ਦੇਖਿਆ ਹੈ ਹਰ ਕੋਈ ਆਪ ਦੇ ਆਪ ਨੂੰ ਫਰੀਦਕੋਟੀਆ ਹੀ ਸਮਝਦਾ ਹੈ। ਅੱਜ ਹੀ ਆਪਦੇ ਆਪ ਨੂੰ ਸਾਰੀਆਂ ਜਾਤਾਂ ਤੋਂ ਉਚਾ ਸਮਝਦੇ ਹਨ ਉਨ੍ਹਾ ਵਿਚ ਵੀ ਗੋਤਾਂ ਨਾਲ ਚੰਗੇ ਮਾੜੇ ਦੀ ਪਛਾਣ ਹੁੰਦੀ ਹੈ।"

"ਖਾਲਸਾ ਜੀ ! ਜਰਾ ਧਿਆਨ ਦੇਵੋ ਚੋਣਾਂ ਤਾਂ ਮੈਂ ਦੇਸ ਹੁੰਦੀਆਂ ਵੀ ਦੇਖੀਆਂ ਪਰ ਜੋ ਇਥੋਂ ਦੇ ਗੁਰਦੁਆਰਿਆਂ ਵਿਚ ਚੋਣਾਂ ਵੇਲੇ ਖਿੱਚੋ-ਤਾਣ ਹੁੰਦੀ ਹੈ ਉਹ ਦੀ ਬਾਬਤ ਤੁਸੀਂ ਜਾਣਦੇ ਹੀ ਹੋ। ਵੈਨਕੂਵਰ ਤੋਂ ਛੇ ਸੌ, ਸੱਤ ਮੀਲਾਂ ਤੱਕ ਵੋਟਰ ਲਿਆਉਣ ਬੱਸਾਂ ਜਾਂਦੀਆਂ ਹਨ। ਰਸਤੇ ਵਿਚ ਇਹ ਵੋਟਰ ਭੰਗੜੇ ਬੋਲੀਆਂ ਪਾਉਂਦੇ ਆਉਂਦੇ-ਜਾਂਦੇ ਹਨ। ਫਿਰ ਕਈ ਖਾਸ ਵੋਟਰਾਂ ਦਾ ਉਤਾਰਾ ਹੋਟਲਾਂ ਮੋਟਲਾਂ ਵਿਚ ਕਰਕੇ ਉਨ੍ਹਾਂ ਨੂੰ ਹਰ ਸੰਭਵ ਚੀਜ਼ ਸਪਲਾਈ ਕੀਤੀ ਜਾਂਦੀ

(ਬਾਕੀ ਪੰਨਾ 11 ਤੇ)

ਜ਼ਹਿਰੀ ਰੁੱਖ

ਗੁਰਚਰਨ ਰਾਮਪੁਰੀ

ਜ਼ਹਿਰੀ ਦਮਗਜਿਆਂ ਦੇ ਰੁੱਖ ਨੂੰ
ਕਿੰਨੇ ਫ਼ਲ ਖੱਫਣ ਦੇ ਲੱਗੇ !
ਘਰ ਘਰ ਦੇ ਵਿਚ ਪੈਣ ਕੀਰਨੇ,
ਗਲੀ ਗਲੀ ਚੋਂ ਅਰਥੀ ਨਿਕਲੇ।

ਹਾਕਮ ਅਤੇ ਭਗੌੜੇ ਦੇ ਵਿਚ ਸਾਂਝ ਪੁਰਾਣੀ
ਦੋਨਾਂ ਦੀ ਹੈ ਇਕੋ ਢਾਣੀ,
ਦੋਨੋਂ ਹਨ ਸਾਂਝਾਂ ਦੇ ਵੈਰੀ
ਦੋਵੇਂ ਨਹੀਂ ਸਮੇਂ ਦੇ ਹਾਣੀ।

ਹਿਟ-ਲਿਸਟਾਂ ਲਟਕਾਵਣ ਵਾਲੇ
ਆਪ ਸ਼ਿਕਾਰ ਉਨ੍ਹਾਂ ਦਾ ਹੋਏ,
ਪਰ ਜੋ ਜ਼ਹਿਰ ਕਹਿਰ ਦੀ ਲਹਿਰ ਉਨ੍ਹਾਂ ਨੇ
ਸ਼ਾਂਤ ਸਰੋਵਰ ਵਿੱਚ
ਲੱਖਾਂ ਤਾਰੂ ਡੋਬ ਰਹੀ ਹੈ।

ਮਾਂ ਦਾ ਸ਼ਹਿਜ਼ਾਦਾ ਜੋ ਰੋਟੀ ਖਾਤਰ
ਘਰੋਂ ਗਿਆ ਸੀ
ਉਸ ਦੀ ਲੋਥ ਮੁੜੀ ਹੈ।
ਬੁੱਕਲ ਦੇ ਵਿਚ ਸਾਂਭ ਕਿਤਾਬਾਂ ਗਈ ਸ਼ਹਿਰ ਨੂੰ
ਬੇਪਤ ਹੋਈ ਉਹੋ ਕੁੜੀ ਹੈ।

ਇਹਨਾਂ ਦੋਹਾਂ ਦੀ ਮਾਂ ਦੱਸੋ,
ਕਿਦ੍ਹੀ ਜਾਨ ਨੂੰ, ਲੰਮੀ ਉਮਰਾ ਹੋਵੇ
ਖਬਰੇ ਕੱਲ੍ਹ ਭਗੌੜਾ ਮੁੜ ਕੇ
ਹਾਕਮ ਦੀ ਹਿਕ ਨੇੜੇ ਹੋਵੇ।

ਸਾ ਹਿ ਤ ਦ ਰ ਪ ਣ

ਕੈਨੇਡਾ ਅਤੇ ਅਮਰੀਕਾ ਦੇ ਮਸ਼ਹੂਰ ਲੇਬਰ ਗੀਤ ''ਸੌਲਿਡੈਰਿਟੀ ਫਾਰ ਐਵਰ'' ਦਾ ਪੰਜਾਬੀ ਰੂਪ:

ਸਦੀਵੀ ਏਕਤਾ

ਪੰਜਾਬੀ ਰੂਪ: ਸੁਖਪਾਲ 1985

ਮੌਲਿਕ ਗੀਤ: ਚੈਪਲਿਨ 1915

ਜਥੇਬੰਦੀ ਹੈ ਤਾਕਤ ਸਾਡੀ ਲੱਖ ਮੂੰਹਾਂ ਦੀ ਇੱਕ ਆਵਾਜ਼!
ਐ ਦੁਨੀਆਂ ਦੇ ਕਿਰਤੀ ਲੋਕੋ ਸਾਡਾ ਏਕਾ ਜਿੰਦਾਬਾਦ !
ਜ਼ਿੰਦਾਬਾਦ! ਜ਼ਿੰਦਾਬਾਦ!

ਏਕੇ ਦੇ ਵਿਚ ਬਰਕਤ ਡਾਢੀ, ਬੜੀ ਇਕੱਲਤਾ ਹੈ ਕਮਜ਼ੋਰ !
ਜੱਥੇਬੰਦੀ ਦੀ ਰੂਹ ਲਹੂ ਵਿਚ, ਭਰ ਦਏ ਲੱਖ ਐਟਮ ਦਾ ਜ਼ੋਰ !
ਇਸ ਸੂਰਜ ਦੇ ਥੱਲੇ ਨਾ ਕੋਈ, ਵੱਡੀ ਤਾਕਤ ਇਸ ਤੋਂ ਬਾਅਦ,
ਲੱਖ ਦਿਲਾਂ ਦੀ ਸਾਂਝੀ ਧੜਕਣ, ਲੱਖ ਮੂੰਹਾਂ ਦੀ ਇਕ ਆਵਾਜ਼ !
ਕਿਰਤੀ ਏਕਾ ਜਿੰਦਾਬਾਦ ! ਜਿੰਦਾਬਾਦ!!

ਜੇ ਦੁਨੀਆਂ ਵਿਚ ਕਿਰਤ ਨਾ ਹੋਵੇ, ਤਾਂ ਕੋਈ ਪਹੀਆ ਚੱਲ ਨਾ ਸਕਦਾ
ਚਾਂਦੀ ਸੋਨਾ ਮਿੱਟੀ ਹੋ ਜਾਏ,ਇਕ ਰੁਪਈਆ ਚੱਲ ਨਾ ਸਕਦਾ !
ਤੋੜ ਦਿਆਂਗੇ ਕਿਲੇ ਲੁੱਟ ਦੇ, ਜੇ ਰੱਖੀਏ ਇਸ ਸੱਚ ਨੂੰ ਯਾਦ,
ਜਥੇਬੰਦੀ ਹੈ ਤਾਕਤ ਸਾਡੀ, ਸਾਡਾ ਏਕਾ ਜਿੰਦਾਬਾਦ !

ਸਾਡੇ ਹੱਥਾਂ ਦੇ ਰੱਟਣਾਂ ਵਿਚ, ਤਾਕਤ ਬੜੀ ਖਜ਼ਾਨੇ ਨਾਲੋਂ !
ਰਾਜ ਦਾ ਕੋਈ ਨਾ ਕੋਈ ਨਾ ਗੁੰਬਦ ਉੱਚਾ,
ਸਾਡੇ ਨੇਕ ਨਿਸ਼ਾਨੇ ਨਾਲੋਂ!
ਢਾਹ ਕੇ ਗਲਤ ਨਿਜ਼ਾਮ ਅਸਾਂ ਨੇ, ਕਰਨੀ ਦੁਨੀਆਂ ਨਵੀਂ ਆਬਾਦ,
ਕਿਰਤੀ ਜਿੱਥੇ ਕਿਰਤ ਦਾ ਮਾਲਕ, ਕਿਰਤਾਂ ਵਾਲੇ ਜਿੰਦਾਬਾਦ !

ਜਥੇਬੰਦੀ ਹੈ ਤਾਕਤ ਸਾਡੀ ਲੱਖ ਮੂੰਹਾਂ ਦੀ ਇਕ ਆਵਾਜ਼ —
''ਐ ਦੁਨੀਆਂ ਦੇ ਕਿਰਤੀ ਲੋਕੋ ਸਾਡਾ ਏਕਾ ਜਿੰਦਾਬਾਦ !''
ਜਿੰਦਾਬਾਦ ! ਜਿੰਦਾਬਾਦ !

ਉਮਰ ਖਿਯਾਮ

ਦੁਨੀਆਂ ਦੀ ਲਗਭਗ ਹਰ ਇਕ ਲਿਖਤੀ ਬੋਲੀ ਵਿਚ ਉਮਰ ਖਿਯਾਮ ਬਾਰੇ ਕੁਝ ਨਾ ਕੁਝ ਲਿਖਿਆ ਗਿਆ ਹੈ। ਉਸ ਪ੍ਰਸਿੱਧ ਤੇ ਪ੍ਰਬੀਨ ਕਵੀ ਬਾਰੇ ਲਿਖੇ ਗਏ ਵਿਸ਼ਾਲ ਸਾਹਿਤ ਨੂੰ ਪੜ੍ਹਨਾ ਤਾਂ ਇਕ ਪਾਸੇ, ਇਕ ਉਮਰ ਵਿਚ ਇਕੱਠਿਆਂ ਕਰਨਾ ਭੀ ਅਸੰਭਵ ਹੈ। ਉਮਰ ਖਿਯਾਮ ਨੇ ਭਾਵੇਂ ਖਗੋਲ-ਵਿਗਿਆਨ, ਫ਼ਿਲਾਸਫ਼ੀ, ਹਿਕਮਤ ਤੇ ਹਿਸਾਬ ਬਾਰੇ ਭੀ ਪੁਸਤਕਾਂ ਲਿਖੀਆਂ ਸਨ ਪਰ ਉਸ ਦੇ ਨਾਂ ਨੂੰ ਸਿਰਫ਼ ਰੁਬਾਈਆਂ ਨੇ ਹੀ ਅਮਰ ਕੀਤਾ ਹੈ।

ਉਮਰ ਖਿਯਾਮ ਈਰਾਨ ਦੇ ਸੂਬਾ ਖੁਰਾਸਾਨ ਦੀ ਰਾਜਧਾਨੀ ਨਿਸ਼ਾਪੁਰ ਦਾ ਵਸਨੀਕ ਸੀ। ਉਸਦੀ ਪੈਦਾਇਸ਼ 1018-19 ਵਿਚ ਹੋਈ ਅਤੇ ਲੰਬੀ ਆਯੂ ਭੋਗ ਕੇ 1123-24 ਵਿਚ ਸਦਾ ਲਈ ਦੁਨੀਆਂ ਨੂੰ ਤਿਆਗ ਗਿਆ। ਗਿਆਰਵੀਂ ਸਦੀ ਵਿਚ ਨਿਸ਼ਾਪੁਰ ਦੌਲਤ, ਵਪਾਰ ਤੇ ਕਾਰੋਬਾਰ ਦਾ ਕੇਂਦਰ ਸੀ। ''ਅਨਵਰੀ'' ਨੇ ਨਿਸ਼ਾਪੁਰ ਦੀ ਧਰਤੀ ਦੀ ਸੁੰਦਰਤਾ ਬਾਰੇ ਲਿਖਿਆ ਸੀ, ''ਜੋ ਦੁਨੀਆਂ ਵਿਚ ਬਹਿਸ਼ਤ ਹੈ ਉਹ ਨਿਸ਼ਾਪੁਰ ਵਿਖੇ ਹੈ ਪਰ ਜੇ ਏਥੇ ਨਹੀਂ ਤਾਂ ਹੋਰ ਕਿਤੇ ਭੀ ਨਹੀਂ।'' ਇਹ ਓਸ ਸਮੇਂ ਦੀ ਗੱਲ ਹੈ ਜਦ ਕਿ ਨਿਸ਼ਾਪੁਰ ਦੀ ਆਬਾਦੀ ਦੋ ਤੋਂ ਚਾਰ ਲੱਖ ਦੀ ਸੀ। ਕਿਉਂਕਿ ਸ਼ਹਿਰ ਦੀ ਸੁੰਦਰਤਾ ਅਤੇ ਧਨ ਦੌਲਤ ਦਾ ਹਰ ਪਾਸੇ ਚਰਚਾ ਸੀ। ਡਾਕੂ ਹੁਕਮਰਾਨ ਬਾਰ ਬਾਰ ਉਸ ਪੁਰ ਧਾਵੇ ਬੋਲਦੇ ਰਹਿੰਦੇ ਸਨ। ਬਸਤੀ ਦੀ ਰਾਖੀ ਲਈ ਸ਼ਹਿਰ ਦੇ ਚਾਰ-ਚੁਫੇਰੇ ਕਿਲੇਬੰਦੀ ਕੀਤੀ ਹੋਈ ਸੀ।

ਨਿਸ਼ਾਪੁਰ ਆਰਟ ਅਤੇ ਵਿਦਿਆ ਦਾ ਭੀ ਸੈਂਟਰ ਸੀ। ਸ਼ਹਿਰ ਵਿਚ ਅੱਠ ਕਾਲਜ ਅਤੇ ਤੇਰਾਂ ਲਾਇਬਰੇਰੀਆਂ ਸਨ। ਮੁਖੀ ਮਸਜਦ ਦੀ ਲਾਇਬਰੇਰੀ ਵਿਚ ਪੰਜ ਹਜ਼ਾਰ ਤੋਂ ਵਧ ਪੁਸਤਕਾਂ ਸਨ। ਉਸ ਸਮੇਂ ਦੇ ਮੁਤਾਬਕ ਇਹ ਇਕ ਬਹੁਤ ਵੱਡਾ ਪੁਸਤਕਾਲਾ ਸੀ। ਈਰਾਨ ਅਤੇ ਹੋਰਾਂ ਦੇਸ਼ਾਂ ਤੋਂ ਵਿਦਿਆਰਥੀ ਨਿਸ਼ਾਪੁਰ ਵਿਦਿਆ ਅਤੇ ਆਰਟ ਸਿਖਣ ਲਈ ਆਉਂਦੇ ਸਨ। ਗਿਆਰਵੀਂ ਸਦੀ ਦੇ ਪਹਿਲੇ ਪੰਜਾਹ ਸਾਲਾਂ ਦੇ ਪ੍ਰਸਿਧ ਉਲਮਾ ਵਿਚ ਅਮਾਮ ਮਵੱਫ਼ਕ ਸੀ। ਉਮਰ ਖਿਯਾਮ ਨੇ ਏਸੇ ਵਿਦਵਾਨ ਤੋਂ ਵਿਦਿਆ ਪ੍ਰਾਪਤ ਕੀਤੀ ਸੀ। ਖਿਯਾਮ ਦੇ ਦੋ ਹੋਰ ਸਹਿਪਾਠੀ ਹਸਨ-ਬਿਨ-ਅਲੀ ਅਤੇ ਹਸਨ ਸਨ। ਇਨ੍ਹਾਂ ਤਿੰਨ੍ਹਾਂ ਦੀ ਆਪਸ ਵਿਚ ਗੂੜ੍ਹੀ ਮਿਤਰਤਾ ਅਤੇ ਪਿਆਰ ਸੀ। ਇਕ ਦਿਨ ਉਨ੍ਹਾਂ ਇਕ ਦੂਜੇ ਨਾਲ ਇਕਰਾਰ ਕੀਤਾ ਕਿ ਜੇ ਤਿੰਨਾਂ ਵਿਚੋਂ ਕੋਈ ਉਚੀ ਪਦਵੀ ਪੁਰ ਪੁਜਿਆ ਉਹ ਬਾਕੀ ਦੋਨਾਂ ਨੂੰ ਆਪਣੇ ਬਰਾਬਰ ਬਣਾਵੇਗਾ। ਉਸ ਵੇਲੇ ਕਿਸੇ ਨੂੰ ਕੀ ਪਤਾ ਸੀ ਕਿ ਅਗਾਂਹ ਚਲ ਕੇ ਇਹ ਮਾਸੂਮ ਬੱਚੇ ਇਤਿਹਾਸ ਨੂੰ ਬਦਲ ਦੇਣਗੇ।

ਉਮਰ ਖਿਯਾਮ ਪੜ੍ਹਾਈ ਪੂਰੀ ਕਰਕੇ ਫ਼ਿਲਾਸਫ਼ੀ ਤੇ ਸਾਇੰਸ ਦੀ ਖੋਜ ਵਿਚ ਰੁਝ ਗਿਆ। ਹੋ ਸਕਦਾ ਹੈ ਕਿ ਰੋਜ਼ੀ ਕਮਾਉਣੇ ਲਈ ਆਪਣੇ ਜੱਦੀ ਕੰਮ ਅਨੁਸਾਰ ਤੰਬੂ ਭੀ ਬਣਾਏ ਹੋਣ। ਹਸਨ-ਬਿਨ-ਅਲੀ ਨੇ ਥੋੜ੍ਹੇ ਸਮੇਂ ਵਿਚ ਹੀ ਐਨੀ ਤਰੱਕੀ ਕੀਤੀ ਕਿ ਸੁਲਤਾਨ ਅਲਪ ਅਰਸਲਾਨ ਸਲਜੋਤੀ ਦਾ ਵਜ਼ੀਰ ਬਣ ਗਿਆ। ਸੁਲਤਾਨ ਨੇ ਉਸ ਨੂੰ 'ਨਜ਼ਾਮ-ਉਲ-ਮੁਲਕ' ਦਾ ਖਿਤਾਬ ਦਿਤਾ। ਜਦ ਖਿਯਾਮ ਨੂੰ ਖਬਰ ਮਿਲੀ ਕਿ ਉਸ ਦਾ ਜਮਾਤੀ ਵਜ਼ੀਰ ਬਣ ਗਿਆ ਹੈ ਉਹ ਅਸਫ਼ਹਾਨ ਪੁਜ ਕੇ 'ਨਜ਼ਾਮ-ਉਲ-ਮੁਲਕ' ਨੂੰ ਮਿਲਿਆ ਹਸਨ-ਬਿਨ-ਅਲੀ ਨੇ ਖਿਯਾਮ ਦਾ ਬੜੇ ਆਦਰ ਨਾਲ ਸੁਆਗਤ ਕੀਤਾ। ਆਪਣੇ ਵਾਅਦੇ ਨੂੰ ਮੁੱਖ ਰੱਖਦਿਆਂ ਹੋਇਆਂ ਖਿਯਾਮ ਨੂੰ ਸ਼ਾਹੀ ਨੌਕਰੀ ਭੀ ਪੇਸ਼ ਕੀਤੀ ਪਰ ਸਬਰ ਦੇ ਸ਼ਹਿਨਸ਼ਾਹ ਨੇ ਨੌਕਰੀ ਤੋਂ ਨਾਂਹ ਕਰ ਦਿਤੀ। ਉਸ ਸਿਰਫ਼ ਇਹ ਮੰਗ ਕੀਤੀ ਕਿ ਉਸ ਨੂੰ ਆਪਣੇ ਪਿਆਰੇ ਮਿੱਤਰ ਦੀ ਛਤਰ ਛਾਇਆ ਹੇਠ ਅਰਾਮ ਦਾ ਜੀਵਨ ਤੇ ਖੋਜ ਕਰਨੇ ਦੀ ਅਜ਼ਾਦੀ ਮਿਲ ਜਾਵੇ ਫ਼ਿਰ ਹੋਰ ਕਿਸੇ ਭੀ ਸ਼ੈ ਦੀ ਲੋੜ ਨਹੀਂ। 'ਨਜ਼ਾਮ-ਉਲ-ਮੁਲਕ' ਨੇ ਖਿਯਾਮ ਦੀ ਮੰਗ ਪ੍ਰਵਾਨ ਕਰ ਲਈ ਅਤੇ ਨਾਲ ਹੀ ਬਾਰਾਂ ਸੌ ਰੁਪਏ ਦੀ ਜਾਗੀਰ ਭੀ ਸੌਂਪ ਦਿਤੀ।

ਗਿਆਰਵੀਂ ਤੇ ਬਾਰਵੀਂ ਸਦੀ ਦੇ ਲਿਖਾਰੀਆਂ ਨੇ ਲਿਖਿਆ ਹੈ ਕਿ ਫ਼ਾਰਸੀ ਅਤੇ ਅਰਬੀ ਬੋਲੀ ਬੋਲਣ ਵਾਲਿਆਂ ਦੇਸ਼ਾਂ ਵਿਚ ਖਿਯਾਮ ਪ੍ਰਮੁੱਖ ਵਿਦਵਾਨ ਸੀ। ਉਸਨੂੰ ਯੂਨਾਨੀ ਫ਼ਲਸਫ਼ੇ ਅਤੇ ਵਿਦਾਂਤ ਵਿਦਿਆ ਵਿਚ ਕਮਾਲ ਹਾਸਲ ਸੀ। ਕੁਝ ਲਿਖਾਰੀਆਂ ਨੇ ਖਿਯਾਮ ਨੂੰ ਅਮਾਮ ਦੀ ਪਦਵੀ ਭੀ ਦਿਤੀ ਪਰ ਏਥੇ ਅਮਾਮ ਦੇ ਅਰਥ ਮਜ਼ਹਬੀ ਮੁਖੀ ਨਹੀਂ ਬਲਕਿ ਹਿਕਮਤ, ਫ਼ਲਸਫ਼ੇ ਆਦ ਦਾ ਆਲਮ ਹਨ।

ਉਮਰ ਖਿਯਾਮ ਦੀ ਫ਼ਿਲਾਸਫ਼ੀ

ਉਮਰ ਖਿਯਾਮ ਨਾ ਸਿਰਫ਼ ਅਸਲਾਮ ਮਤ ਦਾ ਗਿਆਨੀ ਸੀ ਬਲਕਿ ਏਸ ਦੇ ਨਾਲ ਹੀ ਉਸ ਹੋਰਾਂ ਮਜ਼ਹਬਾਂ, ਸਾਇੰਸ ਤੇ ਫ਼ਲਸਫ਼ੇ ਦੀ ਭੀ ਬਰਸਾਂ ਖੋਜ ਕੀਤੀ ਸੀ। ਵਿਦਿਆ ਦੇ ਸਮੁੰਦਰ ਵਿਚੋਂ ਉਸਨੇ ਇਹ ਹੀਰਾ ਲਭਿਆ ''ਮੈਂ ਜਾਣਿਆ ਕਿ ਕੁਝ ਨਹੀਂ ਜਾਣਿਆ।'' ਦੁਨੀਆਂ ਦੇ ਸਾਰੇ ਮਜ਼ਹਬ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਸੱਚ ਲਭਿਆ ਹੋਇਆ ਹੈ ਅਤੇ ਦੂਜੇ ਮਤ ਝੂਠੇ ਹਨ। ਹਰ ਇਕ ਮਜ਼ਹਬ ਆਪਣੇ ਆਪ ਨੂੰ ਰੱਬ ਦਾ ਠੇਕੇਦਾਰ ਅਤੇ ਸੁਰਗ ਦਾ ਟਰੈਵਲ ਏਜੰਟ ਨੀਯਤ ਕਰੀ ਬੈਠਾ ਹੈ। ਉਮਰ ਖਿਯਾਮ ਨੇ ਮਜ਼ਹਬਾਂ ਦੀ ਕਾਲੀ ਗੁਫ਼ਾ ਵਿਚ ਦੀਪਕ ਬਾਲ ਕੇ ਸਮਝਾਇਆ ਹੈ ਕਿ :

> ''ਉਲਝਿਆ ਹੋਇਆ ਭੇਦ ਅਜ਼ਲ ਦਾ ਸਮਝ ਕਿਸੇ ਨਾ ਆਇਆ
> ਇਸ ਅੰਬਰ ਦੇ ਪਰਲੇ ਪਾਸੇ ਪੈਰ ਕਿਸੇ ਨਹੀਂ ਪਾਇਆ।''

ਏਸੇ ਵੀਚਾਰ ਨੂੰ ਖਿਯਾਮ ਦੇ ਜੁਦੇ ਜੁਦੇ ਰੰਗਾਂ ਵਿਚ ਰੁਬਾਈਆਂ ਦੁਆਰਾ ਪੇਸ਼ ਕੀਤਾ ਹੈ। ਜੇ ਖਿਯਾਮ ਦੇ ਉਤਮ ਵਿਚਾਰ ਵਲ ਮਜ਼ਹਬੀ ਬੰਦੇ ਧਿਆਨ ਦਿੰਦੇ ਤਾਂ ਇਕ ਪਾਸੇ ਰੂਹਾਨੀ ਉਨਤੀ ਹੁੰਦੀ ਅਤੇ ਦੂਜੇ ਪਾਸੇ ਮਜ਼ਹਬੀ ਦੰਗੇ, ਫ਼ਸਾਦ ਤੇ ਲੜਾਈਆਂ ਨਾ ਹੁੰਦੀਆਂ ਤੇ ਨਾ ਹੀ ਖੂਨ ਦੀਆਂ ਨਦੀਆਂ ਵਗਦੀਆਂ।

ਉਮਰ ਖਿਯਾਮ ਤੇ ਨਾਸਤਕ ਹੋਣ ਦਾ ਭੀ ਦੋਸ਼ ਲਾਇਆ ਗਿਆ ਸੀ। ਕਈ ਵਾਰ ਉਸ ਦੀ ਜਾਨ ਕਾਜ਼ੀਆਂ ਦੇ ਫਤਵੇ ਦੇ ਫੰਦੇ ਤੋਂ ਮੁਸ਼ਕਿਲ ਨਾਲ ਬਚੀ। ਏਸ ਹਾਲਤ ਤੋਂ ਛੁਟਕਾਰੇ ਲਈ ਉਹ ਮੱਕੇ ਦੀ ਯਾਤਰਾ ਲਈ ਭੀ ਗਿਆ ਸੀ ਪਰ ਜਿਥੇ ਤੱਕ ਰੱਬੀ ਭਗਤੀ ਦਾ ਸਵਾਲ ਹੈ ਖਿਯਾਮ ਅਨੁਸਾਰ ਰੱਬ ਦਾ ਨਾਂ ਲੈਣ ਤੇ ਸਿਮਰਨ ਕਰਨ ਲਈ ਮਜ਼ਹਬ ਦੀ ਲੋੜ ਨਹੀਂ।

ਉਮਰ ਖਿਯਾਮ ਰੱਬ ਅਤੇ ਉਸ ਦੀ ਰਚਨਾ ਨੂੰ ਇਕੋ ਸਮਝਦਾ ਹੈ। ਭਗਤੀ ਲਈ ਮਸਜ਼ਦਾਂ, ਗਿਰਜਿਆਂ ਆਦਿ ਨੂੰ ਬੰਦਿਆਂ ਨੇ ਬਣਾਇਆ ਹੈ। ਸਭ ਤੋਂ ਉਚੀ ਭਗਤੀ ਚੰਗੇ ਕੰਮ ਹਨ। ਹੋ ਸਕਦਾ ਹੈ ਕਿ ਇਕ ਸਮੇਂ ਖਿਯਾਮ ਦਾ ਸੂਫ਼ੀਆਂ ਨਾਲ ਭੀ ਸੰਬੰਧ ਹੋਵੇ ਪਰ ਉਸ ਦੀਆਂ ਰੁਬਾਈਆਂ ਤੋਂ ਪਤਾ

ਬਾਕੀ ਸਫ਼ਾ 12 ਤੇ

(ਸਫ਼ਾ 10 ਦੀ ਬਾਕੀ)

ਹੈ। ਚੁਣੇ ਜਾਣ ਵਾਲੇ ਇਹ ਲੀਡਰ ਆਪ ਦੀ ਇਹ ਡਿਊਟੀ ਅਗਾਂਹ ਦੀ ਅਗਾਂਹ ਹੋਰਨਾਂ ਬੰਦਿਆਂ ਰਾਹੀਂ ਨਿਭਾਉਂਦੇ ਹਨ। ਪੁਛਣ ਵਾਲਾ ਹੋਵੇ ਐਨਾ ਖਰਚ ਕਿਧਰੋਂ ਆਉਂਦਾ ਹੈ ਜੇਥੋਂ ਖਰਚ ਕਰਕੇ ਚੋਣ ਜਿੱਤਣ ਦਾ ਫਾਇਦਾ ਕੀ — ਤਾਂ ਸਾਧ ਸੰਗਤ ਜੀ ਨਿਬੇੜਾ ਇਥੇ ਹੁੰਦਾ ਗੁਰੂ ਦੀ ਗੋਲਕ ਹਿਲਦੀ ਹੋਵੇਗੀ। ਰਹਿੰਦੀ ਖੂੰਹਦੀ ਕਸਰ ਰਜਿਸਟਰਾਂ ਵਿਚ ਪੂਰੀ ਹੋ ਜਾਂਦੀ ਹੋਵੇਗੀ, ਜੋ ਕੋਈ ਰਜਿਸਟਰ ਮੰਗਣ ਦੀ ਕੋਸ਼ਿਸ਼ ਕਰੇ ਤਾ ਉਹ ਦੀ ਐਸੀ-ਤੈਸੀ, ਇਹ ਤਾਂ ਸਾਡੇ ਗੁਰੂ ਹੀ ਸੀ ਜਿਹੜੇ ਭਗਤੀ ਲਾ ਕੇ ਤੇਰਾਂ ਤੇਰਾਂ ਤੋਲਦੇ ਵੀ ਵਧਾ ਦਿੰਦੇ ਸੀ।''

————''ਸਿਘ ਹੋਣ ਤਾਂ ਐਹੋ ਜਿਹੇ ਸੂਚੇ !'' ਕਿਸੇ ਬਜ਼ੁਰਗ ਦੀ ਖੜਕਧਾਰੀ ਦੀ ਉਸਤਤ ਵਿਚ ਕਹੀ ਗੱਲ ਮੇਰੇ ਕੰਨੀ ਪਈ ————

''ਸੰਗਤ ਜੀ ! ਟਾਈਮ ਵੀ ਬਹੁਤ ਹੋ ਚਲਿਆ ਹੈ ਤੁਸੀਂ ਇਥੇ ਟਾਈਮ ਦੇ ਬਹੁਤ ਪਾਬੰਦ ਹੋ ਮੈਂ ਤੁਹਾਡਾ ਜਿਆਦਾ ਟਾਈਮ ਵੀ ਨਹੀਂ ਲੈਣਾ ਚਾਹੁੰਦਾ ਪਰ ਫੇਰ ਵੀ ਥੋੜੀ ਜਿਹੀ ਜਰੈਂਦ ਰੱਖਿਓ ਹੁਣ ਮੈਂ ਥੋੜਾ ਹੀ ਟਾਈਮ ਲਾਉਣਾ ਹੈ। ਉਸ ਨੇ ਇੰਨਾ ਕਹਿ ਕੇ ਫੇਰ ਆਪ ਦਾ ਮੂੰਹ ਗੁਰੂਆਂ ਦੀ ਫੋਟੋ ਵੱਲ ਕਰਕੇ ਅੱਗੇ ਬੋਲਣਾ ਸ਼ੁਰੂ ਕੀਤਾ।————

''ਬਾਬਾ ਜੀ ! ਤੁਸੀਂ ਬਾਰ ਬਾਰ ਸਾਨੂੰ ਉਪਦੇਸ਼ ਦਿੰਦੇ ਰਹੇ ਸੀ ਭਾਈ ਨਾਮ ਜਪਿਓ, ਧਰਮ ਦੀ ਕਿਰਤ ਕਰਿਓ ਅਤੇ ਵੰਡ ਕੇ ਛਕਿਓ। ਕਾਮ, ਕਰੋਧ, ਲੋਭ,ਮੋਹ ਅਤੇ ਹੰਕਾਰ ਤੋਂ ਦੂਰ ਰਹਿਓ। ਪਰ ਬਾਬਾ ਜੀ ਦੇਰ ਬਹੁਤ ਹੋ ਗਈ ਹੈ ਤੁਹਾਡੀਆਂ ਇਹ ਗੱਲਾਂ ਦੱਸੀਆ ਨੂੰ ਅਸੀਂ ਤਾ ਹੁਣ ਸਾਰੀਆਂ ਹੀ ਭੁਲ ਗਏ ਹਾਂ, ਹੁਣ ਤਾਂ ਐਹੋ ਜਿਹਾ ਜਮਾਨਾ ਆ ਗਿਆ ਧਰਮ ਦੀ ਕਿਰਤ ਕੋਈ ਨਹੀਂ ਕਰਦਾ ਸਭ ਬੇਈਮਾਨੀ ਦਾ ਆਸਰਾ ਹੀ ਲੈਂਦੇ ਹਨ। ਵੰਡ-ਵੰਡ ਕੇ ਅਸੀਂ ਖਾ ਨਹੀਂ ਸਕਦੇ ਭਾਵੇਂ ਸਾਡਾ ਢਿੱਡ ਪਾਟ ਜਾਵੇ। ਨਾਮ ਤਾਂ ਅਸੀਂ ਤਾਂਹੀਓਂ ਹੀ ਜਪ ਸਕਦੇ ਹਾਂ ਜੇਕਰ ਉਪਰਲੇ ਕੰਮੀਂ ਵਿਚੋਂ ਵੇਹਲ ਮਿਲੇ, ਇਹ ਕੰਮ ਸਾਥੋਂ ਕਰ ਨਹੀਂ ਹੁੰਦਾ, ਕਾਮ ਦੀ ਸੁਣ ਲਓ! ਕਿਸੇ ਵਿਰਲੇ ਟਾਂਵੇਂ ਦੀ ਹੀ ਅੱਖ ਸਾਫ ਹੋਵੇਗੀ ਨਹੀਂ ਤਾਂ ਸਭ ਮੈਲੀਆਂ ਅੱਖਾਂ ਨਾਲ ਹੀ ਫਿਰਦੇ ਹਨ। ਕਰੋਧ ਸਾਡੇ ਵਿਚ ਇੰਨਾ ਭਰ ਗਿਆ ਹੈ ਕਿ ਅਸੀਂ ਪੈਰ ਪੈਰ ਤੇ ਕ੍ਰਿਪਾਨ ਕੱਢ ਕੇ ਅਗਲੇ ਨੂੰ ਦੱਖੂ-ਦਾਣਾ ਚਬਾਉਣ ਦੀ ਹੀ ਸੋਚਦੇ ਹਾਂ। ਸਾਰੀ ਸੰਗਤ ਬੋਲੋ ਜੀ ਵਾਹਿਗੁਰੂ।''

————''ਮਿੱਤਰਾ ! ਕਰੀ ਜਾਂਦੇਂ ਲੀਰੋ ਲੀਰ ਸਾਰਿਆਂ ਨੂੰ ਹੀ,'' ਹੰਸੇ ਨੇ ਹੌਲੀ ਦੇਣੇ ਮੇਰੇ ਕੰਨ ਵਿਚ ਫਿਰ ਕਿਹਾ————

''ਲੋਭ ਦੀ ਤਾਂ ਬਾਬਾ ਜੀ ਕੁਝ ਪੁਛੋ ਹੀ ਨਾ, ਇਹਦੇ ਵੱਸ ਹੋਕੇ ਅਸੀਂ ਸਕੇ-ਸੋਦਰੇ ਦਾ ਵੀ ਗਾਟਾ ਲਾਹ ਦਿੰਦੇ ਹਾਂ। ਮੋਹ ਸਾਡਾ ਕਿਸੇ ਨਾਲ ਰਹਿ ਹੀ ਨਹੀਂ ਗਿਆ ਐਵੇਂ ਲੋਕਾਚਾਰੀ ਉਤੋਂ ਉਤੋਂ ਹੀ ਕਰਦੇ ਹਾਂ ਪਰ ਅੰਦਰੋਂ ਅਸੀਂ ਜੀਹਦੇ ਨਾਲ ਵੀ ਰਹਿੰਦੇ ਹਾਂ ਉਹਦੇ ਹੀ ਢਿੱਡ ਵਿਚ ਛੁਰਾ ਖਭੋ ਦਿੰਦੇ ਹਾਂ ਚਾਹੇ ਮਗਰੋਂ ਘਣ ਬੱਚਾ ਪੀੜਦਾ ਫਿਰੇ। ਰਹੀ ਗੱਲ ਹੰਕਾਰ ਦੀ, ਅਸੀਂ ਤਾਂ ਜੀ ਮੋਢਿਆਂ ਉਤੋਂ ਦੀ ਥੁੱਕਦੇ ਹਾਂ ਕਿਸੇ ਟੁੰਡੀ ਲਾਟ ਦੀ ਪ੍ਰਵਾਹ ਨਹੀਂ ਕਰਦੇ, ਕਰਨ ਵੀ ਕਿਉਂ ਨਾ ਇੱਥੋਂ ਵਾਲਿਆਂ ਦੇ ਤਾਂ ਇਕ ਡਾਲਰ ਦੇ ਦਸ ਰੁਪਈਏ ਬਣਦੇ ਹਨ। ਹੋਰ ਤਾਂ ਹੋਰ ਬਾਬਾ ਜੀ ਕਈ ਤੇਰੇ ਸ਼ਰਾਰਤੀ ਦਿਮਾਗ ਵਾਲੇ ਤੁਹਾਡੇ ਦਸਵੇਂ ਜਾਮੇਂ 'ਚ ਲਿਖੀ ਹੋਈ ਇਕ ਲਿਖਤ ਹੈ ਤੋੜ ਮਰੋੜ ਕੇ ਸੰਗਤਾਂ ਵਿਚ ਵੰਡ ਰਹੇ ਹਨ ਅਖੇ ਅਜੇ ਤਾਂ ਘੋੜੇ ਦਾ ਖੁਰ ਹੀ ਭਿੱਜਿਆ ਹੈ ਅਜੇਤੰਰਗ ਭਿੱਜਣਾ ਬਾਕੀ ਹੈ। ਬਾਬਾ ਜੀ ਤੁਸੀਂ ਉਨ੍ਹਾਂ ਨੂੰ ਸੁਮੱਤ ਬਖਸ਼ੋ ਕਿ ਉਹ ਹੋਰ ਖੂਨ ਖਰਾਬਾ ਨਾ ਹੋਣ ਦੇਣ।''

''ਬਾਬਾ ਜੀ ! ਇਥੇ ਕੈਨੇਡਾ ਵਿਚ ਇਕ ਮੇਰੇ ਦੇਖਣ ਵਿਚ ਹੋਰ ਗੱਲ ਆਈ ਹੈ ਉਹ ਇਹ ਕਿ ਇਥੇ ਆਮ ਪਿੱਠ ਪਿੱਛੇ ਚੁਗਲੀ ਦਾ ਬਹੁਤ ਰਿਵਾਜ ਹੈ, ਭਾਵੇਂ ਦੇਸ ਵੀ ਪਰ ਇੱਥੇ ਤਾਂ ਟੈਲੀਫੋਨਾਂ ਰਾਹੀਂ ਇਹ ਕੰਮ ਕਾਫੀ ਅੱਗੇ ਹੈ। ਮਿਸਾਲ ਦੇ ਤੌਰ ਤੇ ਆਪਸ ਵਿਚਲੇ ਭਾਈਵੰਦ ਵੀ ਇਕ ਦੂਜੇ ਨੂੰ ਛੱਜ ਵਿਚ ਪਾ ਕੇ ਛੱਟਦੇ ਹਨ ਪਰ ਛੱਜ ਵਿਚ ਪਾਉਣਾ ਉਦੋਂ ਹੈ ਜਦ ਉਹ ਕੋਲ ਨਾ ਹੋਵੇ। ਕਦੀ ਕਦੀ ਅਗਲੇ ਦੇ ਕੰਨਾਂ ਵਿਚ ਵੀ ਗੱਲ ਪਾ ਦੇਣੀ ਕਿ ਫਲਾਨਾ ਯਾਰ ਤੈਨੂੰ ਐਂ ਕਹਿੰਦਾ ਸੀ ਅਗਲੇ ਨੇ ਭਾਵੇਂ ਕਰੀ ਵੀ ਨਾ ਹੋਵੇ ਪਰ ਮੂਹਰਲੇ ਦਾ ਮਨ ਜਰੂਰ ਦੁਖੀ ਕਰ ਦੇਂਦਾ ਹੈ। ਪਰ ਕਰੀਏ ਕੀ ਬਾਬਾ ਜੀ ਇਹੋ ਜਿਹੀਆਂ ਆਦਤਾਂ ਇਨ੍ਹਾਂ ਦੇ ਘਰ ਕਰ ਗਈਆਂ ਹਨ ਇਹ ਮਜਬੂਰ ਹਨ, ਛੱਡ ਨਹੀਂ ਸਕਦੇ। ਕੀ ਦੱਸਾਂ! ਹੋਰ ਵੀ ਸੁਣੋ ਇਹ ਪਿੱਠ ਪਿਛਲੇ ਇੰਨੇ ਚੁਗਲੀ-ਖੋਰ ਹਨ ਕਿਸੇ ਵੀ ਈਮਾਨਦਾਰ ਆਦਮੀ ਤੇ ਠੱਪਾ ਲਾ ਦਿੰਦੇ ਹਨ ਕਿ ਤੂੰ ਕਾਂਗਰਸੀ, ਮਾਰਕਸੀ, ਲੈਨਿਨਵਾਦੀ, ਨਰਕਧਾਰੀ, ਨਾਨਕਧਾਰੀ ਆਦਿ, ਵਿਸਥਾਰ ਵਿਚ ਨਾ ਜਾਈਏ ਪਰ ਇਹ ਕਹਿਣ ਵਾਲੇ ''ਚੁਗਲਵਾਦੀ'' ਆਪ ਦੀ ਪੀਹੜ੍ਹੀ ਥੱਲੇ ਸੋਟਾ ਨਹੀਂ ਫੇਰਦੇ ਇਹ ਕਿਸੇ ਨੂੰ ਕਹਿਣਾ ਜਾਂ ਲਿਖਣਾ ਤਾਂ ਫ

(ਪੰਨਾ 11 ਦੀ ਬਾਕੀ)

ਲਗਦਾ ਹੈ ਕਿ ਸੂਫ਼ੀਆਂ ਦੇ ਚੱਲਣ, ਗੀਤ ਅਤੇ ਅਭਿਆਸ ਉਸਨੂੰ ਬਿਲਕੁਲ ਹੀ ਪਸੰਦ ਨਹੀਂ ਸੀ। ਮਜ਼ਹਬੀ ਨਿਯਮ, ਮਰਯਾਦਾ ਆਦਿ ਬੰਦਿਆਂ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚ ਨਰੜਦੇ ਹਨ ਖਿਯਾਮ ਇਨਸਾਨ ਨੂੰ ਸੁਤੰਤਰ ਕਰਵਾਉਣਾ ਚਾਹੁੰਦਾ ਸੀ।

ਕਈਆਂ ਲਿਖਾਰੀਆਂ ਨੇ ਉਮਰ ਖਿਯਾਮ ਪੁਰ ਟੀਕਾ-ਟਿਪਣੀ ਕਰਦਿਆਂ ਹੋਇਆਂ ਇਹ ਭੀ ਲਿਖਿਆ ਹੈ ਕਿ ਉਹ ਸ਼ਰਾਬ ਪੀਣੇ ਅਤੇ ਇਆਸ਼ੀ ਦੇ ਜੀਵਨ ਤੋਂ ਬਿਨਾਂ ਹੋਰ ਕੋਈ ਸੰਦੇਸ਼ ਨਹੀਂ ਦਿੰਦਾ। ਇਹ ਠੀਕ ਹੈ ਕਿ ਮੈਅ ਦਾ ਕਈਆਂ ਰੁਬਾਈਆਂ ਵਿਚ ਜ਼ਿਕਰ ਕੀਤਾ ਗਿਆ ਹੈ ਪਰ ਖਿਯਾਮ ਲਿਖਦਾ ਹੈ ਕਿ ਮੂਰਖ ਮਦ ਦੀ ਮਿਤਰਤਾ ਦੇ ਯੋਗ ਨਹੀਂ। ਮਦ ਪੀਣ ਬਾਰੇ ਸ਼ਰਤਾਂ ਅਤੇ ਅਸੂਲ ਭੀ ਲਿਖੇ ਹਨ।

ਇਕ ਹੋਰ ਖ਼ੋਜੀ ਦਾ ਕਹਿਣਾ ਹੈ ਕਿ ਉਮਰ ਖਿਯਾਮ ਦੀਆਂ ਰੁਬਾਈਆਂ ਦਾ ਅਸਲੀ ਭਾਵ ਸਮਝਣ ਲਈ ਸੂਫ਼ੀ ਫ਼ਿਲਾਸਫ਼ੀ ਤੋਂ ਜਾਣੂ ਹੋਣ ਦੀ ਲੋੜ ਹੈ। ਉਹ ਦਸਦੇ ਹਨ ਕਿ ਪਿਆਲੇ ਦੇ ਅਸਲ ਅਰਥ ਮੁਰਸ਼ਦ ਹਨ, ਜੁਲਫ਼-ਰੱਬ ਦੀ ਸੁੰਦਰਤਾ, ਬੁਲ੍ਹੀਆਂ-ਦੁਖੀ ਦਿਲ ਦੀ ਦਵਾ, ਸਾਕੀ-ਰੱਬ, ਮੁਹੰਮਦ ਜਾਂ ਮੁਰਸ਼ਦ ਹਨ ਇਤਿ ਆਦਿ ਇਹ ਵਿਚਾਰ ਉਮਰ ਖਿਯਾਮ ਨਾਲ ਇਨਸਾਫ਼ ਨਹੀਂ ਕਰਦੇ। ਉਹ ਗੋਲ ਮੋਲ ਗੱਲਾਂ ਕਰਨ ਦਾ ਆਦੀ ਨਹੀਂ ਸੀ। ਉਸ ਨੇ ਹਰ ਇਕ ਖਿਆਲ ਨੂੰ ਬਿਲਕੁਲ ਸਿੱਧੀ ਤੇ ਸਾਫ਼ ਬੋਲੀ ਵਿਚ ਹੀ ਲਿਖਿਆ ਹੈ ਤਾਂਕਿ ਦੁਭਾਸ਼ੀਏ ਦੀ ਲੋੜ ਨਾ ਪਵੇ।

ਉਮਰ ਖਿਯਾਮ ਤੇ ਹੋਰ ਕਵੀ

ਫ਼ਾਰਸੀ ਦੇ ਆਲਮ ਹਾਫ਼ਿਜ਼ ਸ਼ੀਰਾਜ਼ੀ ਨੂੰ ਸਾਰੇ ਈਰਾਨੀ ਕਵੀਆਂ ਤੋਂ ਉਚੀ ਪਦਵੀ ਦਿੰਦੇ ਹਨ। ਅਸਲੀਅਤ ਇਹ ਹੈ ਕਿ ਹਾਫ਼ਿਜ਼ ਦੀਆਂ ਬੇਗਿਣਤ ਰਚਨਾਵਾਂ ਦੀ ਨੀਂਹ ਉਮਰ ਖਿਯਾਮ ਦੀਆਂ ਰੁਬਾਈਆਂ ਵਿਚ ਮਿਲਦੀ ਹੈ। ਏਸੇ ਤਰ੍ਹਾਂ ਹੀ ਈਰਾਨ, ਅਰਬ, ਤੁਰਕੀ ਅਤੇ ਹਿੰਦ ਦਿਆਂ ਬੇਸ਼ੁਮਾਰ ਕਵੀਆਂ ਨੇ ਉਸੇ ਮਹਾਂ-ਕਵੀ ਦੇ ਦ੍ਰਿਸ਼ਟੀਕੋਣ ਨੂੰ ਅਪਨਾ ਕੇ ਕਵਿਤਾਵਾਂ ਰਚੀਆਂ ਹਨ।

ਏਸ ਅਨੁਵਾਦ ਬਾਰੇ ਨੋਟ

ਉਮਰ ਖਿਯਾਮ ਨੇ ਆਪਣੇ ਜੀਵਨ ਬਾਰੇ ਕੁਝ ਨਹੀਂ ਲਿਖਿਆ। ਬਹੁਤੇ ਕਵੀਆਂ ਵਾਂਗ ਉਸ ਨੇ ਕਿਸੇ ਸੁਲਤਾਨ ਦੇ ਗੁਣ ਭੀ ਨਹੀਂ ਗਾਏ। ਜੇ ਨਜ਼ਾਮ-ਉਲ-ਮੁਲਕ ਨੇ ਉਸ ਦੀ ਮਦਦ ਕੀਤੀ, ਉਹ ਇਕ ਇਕਰਾਰ ਤੇ ਪਿਆਰ ਕਰਕੇ ਹੀ ਕੀਤੀ ਸੀ। ਖਿਯਾਮ ਨੇ ਆਪਣੀ ਅਜ਼ਾਦੀ ਦਾ ਪੂਰਾ ਪੂਰਾ ਲਾਭ ਉਠਾਇਆ ਅਤੇ ਥੋਥੇ ਤੇ ਖੋਖਲੇ ਮਜ਼ਹਬਾਂ ਦੇ ਜੀ ਭਰ ਕੇ ਪਰਦੇ ਪਾੜੇ। ਕਈ ਹੋਰ ਲਿਖਾਰੀ ਭੀ ਖਿਯਾਮ ਵਾਂਗ ਲਿਖਣਾ ਚਾਹੁੰਦੇ ਸੀ ਪਰ ਕਾਜ਼ੀਆਂ ਦੇ ਫ਼ਤਵੇ ਤੋਂ ਡਰਦੇ ਹੋਏ ਰੁਬਾਈਆਂ ਰਚ ਕੇ ਖਿਯਾਮ ਦੇ ਨਾਂ ਹੇਠ ਛਾਪ ਦਿੰਦੇ ਸਨ। ਇਹ ਹੀ ਕਾਰਨ ਹੈ ਕਿ ਕਈਆਂ ਪੁਸਤਕਾਂ ਵਿਚ ਅੱਠ ਸੌ ਤੋਂ ਵੱਧ ਰੁਬਾਈਆਂ ਹਨ। ਅਸਲੀ ਕਿਸੇ ਨੂੰ ਪਤਾ ਨਹੀਂ ਕਿ ਇਨ੍ਹਾਂ ਵਿਚੋਂ ਉਮਰ ਖਿਯਾਮ ਨੇ ਕਿਹੜੀਆਂ ਲਿਖੀਆਂ ਸਨ।

ਏਸ ਅਨੁਵਾਦ ਲਈ ਆਕਸਫ਼ੋਰਡ ਯੂਨੀਵਰਸਿਟੀ ਦੀ ਹੱਥ ਲਿਖਤ ਵਰਤੀ ਗਈ ਹੈ। ਹੋਰਾਂ ਕੁਝ ਹੱਥ ਲਿਖਤਾਂ ਵਿਚ ਇਸ ਤੋਂ ਘੱਟ ਜਾਂ ਵਧ ਰੁਬਾਈਆਂ ਹਨ ਪਰ ਇਹ ਹੱਥ ਲਿਖਤ ਸੰਨ 1460 ਈਸਵੀ ਵਿਚ ਲਿਖੀ ਗਈ ਸੀ ਅਤੇ ਸਭ ਤੋਂ ਪੁਰਾਣੀ ਹੈ। ਇਸ ਵਿਚ ਸਿਰਫ਼ 158 ਰੁਬਾਈਆਂ ਹਨ ਖਿਯਾਮ ਦੀ ਕੋਈ ਭੀ ਹੱਥ ਲਿਖਤ ਈਰਾਨ ਵਿਚ ਨਹੀਂ ਪਰ ਜੇ ਮਜ਼ਹਬੀ ਜਨੂੰਨੀਆਂ ਦੇ ਹੱਥ ਆ ਜਾਂਦੀ ਉਹ ਜ਼ਰੂਰ ਸਾੜ ਦਿੰਦੇ।

ਉਮਰ ਖਿਯਾਮ ਦੀਆਂ ਰੁਬਾਈਆਂ ਦਾ ਸੈਆਂ ਲਿਖਾਰੀਆਂ ਨੇ ਕਵਿਤਾ ਅਤੇ ਵਾਰਤਕ ਅਨੁਵਾਦ ਕੀਤਾ ਹੈ। ਯੂਰਪ ਦੀਆਂ ਕਈਆਂ ਬੋਲੀਆਂ ਵਿਚ ਰੁਬਾਈਆਂ ਦੇ ਤਰਜਮੇ ਮਿਲਦੇ ਹਨ। ਕਈਆਂ ਆਰਟਿਸਟਾਂ, ਨੇ ਰੁਬਾਈਆਂ ਨੂੰ ਚਿੱਤਰਕਾਰੀ ਦੁਆਰਾ ਪੇਸ਼ ਕੀਤਾ ਹੈ। ਕਵੀ ਦਿਆਂ ਖਿਆਲਾਂ ਨੂੰ ਇਕ ਬੋਲੀ ਤੋਂ ਦੂਜੀ ਬੋਲੀ ਵਿਚ ਢਾਲਣਾ ਬੜਾ ਕਠਨ ਹੈ। ਕਈ ਵਾਰ ਕਵੀ ਦੀ ਕਲਮ ਉਹ ਮੋਤੀਆਂ ਦੇ ਹਾਰ ਪਰੋ ਜਾਂਦੀ ਹੈ ਕਿ ਉਨ੍ਹਾਂ ਦੀ ਰੂਪ-ਰੇਖਾ ਉਸਨੂੰ ਆਪ ਚਿਰ ਪਿਛੋਂ ਸਮਝ ਆਉਂਦੀ ਹੈ।

ਉਮਰ ਖਿਯਾਮ ਦੀਆਂ ਰੁਬਾਈਆਂ ਦੀ ਰੰਗਤ, ਮਿਠਾਸ, ਸਾਫ਼ ਬਿਆਨੀ, ਮੌਲਿਕਤਾ, ਬੁਲੰਦੀ ਅਤੇ ਰਵਾਨੀ ਬਹੁਤ ਘਟ ਲਿਖਾਰੀਆਂ ਨੂੰ ਨਸੀਬ ਹੋਈ ਹੈ। ਜਿਥੋਂ ਤੱਕ ਹੋ ਸਕਿਆ ਉਸ ਦੀਆਂ ਰੁਬਾਈਆਂ ਦੀ ਮੈਂ ਸਹੀ ਤਰਜਮਾਨੀ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਦੇ ਨਾਲ ਹੀ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਜਿਨ੍ਹਾਂ ਪਾਠਕਾਂ ਨੇ ਖਿਯਾਮ ਦੀਆਂ ਫ਼ਾਰਸੀ ਭਾਸ਼ਾ ਵਿਚ ਰੁਬਾਈਆਂ ਪੜ੍ਹੀਆਂ ਹਨ ਉਹ ਸ਼ਾਇਦ ਹਰ ਇਕ ਪੰਕਤੀ ਨਾਲ ਸਹਿਮਤ ਨਾ ਹੋਣ। ਜੇ ਪਾਠਕ ਅਨੁਵਾਦ ਦੇ ਘਾਟੇ, ਨੁਕਸ ਤੇ ਤਰੁੱਟੀ ਨੂੰ ਬਖਸ਼ਦੇ ਹੋਏ ਰੁਬਾਈਆਂ ਨੂੰ ਪੜ੍ਹਨ ਅਤੇ ਵੀਚਾਰਨ ਮੈਂ ਸਮਝਾਂਗਾ ਕਿ ਮੇਰਾ ਉਪਰਾਲਾ ਸਫਲ ਹੋ ਗਿਆ।

ਅਖੀਰ ਵਿਚ ਮੈਂ ਆਪਣੇ ਪਿਆਰੇ ਮਿੱਤਰ ਗੁਰਚਰਨ ਰਾਮਪੁਰੀ ਦਾ ਧੰਨਵਾਦੀ ਹਾਂ ਜਿਨ੍ਹਾਂ ਰੁਬਾਈਆਂ ਪੜ੍ਹ ਕੇ ਨਾ ਸਿਰਫ ਸ਼ਬਦ-ਜੋੜ ਦਰੁਸਤ ਕੀਤੇ ਬਲਕਿ ਅਨੁਵਾਦ ਬਾਰੇ ਉਪਯੋਗੀ ਸਲਾਹ ਭੀ ਦਿਤੀ। ਏਸੇ ਤਰ੍ਹਾਂ ਇਹਸਾਨ ਉਰਫ਼ਾਨੀਫ਼ਰ ਦਾ ਮੈਂ ਮਸ਼ਕੂਰ ਹਾਂ ਜਿਨ੍ਹਾਂ ਫ਼ਾਰਸੀ ਲਫ਼ਜਾਂ ਤੇ ਰੁਬਾਈਆਂ ਦੇ ਭਾਵ ਨੂੰ ਸਮਝਣ ਵਿਚ ਸਹਾਇਤਾ ਦਿਤੀ। ਜੇ ਤਰਜਮੇ ਵਿਚ ਕੋਈ ਭੁਲ ਹੋਈ ਹੈ ਉਸਦਾ ਮੈਂ ਆਪ ਜ਼ੁੰਮੇਵਾਰ ਹਾਂ। ਆਸ ਹੈ ਕਿ ਇਹ ਅਨੁਵਾਦ ਪੰਜਾਬੀ ਸਾਹਿਤ ਵਿਚ ਤੁਛ ਵਾਧਾ ਕਰੇਗਾ।

ਰਣਜੀਤ ਆਜ਼ਾਦ

ਰੁਬਾਈਆਂ

ਜੇ ਤੇਰੀ ਭਗਤੀ ਦੇ ਮੋਤੀ ਮੈਥੋਂ ਨਹੀਂ ਹੋਏ ਪਰੋ
ਪਾਪ ਦੀ ਚਿਹਰੇ ਤੋਂ ਮਿੱਟੀ ਮੈਂ ਨਾ ਸਕਿਆ ਧੋ
ਫੇਰ ਭੀ ਤੇਰੀ ਬਖਸ਼ਸ਼ ਦੀ ਨਹੀਂ ਮੈਨੂੰ ਨਾ ਉਮੇਦੀ
ਇਸ ਕਾਰਨ ਕਿ ਕਦੇ ਨਹੀਂ ਮੈਂ ਇਕ ਨੂੰ ਆਖਿਆ ਦੋ

2

ਤੈਨੂੰ ਭੁਲ ਮਹਿਰਾਬ ਦੇ ਅਗੇ ਜੇ ਮੈਂ ਪੜ੍ਹਾਂ ਨਮਾਜ਼
ਓਸ ਤੋਂ ਭਲਾ ਕਿ ਮਦਖਾਨੇ ਵਿਚ ਪੁੱਛਾਂ ਤੇਰੇ ਰਾਜ਼
ਆਦ ਤੋਂ ਪਹਿਲਾਂ ਅੰਤ ਤੋਂ ਪਿਛੋਂ ਤੂੰ ਅੱਟਲ ਹੈ ਰਹਿਣਾ
ਤੇਰੀ ਰਜ਼ਾ ਤੂੰ ਜਾਲੀਂ ਮੈਨੂੰ ਭਾਵੇਂ ਦੇਈਂ ਨਵਾਜ਼

3

ਤੂੰ ਜਾਣੇ ਇਹ ਬਸ ਹੈ ਤੇਰੇ ਦਈਂ ਨਾ ਮਸਤਾਂ ਤਾਹਨੇ
ਧੋਖਾ ਕਪਟ ਕਮਾਵਣ ਖਾਤਰ ਨਾ ਤੂੰ ਲਾਈਂ ਬਹਾਨੇ
ਜੇ ਸੁੱਖਾਂ ਦਾ ਜੀਵਨ ਚਾਹੇਂ ਬੰਨ੍ਹ ਲਵੀਂ ਇਹ ਪੱਲੇ
ਦੇਈਂ ਨਾ ਧੱਕਾ ਉਨ੍ਹਾਂ ਨੂੰ ਜੋ ਨੇ ਨੀਵੇਂ ਅਤੇ ਨਤਾਣੇ

4

ਤੂੰ ਜਾਣੇ ਇਹ ਬਸ ਹੈ ਤੇਰੇ ਕਦੇ ਨਾ ਕਿਸੇ ਸਤਾਵੀਂ
ਅਪਣੇ ਗੁਸੇ ਦੀ ਅਗਨੀ ਵਿਚ ਦਿਲ ਨਾ ਕੋਈ ਜਲਾਵੀਂ
ਸਦਾ ਲਈ ਮਨ ਸ਼ਾਂਤ ਰੱਖਣ ਦੀ ਜੇਕਰ ਚਾਹ ਹੈ ਤੈਨੂੰ
ਅਪਣੇ ਤਨ ਤੇ ਸਹਿ ਲਈਂ ਦੁਖੜੇ, ਕਿਸੇ ਨਾ ਦੁਖ ਪਹੁੰਚਾਵੀਂ

5

ਕੱਲ ਦੀ ਮੋਹਲਤ ਕੋਈ ਨਾ ਦਿੰਦਾ ਇਹ ਨਾ ਗਲ ਭੁਲਾਈਂ
ਅਪਣੇ ਪਿਆਰ ਭਰੇ ਹੋਏ ਦਿਲ ਨੂੰ ਖੁਸ਼ੀਆਂ ਦੇ ਰਾਹ ਪਾਈਂ
ਚੰਨ ਦੀ ਰਾਤੇ ਚੰਨ ਮੁਖੜੇ ਤੋਂ ਪੀ ਲੈ ਭਰ ਭਰ ਪਿਆਲੇ
ਫਿਰ ਭਾਲੇ ਚੰਨ ਬਰਸਾਂ ਭਾਵੇਂ ਆਸ਼ਾਂ ਨੇ ਲਭਣਾ ਨਾਹੀਂ

6

ਸੁਣਿਆਂ ਕਿ ਕੁਰਾਨ ਦੀ ਬਾਣੀ ਅੱਲਾ ਆਪ ਉਸਾਰੀ
ਥੋੜੀ ਥੋੜੀ ਕਰਕੇ ਪੜ੍ਹਦੇ ਪਰ ਇਕ ਬਾਰ ਨਾ ਸਾਰੀ
ਸਾਗਰ ਦਿਆਂ ਬੁੱਲਾਂ ਪੁਰ ਭੀ ਉਕਰੀ ਹੋਈ ਹੈ ਆਇਤ
ਹਰ ਥਾਂ ਅਤੇ ਹਰ ਵੇਲੇ ਪੜ੍ਹਦੇ ਮਸਤ ਨੇ ਬਾਰੋ ਬਾਰੀ

7

ਯਾਰ ਨੇ ਪੁੱਜੇ, ਮਦ ਭੀ ਹਾਜ਼ਰ ਪਰ ਚੁੱਲ੍ਹਾ ਬਰਬਾਦ
ਬੇ-ਡਰ ਅਸੀਂ ਸਜ਼ਾ ਤੋਂ ਹੋਏ ਮਿਹਰ ਦੀ ਨਾ ਰਹੀ ਮੁਰਾਦ
ਤਨ, ਮਨ, ਕਪੜੇ ਅਤੇ ਪਿਆਲੇ ਮਦ ਦੇ ਨਾਲ ਨੇ ਰੰਗੇ
ਮਿੱਟੀ, ਅਗਨੀ, ਜਲ ਤੇ ਵਾ ਤੋਂ ਹੋ ਗਏ ਅਸੀਂ ਅਜ਼ਾਦ

8

ਜੀਵਨ ਦੇ ਵਿਚ ਮਿੱਤਰ ਅਪਣੇ ਬਹੁਤੇ ਘਟ ਬਣਾਵੀਂ
ਦੂਰ ਦੀ ਮਿੱਤਰਤਾਈ ਚੰਗੀ, ਬਹੁਤਾ ਨੇੜ ਨਾ ਪਾਵੀਂ
ਅਪਣਾ ਸੱਜਨ ਜਾਣਕੇ ਜਿਸਦਾ ਤੂੰ ਲੈ ਰਿਹੈਂ ਸਹਾਰਾ
ਪਰ ਜੇ ਸੋਚੇਂ ਉਹ ਹੈ ਦੁਸ਼ਮਣ ਇਹ ਧੋਖਾ ਨਾ ਖਾਵੀਂ

9

ਇਹ ਭਾਂਡਾ ਸੀ ਆਸ਼ਕ ਇਕ ਦਿਨ ਮੇਰੇ ਵਰਗਾ ਯਾਰ
ਸੁੰਦਰ ਸੋਹਣੀ ਮਹਿਬੂਬਾ ਦਾ ਭਾਲ ਰਿਹਾ ਸੀ ਪਿਆਰ
ਇਸ ਭਾਂਡੇ ਦੀ ਨਾਜ਼ਕ ਡੰਡੀ ਭੇਦ ਲੁਕਾਈ ਬੈਠੀ
ਅਸਲ 'ਚ ਇਹ ਸਨ ਸੁੰਦਰ ਬਾਹਾਂ ਸੋਹਣੀ ਦੇ ਗਲ ਹਾਰ

10

ਪੱਥਰ ਦਿਲ ਹੈ ਜਿਸ ਦੇ ਅੰਦਰ ਦਰਦ ਨਹੀਂ ਹੈ ਕੋਈ
ਮੁਰਦਾ ਰੂਹ ਹੈ ਸੁੰਦਰਤਾ ਤੋਂ ਗਈ ਨਾ ਜਿਹੜੀ ਮੋਹੀ
ਜੇਕਰ ਜੀਵਨ ਦਾ ਇਕ ਦਿਨ ਭੀ ਪਿਆਰ ਬਿਨਾਂ ਲੰਘ ਜਾਵੇ
ਉਸ ਦਿਨ ਤੋਂ ਵਧ ਹੋਰ ਬੇਅਰਥਾ ਕਦੇ ਨਹੀਂ ਦਿਨ ਕੋਈ

11

ਇਹ ਦਿਨ ਰੁਤ ਜਵਾਨੀ ਦਾ ਹੈ ਸੁੰਦਰ ਅਤੇ ਨਿਰਾਲਾ
ਖੁਸ਼ੀਆਂ ਦਿਲ ਨੂੰ ਨਾਚ ਨਚਾਵਣ, ਮੈਅ ਦਾ ਭਰੀਂ ਪਿਆਲਾ
ਤਲਖ ਹੈ ਮਦ ਪਰ ਮਨ ਨੂੰ ਭਾਉਂਦੀ ਮੈਨੂੰ ਨਾ ਫਿਟਕਾਰੀਂ
ਮਦ ਦੀ ਤਰ੍ਹਾਂ ਹੈ ਜੀਵਨ ਮੇਰਾ ਖੱਟਾ ਅਤੇ ਕਸੈਲਾ

12

ਤੇਰੇ ਵਸ ਵਿਚ ਇਹ ਗਲ ਨਾਹੀਂ ਕੀ ਹੋਣਾ ਹੈ ਕਲ੍ਹ ਨੂੰ
ਕਲ ਦਿਆਂ ਫ਼ਿਕਰਾਂ ਦੇ ਵਿਚ ਪੈ ਕੇ ਦੁਖੀ ਕਰੀਂ ਨਾ ਦਿਲ ਨੂੰ
ਇਕ ਦਮ ਭੀ ਬੇਅਰਥਾ ਲੈ ਨਾ ਜੇ ਤੂੰ ਪਾਗਲ ਨਾਹੀਂ
ਭੇਦ ਭਵਿੱਖ ਦਾ ਖੁੱਲ੍ਹਦਾ ਨਾਹੀਂ, ਕੀ ਹੋਣਾ ਹੈ ਪਲ ਨੂੰ

13

ਸਾਰੇ ਜਗ ਦੇ ਸੁਖੀ ਵਸਣ ਦੀ ਸੰਭਵ ਹੈ ਕੁਝ ਆਸਾ
ਹਰ ਦਿਲ ਅੰਦਰ ਇੱਛਾ ਹੋਈ ਕਰੀਏ ਥਲ ਵਿਚ ਵਾਸਾ
ਹੱਥ ਮੂਸਾ ਦਾ ਪਰਗਟ ਹੋਇਆ ਹਰ ਇਕ ਟਹਿਣੀ ਉਤੇ
ਈਸਾ ਦਾ ਸਾਹ ਵਾ ਵਿਚ ਰਲ ਕੇ ਦਿੰਦਾ ਜਗਤ ਦਲਾਸਾ

14

ਰੁੱਖ ਦੀ ਟਾਹਣੀ ਜੇ ਰਹਿ ਗਈ ਏ ਸਚ ਦੇ ਫ਼ਲ ਤੋਂ ਖਾਲੀ
ਓਸ ਵਿਅਕਤੀ ਨੇ ਰਾਹ ਸਚ ਦੀ ਦਿਲ ਲਾ ਕੇ ਨਹੀਂ ਭਾਲੀ
ਨਿਰਬਲ ਹੱਥੀਂ ਸਚ ਦੀ ਟਾਹਣੀ ਹਰ ਕੋਈ ਝਾੜਕੇ ਵੇਖੇ
ਕਲ ਤੇ ਅਜ ਜਿਵੇਂ ਨੇ ਘੋਲੇ, ਆਦ ਅੰਤ ਵਿਚ ਜਾਣੀ ਢਾਲੀ

15

ਸਰਿਸ਼ਟੀ ਦੇ ਸਾਜਣ ਦੇ ਵੇਲੇ ਰੂਹ ਨੇ ਅੰਬਰ ਫ਼ੋਲੇ
ਕਲਮ ਤੇ ਫ਼ੱਟੀ, ਸੁਰਗ ਨਰਕ ਦੇ ਭੇਦ ਜੇ ਕੋਈ ਖੋਲ੍ਹੇ
ਆਖਰ ਇਕ ਵਿਦਵਾਨ ਨੇ ਮੈਨੂੰ ਗੱਲ ਇਹੋ ਸਮਝਾਈ
ਕਲਮ ਤੇ ਫ਼ੱਟੀ, ਸੁਰਗ ਨਰਕ ਨੇ ਤੇਰੇ ਅੰਦਰ ਭੋਲੇ

16

ਹੁਣ ਗੱਲਾਂ ਦਾ ਸਮਾਂ ਨਹੀਂ ਹੈ ਭਰੀਂ ਪਿਆਲਾ ਮੇਰਾ
ਮਸਤੀ ਦੇ ਵਿਚ ਰਾਤ ਨਿਭਾਊ ਬੁਲੀਆਂ ਦਾ ਰਸ ਤੇਰਾ
ਮੈਅ ਓਹ ਦੇਵੀਂ ਜਿਸ ਦੀ ਲਾਲੀ ਤੇਰੀਆਂ ਗੱਲ੍ਹਾਂ ਵਰਗੀ
ਮੇਰੀ ਤੋਬਾ ਉੱਲਝ ਗਈ ਹੈ ਜਿਉਂ ਜੁਲਫ਼ਾਂ ਦਾ ਘੇਰਾ

17

ਫੁੱਲਾਂ ਦੇ ਮੁੱਖ ਨੂੰ ਚੁੰਮਦੀ ਹੋਈ ਅੱਜ ਵਾਅ ਬਸੰਤੀ ਵੱਗੇ
ਬਾਗ ਦੀ ਛਾਵੇਂ ਮੁਖ ਦਿਲਬਰ ਦਾ ਕਿੰਨਾ ਸੁੰਦਰ ਲੱਗੇ
ਕਲ ਦੀ ਘਟਨਾ ਦੱਸੀਂ ਨਾਹੀਂ ਜੇ ਨਾਹੀਂ ਦਿਲ-ਭਾਉਂਦੀ
ਕੱਲ੍ਹ ਨੂੰ ਮਨੋਂ ਭੁਲਾ ਕੇ ਖੁਸ਼ ਰਹਿ, ਅੱਜ ਨੂੰ ਰੱਖੀਂ ਅੱਗੇ

18

ਪੱਥਰ ਸੁੱਟੇ ਸਾਗਰ ਦੇ ਵਿਚ ਫ਼ਲ ਕੋਈ ਨਾ ਪਾਇਆ
ਬੁਤਾਂ ਦੀ ਮੈਂ ਪੂਜਾ ਕਰਕੇ ਮਨ ਆਪਣਾ ਤੜਫ਼ਾਇਆ
ਕੌਣ ਹੈ ਕਹਿੰਦਾ ਦੋਜ਼ਖ ਦੇ ਵਿਚ 'ਖਿਯਾਮ' ਦਾ ਹੋਣਾ ਵਾਸਾ ?
ਕੌਣ ਗਿਆ ਹੈ ਨਰਕਾਂ ਨੂੰ ਮੁੜ ਕੌਣ ਹੈ ਸੁਰਗੋਂ ਆਇਆ ?

19

ਮਦ ਦੇ ਪਿਆਲੇ ਦੇ ਤੱਤ ਸੁੰਦਰ, ਰੱਬ ਕੱਠੇ ਕਰ ਜੋੜੇ
ਮਸਤਾਂ ਦੇ ਦਿਲ ਠੋਕਰ ਵੱਜੇ ਜੇ ਕੋਈ ਸਾਗਰ ਤੋੜੇ
ਸੁੰਦਰ ਨਾਜ਼ਕ ਤਨ ਸੀ ਜਿਹੜੇ ਮਿਲੇ ਪਿਆਲਾ ਬਣ ਕੇ
ਕ੍ਰਿਸਦੀ ਪ੍ਰੀਤ ਲਈ ਸੀ ਮੇਲੇ ਕ੍ਰਿਸਦੀ ਘਿਰਨਾ ਭਨ ਵਛੋੜੇ ?

20

ਥਲ ਦੀ ਵਾ ਹੈ ਜਿਵੇਂ ਗੂੰਜਦੀ ਜਾਂ ਦਰਯਾ ਦਾ ਪਾਣੀ
ਅਜ ਦਾ ਦਿਨ ਭੀ ਐਵੇਂ ਲੰਘਿਆ ਲੰਘ ਜਾਣੀ ਜਿੰਦਗਾਨੀ
ਦੋ ਦਿਨਾਂ ਦਾ ਫ਼ਿਕਰ ਕਦੇ ਮੈਂ ਮਨ ਵਿਚ ਨਹੀਂ ਲਿਆਉਂਦਾ
ਬੀਤ ਗਿਆ ਦਿਨ ਬਣੇ ਫ਼ਸਾਨਾ ਕਲ੍ਹ ਹੈ ਇਕ ਕਹਾਣੀ

ਏਅਰ ਕੰਨਡੀਸ਼ਨਡ ਹੋਟਲ

ਗਾਹਕ: ਇਹ ਹੋਟਲ ਏਅਰ ਕੰਨਡੀਸ਼ਨਡ ਹੈ।
ਬੈਰਾ: ਬਾਹਰ ਦਰਵਾਜ਼ੇ ਤੇ ਲਿਖਿਆ ਤਾਂ ਹੋਇਆ ਹੈ ਜੀ।

ਗਾਹਕ: ਕਮਰਾ ਤਾਂ ਭੱਠੀ ਵਾਂਗ ਤਪ ਰਿਹਾ ਹੈ।
ਬੈਰਾ: ਬਿਜਲੀ ਦੀ ਬੱਚਤ ਦੀ ਕੌਮੀ ਮੁਹਿੰਮ ਚਲੀ ਹੋਣੀ ਹੈ। ਕੌਮੀ ਫਰਜ਼ ਵੀ ਤਾਂ ਪੂਰਾ ਕਰਨਾ ਹੋਇਆ, ਬਾਦਸ਼ਾਹੋ।

ਆਪਣੇ ਵਿਉਪਾਰ ਵਿੱਚ ਵਾਧਾ ਕਰਨ ਲਈ ਅਤੇ ਐਡਵਰਟਾਇਜ਼ਮੈਂਟ ਦੇਣ ਲਈ ਮਿਲੋ ਜਾਂ ਫੂਨ ਕਰੋ।
ਭਵਖੰਡਨ 324-4381



United Realty Ltd.
3879 Oak Street, Vancouver, B.C. V6H 2M6
■ BUYING
■ SELLING
Free Evaluation For Your Property Call Any Time Without Any Obligation.
Malkit Dhami, M.A. (Eco.)
Office: 736-3831 Res: 434-8548
Pager 524-8581, #2229

BCOFR ਵਲੋਂ ਬਿਆਨ : ਡੱਗ ਕਾਲਨਜ਼ ਸਾਫ ਬਰੀ

ਪਿਛੇ ਜਿਹੇ ਪਰੈਸ ਕੌਂਸਲ ਡੱਗ ਕਾਲਨਜ਼ ਜੋ ਕਿ ਪੇਸ਼ਾਵਰ ਨਸਲੀ ਪੱਤਰਕਾਰ ਹੈ, ਉਪਰ ਕੇਸ ਦੀ ਸੁਣਵਾਈ ਕੀਤੀ ਸੀ ਇਸ ਨਸਲੀ ਨੇ ਬਹੁਤੇ ਵਾਰੀ ਭਾਰਤੀ ਕਮਿਉਨਿਟੀ ਦੇ ਲੋਕਾਂ ਨੂੰ ਨਸਲਵਾਦੀ ਜ਼ਹਿਰ ਨਾਲ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਕਿੰਨੇ ਜਿਸਨੇ ਤੀਜੀ ਦੁਨੀਆਂ ਹੜ੍ਹ ਪੀੜਤ ਲੋਕਾਂ ਦੀ ਗਰੀਬੀ ਦਾ ਮਜ਼ਾਕ ਉਡਾਇਆ ਹੈ, ਪਰ ਇਸ ਕਾਰਵਾਈ ਦੇ ਮੌਕੇ ਤੇ ਉਸ ਵਲੋਂ Jack Davis M.L.A. ਤੇ ਉਸ ਵਰਗੇ ਕਿੰਨੇ ਹੀ ਹੋਰ ਨਸਲੀ ਹੁੰਮ ਹੁੰਮਾ ਕੇ ਪਹੁੰਚੇ ਹੋਏ ਸਨ। ਸਾਡੀ ਕਮਿਉਨਿਟੀ ਵਾਸਤੇ ਕਿੰਨੀ ਬਦਕਿਸਮਤ ਘਟਨਾ ਹੋਈ ਕਿ BCOFR ਦੇ ਕੁਝ ਸਰਗਰਮ ਕਾਰਕੁੰਨਾਂ ਤੋਂ ਬਿਨਾਂ ਆਮ ਲੋਕਾਂ ਤਾਂ ਕੀ ਪਹੁੰਚਣਾ ਸੀ, ਕਿਸੇ ਵੀ ਨਸਲ ਵਿਰੋਧੀ ਅੰਖੰਤੀ ਸਬੰਧਤ ਸੰਸਥਾ ਵਲੋਂ ਵੀ ਖਾਸ ਦਿਲਚਸਪੀ ਨਾ ਦਿਖਾਉਣ ਦੇ ਬਾਵਜੂਦ ਉਹ ਬਰੀ ਹੋ ਗਿਆ ਹੈ।

ਜੇ ਸਾਡੀ ਕਮਿਉਨਿਟੀ ਦੇ 50-100 ਬੰਦੇ ਉਥੇ ਪੁਰਜ਼ੋਰ ਵਿਖਾਵਾ ਕਰਦੇ ਜਾਂ ਘਟੋ ਘਟ ਹਾਜ਼ਰੀ ਦਾ ਹੀ ਇਜ਼ਹਾਰ ਕਰਦੇ ਤਾਂ ਸਾਡੀ ਏਕਤਾ ਤੇ Presence ਵਿਖਾਈ ਜਾ ਸਕਦੀ ਸੀ ਹੁਣ ਇਕ ਤਰਾਂ ਨਾਲ ਆਉਣ ਵਾਲੇ ਸਮੇਂ ਵਾਸਤੇ ਉਸਨੂੰ ਹਰੀ ਝੰਡੀ ਮਿਲ ਗਈ ਹੈ। ਹੁਣ ਇਹ ਸਾਡੀ ਕਮਿਉਨਿਟੀ ਦੀਆਂ ਜਥੇਬੰਦੀਆਂ ਤੇ ਆਮ ਕਿਰਤੀ ਲੋਕਾਂ ਦੀ ਜ਼ਿੰਮੇਂਵਾਰੀ ਹੈ ਕਿ ਨੇੜ ਭਵਿਸ਼ ਵਿਚ ਇਸ ਨਸਲੀ ਦਾ ਮੂੰਹ ਬੰਦ ਕਰ ਸਕੀਏ ਤਾਂ ਕਿ ਅਸੀਂ ਕਨੇਡੀਅਨ ਸਮਾਜ ਵਿਚ ਇਜ਼ਤਦਾਰ ਸ਼ਹਿਰੀਆਂ ਵਾਂਗ ਰਹਿ ਸਕੀਏ।

ਜਿਉਨਵਾਦੀ ਮੰਦਰ ਉਪਰ ਹਮਲੇ ਦੀ ਨਿਖੇਧੀ

ਵੈਨਕੂਵਰ ਦੇ U B C ਦੇ ਇਲਾਕੇ ਵਿਚ ਪਿਛੇ ਜਿਹੇ ਕੁਝ ਸ਼ਰਾਰਤੀ ਅਨਸਰਾਂ ਵਲੋਂ Jewish ਕਮਿਉਨਿਟੀ ਦੇ ਧਾਰਮਕ ਜਜ਼ਬਾਤਾਂ ਨੂੰ ਠੇਸ ਪਹੁੰਚਾਣ ਲਈ ਹਮਲਾ ਕੀਤਾ ਗਿਆ ਹੈ। ਇਹ ਹਮਲਾ ਸਾਡੇ ਵਰਗੀ ਕਿਸੇ ਭਰਾਤਰੀ ਘੱਟ ਗਿਣਤੀ ਉਪਰ ਨਹੀਂ ਸਾਡੀਆਂ Ethnic minorities ਨੂੰ ਸਿੱਧੀ ਚੁਣੌਤੀ ਹੈ ਕਿ ਨਸਲੀ ਦੇ ਜ਼ਹਿਰੀਲੇ ਫਣ ਫਿਰ ਉਠਣ ਲਗ ਪਏ ਹਨ।

ਜੇ ਅੱਜ ਸਾਡੀ ਭਰਾਤਰੀ ਘੱਟ ਗਿਣਤੀ ਦੇ ਅਰਮਾਨਾਂ ਤੇ ਹਮਲਾ ਹੋਇਆ ਹੈ ਤਾਂ ਕੱਲ ਨੂੰ ਸਾਡੇ ਤੇ ਵੀ ਹੋ ਸਕਦਾ ਹੈ। ਪਿਛਲੇ ਦੋ ਕੁ ਸਾਲਾਂ 'ਚ ਅਜਿਹੀਆਂ ਘਟਨਾਵਾਂ ਵਾਪਰ ਗਈਆਂ ਸਨ ਜਦੋਂ ਕਿ ਸਾਡੇ ਲ*ਕਾਂ ਦੀ ਜਾਤੀ ਰਹਿਤ ਤੇ ਗੁਰਦੁਆਰਿਆਂ ਉਪਰ ਵੀ ਨਸਲੀਆਂ ਵਲੋਂ ਹਮਲੇ ਹੋਏ ਸਨ। ਇਹੋ ਜਿਹੀਆਂ ਕੋਝੀਆਂ ਹਰਕਤਾਂ ਜ਼ਰੂਰੀ ਨਹੀਂ ਕੋਈ ਨਸਲੀ ਜਥੇਬੰਦੀ ਨਾਲ ਸਬੰਧਤ ਵਿਅਕਤੀ ਜਾਤੀ ਤੌਰ ਤੇ ਆ ਕੇ ਸਿੱਧਾ ਆਪ ਆ ਕੇ ਕਰੇ। ਪਰ ਕੁਝ crackminded ਸਖਸ਼ ਅਜਿਹੇ ਕਦਮ ਜ਼ਹਿਰੀਲੇ ਪ੍ਰਚਾਰ ਦੇ ਮਾਹੌਲ ਤੇ ਵਿਚਾਰਧਾਰਾ ਤੋਂ ਉਕਸਾਹਿਤ ਹੋ ਕੇ ਹੀ ਕਰਦੇ ਹਨ। BCOFR ਵਲੋਂ ਸਰਕਾਰ ਤੋਂ Arian Nations League of Rights and KKK ਵਰਗੀਆਂ ਨਸਲੀ ਜਥੇਬੰਦੀਆਂ ਦੇ ਪ੍ਰਚਾਰ ਅਤੇ ਅਜਿਹੇ ਕੋਝੇ ਕਾਰੇ ਬੰਦ ਕਰਾਣ ਦੀ ਮੰਗ ਕੀਤੀ ਹੈ ਅਤੇ ਅਗੇ ਕਿਹਾ ਹੈ ਕਿ ਸਬੰਧਤ ਵਿਅਕਤੀਆਂ ਤੇ ਬੀ. ਸੀ. ਗੌਰਮਿੰਟ ਕੇਸ ਚਲਾਵੇ

BCOFR Exective

ਸਤਲੁਜ 'ਤੇ ਪੁਲ ਦੀ ਉਸਾਰੀ ਮੁਕੰਮਲ ਹੋਣ ਦੇ ਨੇੜੇ

ਰਪੜ, (ਪੀ.ਟੀ. ਆਈ.)—ਰੋਪੜ ਜ਼ਿਲੇ ਵਿ ਚ ਆਨੰਦ-ਪੁਰ ਸਾਹਿਬ ਦੇ ਨਜ਼ਦੀਕ ਸ ਤਲੁਜ ਦਰਿਆ 'ਤੇ ਪੁਲ ਦੀ ਉਸਾਰੀ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਆਸ ਹੈ ਕਿ ਆਉਂਦੀਆਂ ਗਰਮੀਆਂ ਤੋਂ ਇਸ ਪੁਲ ਉਤੇ ਮੋਟਰ ਗੱਡੀਆਂ ਦੀ ਆਵਾਜਾਈ ਸ਼ੁਰੂ ਹੋ ਜਾਏਗੀ। ਉਸਾਰੀ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਹੈ।

ਅਧਿਕਾਰੀਆਂ ਅਨਸਾਰ ਪੁਲ ਦੀ 85 ਫੀਸਦੀ ਉਸਾਰੀ ਹੋ ਚੁੱਕੀ ਹੈ। ਇਸ ਪੁਲ ਉਤੇ ਸਾਢੇ 8 ਕਰੋੜ ਰੁਪਏ ਖਰਚ ਆਏ ਹਨ।

ਇਕ ਕਿਲੋਮੀਟਰ ਲੰਮਾ ਇਹ ਪੁਲ ਪੰਜਾਬ, ਹਰਿਆਣਾ,ਹਿਮਾਚਲ ਅਤੇ ਜੰਮੂ ਕਸ਼ਮੀਰ ਵਿਚ ਹੁਣ ਤਕ ਬਣੇ ਪੁਲਾਂ ਵਿਚ ਸਭ ਤੋਂ ਵੱਡਾ ਹੈ। ਇਸ ਨਾਲ ਹਿਮਾਚਲ ਤੋਂ ਇਤਿਹਾਸਕ ਸ਼ਹਿਰ ਆਨੰਦਪੁਰ ਸਾਹਿਬ ਅਤੇ ਨੰਨਾ ਦੇਵੀ ਦੇ ਮੰਦਰ ਤਕ ਕਰੀਬ 41 ਕਿਲੋਮੀਟਰ ਫਾਸਲਾ ਘੱਟ ਜਾਏਗਾ।

ਪੁਲ ਦੇ ਬਣਨ ਨਾਲ ਪੰਜਾਬ ਤੋਂ ਬਿਲਾਸਪੁਰ ਤੇ ਮੰਡੀ ਵਰਗੇ ਮਹੱਤਵ-ਪੂਰਨ ਕਸਬਿਆਂ ਲਈ ਆਵਾਜਾਈ ਵਿਚ ਬਹੁਤ ਸਹੂਲਤ ਹੋਏਗੀ।

ਗੀਤ

□ ਮੁਹਿੰਦਰ ਸੁਮਲ 'ਵੈਨਕੂਵਰ'

ਬੋਲ ਮੇਰੇ ਵਿਹੜੇ ਦਿਆ ਗੀਤਾ
ਕਿਸ ਰੁੱਤ ਤੈਨੂੰ ਗਾਵਾਂ
ਘੋਰ ਉਦਾਸੀ, ਘੁੱਪ ਹਨੇਰੇ
ਚਮਕਣੀਆਂ ਘਟਨਾਵਾਂ
ਬੋਲ ਮੇਰੇ ਵਿਹੜੇ ਦਿਆ ਗੀਤਾ.....

ਇੱਕ ਲਹਿੰਗਾ ਜਿਹੜਾ ਅੰਬਰ ਦਾ ਸੀ
ਧਰਤੀ ਲੌਣ ਲੁਆਈ
ਤਿੜਕ ਗਿਆ ਏ ਅੰਬਰ ਸਾਡਾ
ਧਰਤ ਪਏ ਕੁਰਲਾਈ
ਗੀਤਾਂ ਭਰੀ ਅਵਾਜ਼ ਕਿਸੇ ਦੀ
ਬਣ ਗਈ ਹਾਉਂਕੇ ਆਹਾਂ
ਬੋਲ ਮੇਰੇ ਵਿਹੜੇ ਦਿਆ ਗੀਤਾ.....

ਨਾ ਕੋਈ ਰਾਤ ਚਾਨਣੀ ਖਿੜਦੀ
ਨਾ ਕੋਈ ਰਾਗ ਇਲਾਹੀ
ਨਾ ਤ੍ਰਿੰਜਣਾਂ ਵਿੱਚ ਚਰਖੜੇ ਘੂਕਣ
ਕਿਸੇ ਨਾ ਪੂਣੀ ਲਾਹੀ
ਰੰਗਲੇ ਗੀਤ ਨਾਂ ਤੀਆਂ ਮੇਲੇ
ਮੈਂ ਕਿਕਲੀ ਕਿੰਝ ਪਾਵਾਂ
ਬੋਲ ਮੇਰੇ ਵਿਹੜੇ ਦਿਆ ਗੀਤਾ.....

ਚਿੱਟੇ ਵਿਛੂਏ ਕੰਕਰ ਵਾਲੇ
ਡੰਗ ਸੋਨੇ ਦਾ ਲਾਇਆ
ਪੀੜਤ ਹੋਏ ਹਾਲੀ ਪਾਲੀ
ਕਿਸੇ ਨਾ ਢੋਲਾ ਗਾਇਆ
ਅੰਨ੍ਹੀਆਂ ਹੋ ਕੇ ਬੋਲਿਆਂ ਵਿੱਚੋਂ
ਮੁੜੀਆਂ ਮੱਝੀਆਂ ਗਾਵਾਂ।
ਬੋਲ ਮੇਰੇ ਵਿਹੜੇ ਦਿਆ ਗੀਤਾ.....

ਨਾ ਕੁੱਕੜਾਂ ਨੇ ਬਾਂਗਾਂ ਦਿੱਤੀਆਂ
ਨਾਂ ਟੱਲੀਆਂ ਘੜਿਆਲਾਂ
ਖਾਰੇ ਖੂਹ ਦਾ ਟੁੱਟਾ ਕੁੱਤਾ
ਡਿੱਗ ਪਈਆਂ ਨੇ ਮਾਹਲਾਂ
ਕੋਇਲਾਂ ਦੀ ਥਾਂ ਬਾਗ ਅੰਬਾਂ ਦੇ
ਮੱਲ ਲਏ ਨੇ ਕਾਵਾਂ
ਬੋਲ ਮੇਰੇ ਵਿਹੜੇ ਦਿਆ ਗੀਤਾ.....

ਮਿੱਠੇ ਬੋਲ ਤੇ
ਮਿਰਜ਼ਾ ਮਹਿਫਲ
ਰੁਲ ਗਈ ਵਿੱਚ ਤੂਫਾਨਾਂ
ਛਣਕਣ ਦੀ ਥਾਂ ਟੁੱਟੀਆਂ ਵੰਗਾਂ
ਔਸੀਆਂ ਆਈਆਂ ਸ਼ਾਮਾਂ
ਪੱਤਝੜ ਕਿੱਥੋਂ ਟੋਲ ਲਿਆਈ
ਸਾਡਾ ਹੀ ਸਿਰਨਾਮਾਂ
ਬੋਲ ਮੇਰੇ ਵਿਹੜੇ ਦਿਆ ਗੀਤਾ
ਕਿਸ ਰੁੱਤ ਤੈਨੂੰ ਗਾਵਾਂ।

ਭਾਰਤ ਜਾਣ ਦੀ ਤਿਆਰੀ ਹੈ?

East West Travel Ltd.

ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
#206-3517, 17 Ave. S.E. Calgary, Alta
T2A 0R5

ਟਰਾਂਟੋਂ ਤੋਂ ਸਿੱਧੀਆਂ ਉਡਾਣਾਂ

ਆਪਣੇ ਦੇਸ਼ ਜਾਣ ਲਈ ਆਪਣੀ ਏਅਰ ਲਾਈਨ ਵਿੱਚ ਸਫਰ ਕਰੋ

ਏਅਰ ਇੰਡੀਆ ਘੱਟ ਖਰਚ ਤੇ ਭਾਰਤ ਜਾਣੀ ਵਾਲੀ ਕੌਮੀ ਏਅਰ ਲਾਈਨ ਹੈ।

ਜਦੋਂ ਤੁਸੀਂ ਸਿੱਧੇ ਭਾਰਤ ਜਾਂਦੇ ਹੋ, ਤੁਸੀਂ ਸਾਰਾ ਸਫਰ ਇੱਕੋ ਹੀ ਜਹਾਜ਼ ਉਤੇ ਤਹਿ ਕਰ ਸਕਦੇ ਹੋ। ਇਸ ਦਾ ਮਤਲਬ ਹੈ ਅਣਪਛਾਤੇ ਏਅਰਪੋਰਟਾਂ ਉਪਰ ਕੋਈ ਉਡੀਕ ਨਹੀਂ ਕਰਨੀ ਪੈਂਦੀ ਤੁਸੀਂ ਲੇਟ ਨਹੀਂ ਹੁੰਦੇ, ਕੋਈ ਸਮਾਨ ਗੁੰਮ ਹੋਣ ਦਾ ਡਰ ਨਹੀਂ ਰਹਿੰਦਾ ਨਾ ਹੀ ਕੋਈ ਉਲਝਣਾਂ ਜਾਂ ਫਿਕਰ ਕਰਨ ਦੀ ਲੋੜ ਹੈ।

ਟਰਾਂਟੋ ਤੋਂ
ਹੁਣ ਟਰਾਂਟੋ ਤੋਂ ਸਿੱਧੀਆਂ ਉਡਾਣਾਂ ਚੱਲਦੀਆਂ ਹਨ ਤੇ ਇਸਦੇ ਦੋ ਮੁੱਖ ਫਾਇਦੇ ਹਨ।
ਤੁਹਾਡਾ ਸਮਾਨ ਜਦੋਂ ਕੈਨੇਡਾ ਦੇ ਕਿਸੇ ਸ਼ਹਿਰ ਤੋਂ ਚੈਕ ਹੋ ਜਾਵੇ ਤਾਂ ਇਸ ਉਪਰ ਸਿੱਧਾ ਬੰਬਈ, ਦਿੱਲੀ, ਮਦਰਾਸ ਜਾਂ ਕਲਕੱਤੇ ਦਾ ਲੇਬਲ ਲੱਗ ਜਾਂਦਾ ਹੈ। ਇਸ ਦਾ ਮਤਲਬ ਹੈ ਤੁਹਾਨੂੰ ਆਪਣੇ ਸਾਮਾਨ ਦੀ ਭਾਰਤ ਉਤਰਨ ਤੋਂ ਪਹਿਲਾਂ ਕੋਈ ਚਿੰਤਾ ਨਹੀਂ ਰਹੇਗੀ।

ਤੁਹਾਡੇ ਪਾਸ ਟਰਾਂਟੋ ਅੰਤਰਰਾਸ਼ਟਰੀ ਏਅਰਪੋਰਟ ਉਤੇ ਭਾਰਤ ਲਈ ਏਅਰ ਇੰਡੀਆ ਦੀ ਉਡਾਣਾਂ ਰਾਹੀਂ, ਹਰ ਸ਼ਨਿਚਰਵਾਰ ਟਰਾਂਟੋ ਤੋਂ ਇੱਕ ਹੀ ਜਹਾਜ਼ ਤੁਹਾਨੂੰ ਕੈਨੇਡਾ ਤੋਂ ਸਿੱਧਾ ਭਾਰਤ ਲੈ ਜਾਂਦਾ ਹੈ।
ਕੈਨੇਡਾ ਦੇ ਕਿਸੇ ਵੀ ਸ਼ਹਿਰ ਤੋਂ ਜਹਾਜ਼ ਲੈ ਕੇ ਜਦ ਤੁਸੀਂ ਟਰਾਂਟੋ ਅੰਤਰ-ਰਾਸ਼ਟਰੀ ਏਅਰਪੋਰਟ ਤੇ ਪਹੁੰਚੋ ਤਾਂ
ਉਸੇ ਹੀ ਏਅਰਪੋਰਟ ਤੋਂ ਤੁਹਾਨੂੰ ਭਾਰਤ ਜਾਣ ਵਾਲਾ ਜਹਾਜ਼ ਮਿਲੇਗਾ।

ਮਾਂਟਰੀਅਲ ਤੋਂ
ਹਰ ਸਨੀਚਰਵਾਰ ਦੀ ਸ਼ਾਮ, ਤੁਸੀਂ ਸਿੱਧੇ ਮਿਰਾਬਿਲ ਏਅਰਪੋਰਟ ਤੋਂ ਬੰਬਈ ਅਤੇ ਦਿੱਲੀ ਨੂੰ ਟਰਾਂਟੋ ਦੀ ਤਰ੍ਹਾਂ ਜਹਾਜ਼ ਸਿੱਧਾ ਭਾਰਤ ਲਈ ਲੈ ਸਕਦੇ ਹੋ।

ਨਿਊਯਾਰਕ ਤੋਂ
ਹਫਤੇ ਵਿੱਚ ਹਰ ਰੋਜ਼ ਤੁਸੀਂ ਨਿਊਯਾਰਕ ਤੋਂ ਬੰਬਈ ਅਤੇ ਦਿੱਲੀ ਲਈ ਲੰਡਨ ਵਿੱਚ ਦੀ ਜਹਾਜ਼ ਲੈ ਸਕਦੇ ਹੋ। ਇਸ ਦਾ ਮਤਲਬ ਹੈ ਕਿ ਜਿੰਨੀ ਦੇਰ ਤੁਸੀਂ ਇੰਗਲੈਂਡ ਰਹਿਣਾ ਚਾਹੋ ਰਹਿ ਸਕਦੇ ਹੋ - ਪਰਵਾਰ ਦੇ ਹੋਰ ਰਿਸ਼ਤੇਦਾਰਾਂ ਨੂੰ ਮਿਲੋ, ਚਾਹੇ ਸ਼ਾਪਿਗ ਕਰੋ ਜਾਂ ਸੈਰ ਸਪਾਟਾ। ਤੁਸੀਂ ਕੈਨੇਡਾ ਵਿੱਚ ਚਾਹੇ ਕਿਤੇ ਵੀ ਰਹਿੰਦੇ ਹੋਵੋਂ ਸੁਭਾਵਿਕ ਹੀ ਤੁਹਾਨੂੰ ਟਰਾਂਟੋ, ਮਾਂਟਰੀਅਲ ਜਾਂ ਨਿਊਯਾਰਕ ਦੀਆਂ ਉਡਾਣਾਂ ਨਾਲ ਮਿਲਾਣ ਵਾਲੀਆਂ ਸਹੂਲਤਾਂ ਮਿਲਦੀਆਂ ਹੀ ਹਨ।

ਭਾਰਤੀ ਫਿਲਮਾਂ, ਭਾਰਤੀ ਸੰਗੀਤ ਤੇ ਭਾਰਤੀ ਭੋਜਨ
ਸਫਰ ਦੌਰਾਨ ਸਾਡੇ ਆਰਾਮ ਦੇਹ 747 ਜਹਾਜ਼ਾਂ ਵਿੱਚ ਤੁਸੀਂ ਦੁਨੀਆਂ ਦੀ ਮਸ਼ਹੂਰ ਮਹਾਰਾਜਿਆਂ ਵਰਗੀ ਸੇਵਾ ਪ੍ਰਾਪਤ ਕਰੋਗੇ। ਮੁਫਤ ਭਾਰਤੀ ਫਿਲਮਾਂ, ਭਾਰਤੀ ਸੰਗੀਤ ਅਤੇ ਸਵਾਦੀ ਮਾਸਾਹਾਰੀ ਤੇ ਸ਼ਾਕਾਹਾਰੀ ਖਾਣਿਆਂ ਦਾ ਅਨੰਦ ਮਾਣ ਸਕੋਗੇ। ਤੁਸੀਂ ਸਾਡੇ ਭਾਰਤੀ ਜਾਂ ਪੱਛਮੀ ਦਿਲਕਸ਼ ਖਾਣਿਆਂ ਵਿੱਚੋਂ ਮਨਮਰਜ਼ੀ ਦੀ ਪਸੰਦ ਦਾ ਖਾਣਾ ਲੈ ਸਕਦੇ ਹੋ।

ਅਰਾਮ ਦੇਹ ਸਫਰ ਕਰਨ ਲਈ ਜਲਦੀ ਸੀਟ ਬੁੱਕ ਕਰਵਾਓ
ਆਪਣੇ ਏਅਰ ਇੰਡੀਆ ਦੇ ਏਜੰਟਾਂ ਨੂੰ ਫੋਨ ਕਰੋ ਜਾਂ ਸਾਡੇ ਏਅਰ ਇੰਡੀਆ ਦੇ ਸਾਡੇ ਜਨਰਲ ਸੇਲਜ਼ ਏਜੰਟਾਂ ਨੂੰ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:

AIR-INDIA

Direct flights from Toronto, Monteral and New York

Vancouver: 879-0271 or toll-free 1 (800) 663-3433
Toronto: 865-1033 or toll-free 1 (800) 268-9582
Montréal: 842-1805 or toll-free 1 (800) 361-2813

ਹਾਸ-ਰਸ

ਆਧੁਨਿਕਨਾਮਾ

ਕੇ. ਐਲ. ਗਰਗ.

● ਨੂੰਹ ਰਜਵਾਂ ਪਾਊਡਰ ਸੁਰਖੀ ਲਾ ਕੇ ਤਿਆਰ ਹੋਕੇ ਭੁੱਖਣ ਭਾਣੀ ਬੈਠੀ ਸੱਸ ਨੂੰ ਕਹਿ ਰਹੀ ਸੀ, "ਮਾਂ ਜੀ, ਅਸੀਂ ਫਿਲਮ ਦੇਖਣ ਚੱਲੇ ਆਂ। ਕਾਕਾ ਸੁੱਤਾ ਪਿਐ। ਜੇ ਰੋਇਆ ਤਾਂ ਦੁੱਧ ਗਰਮ ਕਰਕੇ ਸ਼ੀਸ਼ੀ 'ਚ ਪਾ ਕੇ ਪਿਆ ਦੇਈਂ ਤੇ ਖਾਣਾ ਤਿਆਰ ਕਰ ਛੱਡੀਂ। ਅਸੀਂ ਜ਼ਰਾ ਲੇਟ ਈ ਆਵਾਂਗੇ !"

* * * *

● ਕਾਲਿਜ ਵਿਚ ਪੜ੍ਹਦੇ ਗੱਭਰੂ ਨੇ ਇਕ ਪੁਸਤਕ ਲਿਆਕੇ ਆਪਣੇ ਪਿਉ ਦੀ ਮੇਜ਼ ਤੇ ਰੱਖ ਦਿੱਤੀ।ਜਦ ਪਿਉ ਨੇ ਪੁਸਤਕ ਬਾਰੇ ਪੁੱਛਿਆ ਤਾਂ ਮੁੰਡਾ ਮੁਸਕਰਾਕੇ ਕਹਿਣ ਲੱਗਾ, "ਸੈਕਸ ਪਰਾਬਲਮਜ਼ ਤੇ ਬੜੀ ਹੀ ਵਧੀਆ ਤੇ ਅਪ-ਟੂ-ਡੇਟ ਕਿਤਾਬ ਹੈ। ਕਾਫੀ ਤਜਰਬੇਕਾਰ ਲੇਖਕ ਦੀ ਲਿਖੀ ਹੋਈ ਹੈ। ਜ਼ਰੂਰ ਪੜ੍ਹਨਾ। ਤੁਹਾਡੇਪੜ੍ਹਨ ਵਾਲੀ ਪੁਸਤਕ ਹੈ।"

* * * *

● ਟਰਿਪਲ ਫਾਈਵ ਦੀ ਸਿਗਰਟ ਬੁਲ੍ਹਾਂ 'ਚ ਨੱਪਦੇ ਹੋਏ ਇਕ ਕਾਲਜੀਏਟ ਮੁੰਡੇ ਨੇ ਕਲਾਸ 'ਚੋਂ ਨਿਕਲਦੇ ਪ੍ਰੋਫੈਸਰ ਨੂੰ ਰੋਕ ਕੇ ਪੁੱਛਿਆ, "ਸਰ, ਤੁਹਾਡੇ ਕੋਲ ਤੀਲਾਂ ਦੀ ਡੱਬੀ ਤਾਂ ਹੋਏਗੀ ਹੀ ?" ਪ੍ਰੋਫੈਸਰ ਨੇ ਖੀਸਾ ਝਾੜਦੇ ਹੋਏ ਕਿਹਾ "ਮੈਂ ਸਿਗਰਟ ਨਹੀਂ ਪੀਂਦਾ !"

* * * *

● ਮਾਲਿਕ ਤੇਜ਼ ਬੁਖਾਰ ਕਾਰਣ ਮੰਜੇ ਤੇ ਨਿਢਾਲ ਹੋਇਆ ਪਿਆ ਸੀ। ਉਸਨੇ ਨੌਕਰ ਨੂੰ ਆਵਾਜ਼ ਦੇ ਕੇ ਪਾਣੀ ਮੰਗਿਆ। ਨੌਕਰ ਬੂਟਾਂ ਦੇ ਤਸਮੇ ਕਸਦਾ ਹੋਇਆ ਖਾਲੀ ਹੱਥ ਆ ਕੇ ਮਾਲਿਕ ਕੋਲ ਖੜ੍ਹਾ ਹੋ ਗਿਆ। ਮਾਲਿਕ ਨੇ ਫਿਰ ਪਾਣੀ ਮੰਗਿਆ।
"ਮੇਰੀ ਸ਼ਿਫਟ ਖਤਮ ਹੋ ਗਈ ਐ। ਕੱਲ੍ਹ ਨੂੰ ਆਕੇ ਪਿਆ ਸਕੂੰਗਾ ਉਦੋਂ ਤਾਂਈ ਤੁਹਾਡੀ ਚੰਗੀ ਸਿਹਤ ਲਈ ਸ਼ੁਭ ਕਾਮਨਾਵਾਂ।" ਕਹਿ ਕੇ ਨੌਕਰ ਕਮਰਿਉਂ ਬਾਹਰ ਆ ਗਿਆ।

* * * *

● ਥੱਕ ਗਈ ਪਤਨੀ ਘਰ ਵਾਪਿਸ ਆਈ ਤੇ ਆਉਂਦਿਆ ਹੀ ਪਲੰਘ ਤੇ ਚਿੱਤ ਲੇਟ ਗਈ। ਪਤੀ ਰਸੋਈ 'ਚੋਂ ਭੱਜਿਆ ਭੱਜਿਆ ਉਸ ਕੋਲ ਆਇਆ।
"ਕੀ ਗੱਲ ?" ਪਤੀ ਨੇ ਨਿਮਰਤਾ ਜਿਹੀ ਨਾਲ ਪੁੱਛਿਆ।
"ਅੱਜ ਮਹਿਲਾ ਮੰਡਲ 'ਚ ਇਸਤਰੀ ਦੀ ਅਜ਼ਾਦੀ ਵਿਸ਼ੇ ਤੇ ਭਰਪੂਰ ਬਹਿਸ ਹੋ ਰਹੀ ਸੀ। ਮੈਂ ਬਹਿਸ ਕਰਦੀ ਕਰਦੀ ਥੱਕ ਗਈ ਆਂ ਜੇ ਜਰਾ ਲੱਤਾਂ ਬਾਹਾਂ ਘੁੱਟ ਦਿਉ ਤਾਂ.....ਪਲੀਜ਼.....ਹਾਂ ਖਾਣਾ ਤਾਂ ਤੁਸੀਂ ਬਣਾ ਹੀ ਲਿਆ ਹੋਵੇਗਾ...।"

* * * *

● ਦਸਵੀਂ ਜਮਾਤ ਦੇ ਕੁੱਝ ਮੁੰਡੇ ਸਕੂਲ ਦੇ ਵੱਡੇ ਹਾਲ ਦੀ ਕੰਧ ਦੀ ਛਾਵੇਂ ਬੈਠੇ ਤਾਸ਼ ਖੇਡ ਰਹੇ ਸਨ। ਇਕ ਨੌਜਵਾਨ ਮਾਸਟਰ ਉਹਨਾ ਕੋਲੋਂ ਦੀ ਲੰਘ ਰਿਹਾ ਸੀ। ਮੁੰਡੇ ਉਸੇ ਤਰ੍ਹਾਂ ਆਰਾਮ ਨਾਲ ਬੈਠੇ ਜੂਆ ਖੇਡਦੇ ਰਹੇ। ਮਾਸਟਰ ਨੂੰ ਕੋਲੋਂ ਲੰਘਦਿਆਂ ਦੇਖਕੇ ਸਾਰੇ ਹੀ ਮੁੰਡੇ ਮੁਸਕਰਾ ਕੇ ਕਹਿਣ ਲੱਗੇ, "ਕਿਉਂ ਮਸਾਟਰ ਜੀ, ਅੱਜ ਲੱਗਦੀ ਐ ਫੇ, ... ਆਜੋ ਆਜੋ ਲਾ ਲੋ ਇਬ ਬਾਜੀ," ਤੇ ਅਗਲੇ ਪਲ ਮਾਸਟਰ ਵੀ ਤਾਸ਼ ਫੈਂਟ ਰਿਹਾ ਸੀ।

● ਸ਼ਹਿਰ ਦੇ ਸਾਰੇ ਮੰਗਤਿਆਂ ਨੇ ਇਕ ਸਵਾਲ ਜਲੂਸ ਕੱਢਿਆ ਹੈ ਸ਼ਹਿਰ ਪ੍ਰਮੁੱਖ ਲੇਖਕਾਂ ਵਿਰੁੱਧ ਨਾਹਰੇ ਲਗਾਏ। ਉਨ੍ਹਾਂ ਦੀ ਮੁੱਖ ਮੰਗ ਸੀ ਕਿ ਲੇਖਕ ਉਹਨਾਂ ਦੇ ਮਜ਼ਲੂਮ ਬੱਚਿਆਂ ਬਾਰੇ ਕਹਾਣੀਆ ਤੇ ਫੀਚਰ ਲਿਖਕੇ ਧੜਾਧੜ ਪੈਸੇ ਕਮਾ ਰਹੇ ਹਨ ਉਸ 'ਚੋਂ ਉਹਨਾਂ ਨੂੰ ਵੀ ਰਾਇਲਟੀ ਦਿੱਤੀ ਜਾਣੀ ਚਾਹੀਦੀ ਹੈ.....ਨਹੀਂ ਤਾਂ ਉਹ ਵੀ ਅਦਾਲਤ ਦਾ ਬੂਹਾ ਖੜਕਾਉਣ ਲਈ ਮਜ਼ਬੂਰ ਹੋ ਜਾਣਗੇ...।"

* * * *

● ਮੁੰਡੇ ਨੂੰ ਆਪਣੇ ਦਾਦੇ ਨਾਲ ਬਹਿਸ ਦੇ ਦੌਰਾਨ ਕਚੀਚੀਆਂ ਵੱਟਦੇ ਹੋਏ ਕਿਹਾ," ਤੂੰ ਸਾਰੀ ਉਮਰ ਮੂਰਖ ਹੀ ਰਿਹੈਂ — ਤੈਨੂੰ ਕਦੀ ਅਕਲ ਨਹੀਂ ਆ ਸਕਦੀ। ਤੂੰ ਇਨ੍ਹਾਂ ਮੂਰਖ ਐਂ ਕਿ ਤੈਨੂੰ ਨਵੇਂ ਯੁੱਗ ਦੀਆਂ ਨਵੀਆਂ ਗੱਲਾਂ ਦੀ ਸੋ ਜਨਮ ਸਮਝ ਨਹੀਂ ਆ ਸਕਦੀ !" ਦਾਦਾ ਚੁੱਪਚਾਪ ਉਹਦੇ ਮੂੰਹ ਵੱਲ ਵੇਖੀ ਜਾ ਰਿਹਾ ਸੀ।

* * * *

● 2000 ਸੰਨ ਵਿਚ ਕਿਸੇ ਮਸ਼ੀਨੀ ਨਗਰ ਦਾ ਇਕ ਕਾਰਖਾਨੇਦਾਰ ਕਿਸੇ ਹਾਸਵਿਅੰਗ ਲੇਖਕ ਕੋਲ ਗਿਆ ਤੇ ਕਹਿਣ ਲੱਗਾ," ਅਹਿ ਲਉ ਸੌ ਦਾ ਨੋਟ, ਮੈਨੂੰ ਪੰਜ ਮਿੰਟ ਲਈ ਹਸਾ ਦਿਉ।"

* * * *

● ਕਿਸੇ ਪ੍ਰੇਮੀ ਨੇ ਆਪਣੇ ਇਸ਼ਕ ਦੀ ਢੀਂਗ ਮਾਰਦੇ ਹੋਏ ਆਪਣੀ ਪ੍ਰੇਮਿਕਾ ਨੂੰ ਕਿਹਾ," ਸੁਹਣੀਏਂ, ਮੈਂ ਤੈਨੂੰ ਮਹੀਂਵਾਲ ਵਾਂਗ ਪੱਟ ਦਾ ਮਾਸ ਵੀ ਖੁਆ ਸਕਦਾਂ।" ਪ੍ਰੇਮਿਕਾ ਨੇ ਝੁਭਕ ਕੇ ਕਿਹਾ," ਕਿਓਂ ਐਵੇਂ ਭਾਵੁਕ ਹੋਈ ਜਾਨੈਂ। ਪੱਟ ਦੇ ਗੰਦੇ ਮਾਸ ਨਾਲੋਂ ਤਾਂ ਤੂੰ ਗ੍ਰੀਂਡ ਹੋਟਲ 'ਚ ਮੈਨੂੰ ਇਕ ਚਿਕਨ ਹੀ ਖੁਆ ਦੇਵੇਂ ਤਾਂ ਮੈਂ ਤੈਨੂੰ ਸੱਚਾ ਪ੍ਰੇਮੀ ਮੰਨ ਜਾਂ !"

●●●●●

ਇਕ ਆਦਮੀ ਨੂੰ ਇਹ ਵਹਿਮ ਹੋ ਗਿਆ ਕਿ ਉਹਦਾ ਆਪਣੇ ਮਨ ਤੇ ਕੰਟਰੋਲ ਘਟ ਗਿਆ ਹੈ। ਜਦੋਂ ਕੋਈ ਗ਼ਲਤੀ ਹੋ ਜਾਂਦੀ ਹੈ ਤਾਂ ਉਹ ਬੁੜਬੁੜਾਉਂਦਾ । ਦੇਖਿਆ ਇਉਂ ਹੋਣਾ ਹੀ ਸੀ ਜਦ ਤੇਰਾ ਆਪਣਾ ਮਨ ਹੀ ਤੇਰੇ ਵਸ 'ਚ ਨਹੀਂ।

ਇਕ ਦਿਨ ਉਹ ਇਕ ਰੈਸਟੋਰੈਂਟ ਵਿਚ ਗਿਆ। ਭੁਖ ਲੱਗੀ ਸੀ। ਕਾਫੀ ਖਾਣਿਆਂ ਦਾ ਆਰਡਰ ਦਿੱਤਾ। ਜਦੋਂ ਸਭ ਪਲੇਟਾਂ ਟੇਬਲ ਤੇ ਸਜ ਗਈਆਂ ਤੇ ਖੁਸ਼ਬੂ ਆਉਣੀ ਸ਼ੁਰੂ ਹੋਈ ਤਾਂ ਉਹ ਇਕ ਦਮ ਉਠਿਆ ਤੇ ਬਿੱਲ ਦੇ ਕੇ ਇਹ ਕਹਿੰਦਾ ਤੁਰ ਗਿਆ —

"ਦੇਖਿਆ, ਤੈਨੂੰ ਕਿਹਾ ਸੀ ਗਧਾ ਨਾ ਬਣ। ਤੂੰ ਪਾਗਲ ਦਾ ਪਾਗਲ ਹੀ ਰਿਹਾ। ਹੁਣ ਤੈਨੂੰ ਸਵੇਰ ਨੂੰ ਬਰੇਕਫਾਸਟ ਵੀ ਨਹੀਂ ਮਿਲਣਾ।"

ਇਕਮੁੱਠ ਹੋਵੋ ਅਤੇ ਫਿਰਕੂ ਤਸ਼ੱਦਦ ਵਿਰੁੱਧ ਘੋਲ ਕਰੋ!

(ਪਿਛਲੀ ਵਾਰੀ Misprint ਹੋਣ ਕਾਰਨ ਇਸ ਸਟੇਟਮੈਂਟ ਵਿਚ ਗਲਤੀਆਂ ਰਹਿ ਗਈਆਂ ਸਨ। ਤਾਕਿ ਕੋਈ ਭੁਲੇਖਾ ਨਾ ਰਹੇ - ਇਹ ਬਿਆਨ ਦੁਬਾਰਾ ਛਾਪ ਰਹੇ ਹਾਂ - ਸੰਪਾਦਕ)

26 ਜਨਵਰੀ 1950 ਨੂੰ, ਹਿੰਦੁਸਤਾਨ ਦੇ ਗਣਤੰਤਰ ਦੇ ਐਲਾਨ ਨੇ, ਲੋਕਾਂ ਦੀਆਂ ਮੁਕੰਮਲ ਸਵਾਧੀਨਤਾ, ਆਜ਼ਾਦੀ ਅਤੇ ਖੁਸ਼ਹਾਲੀ ਦੀਆਂ ਉਮੰਗਾਂ ਦੀ ਪੂਰਤੀ ਨਹੀਂ ਕੀਤੀ। ਇਸ ਗਣਤੰਤਰ ਅਤੇ ਇਸਦੇ ਸੰਵਿਧਾਨ ਦੇ 35 ਸਾਲ ਇਸ ਗਲ ਦਾ ਪੱਕਾ ਸਬੂਤ ਹਨ ਕਿ ਇਹ ਆਮ ਮਿਹਨਤਕਸ਼ ਲੋਕਾਂ ਦੇ ਹਿੱਤਾਂ ਵਿਚ ਨਹੀਂ ਹਨ। ਇਸ ਗਣਤੰਤਰ ਵਿਚ ਅਮੀਰ ਹੋਰ ਅਮੀਰ ਹੋਏ ਹਨ, ਅਤੇ ਗਰੀਬ ਵਧੇਰੇ ਗਰੀਬ ਬਣੇ ਹਨ। ਇਕ ਫੌਜੀ ਜਮਾਤ ਹੋਂਦ ਵਿਚ ਆ ਗਈ ਹੈ ਜੋ ਵੱਡੇ ਸਰਮਾਏਦਾਰਾਂ ਅਤੇ ਵੱਡੇ ਜ਼ਿਮੀਦਾਰਾਂ ਦੇ ਸੁਆਰਥੀ ਹਿੱਤਾਂ ਖਾਤਰ ਕੰਮ ਕਰਦੀ ਹੈ ਅਤੇ ਇਕ ਗੈਰ-ਫੌਜੀ ਹਕੂਮਤ ਦੇ ਬੁਰਕੇ ਹੇਠ ਆਪਣਾ ਕੰਮ ਚਲਾ ਰਹੀ ਹੈ। ਇਨ੍ਹਾਂ ਖੁਦਗਰਜ਼ ਹਿਤਾਂ ਨੇ ਮਿਹਨਤਕਸ਼ਾਂ ਅਤੇ ਆਮ ਲੋਕਾਂ ਨੂੰ ਆਪਣੇ ਹਿੱਤਾਂ ਵਾਸਤੇ ਘੋਲ ਕਰਨ ਦੇ ਹੱਕ ਤੋਂ ਵਾਂਝਿਆਂ ਕਰ ਦਿਤਾ ਹੈ। ਜਮਹੂਰੀਅਤ ਕੇਵਲ ਨਾਂ ਦੀ ਹੀ ਹੈ, ਲੋਕਾਂ ਨੂੰ ਗੁਲਾਮੀ ਵਿਚ ਰੱਖਣ ਲਈ ਇਕ ਪਰਦਾ, ਜਦੋਂ ਕਿ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਇਕ ਲਛਣ ਬਣ ਗਿਆ ਹੈ। ਹਿੰਦੁਸਤਾਨ ਉਤੇ ਸਾਮਰਾਜੀ ਅਤੇ ਸਮਾਜਕ ਸਾਮਰਾਜੀ ਦਬਾ ਅਤੇ ਆਰਥਕਤਾ ਦੀ ਨਿਰਭਰਤਾ ਕਈ ਗੁਣਾਂ ਵਧ ਗਈ ਹੈ। ਆਓ ਇਸ ਗਣਤੰਤਰ ਅਤੇ ਇਸ ਦੀ "ਪਾਰਲੀਮਾਨੀ ਜਮਹੂਰੀਅਤ" ਦਾ ਕੋਈ ਭੁਲੇਖਾ ਨਾ ਰਹਿਣ ਦੇਈਏ! ਲੋਕਾਂ ਵਾਸਤੇ ਇਹ ਲਾਜ਼ਮੀ ਹੈ ਕਿ ਉਹ ਆਪਣੇ ਘੋਲ ਦੇ ਜ਼ੋਰ ਤੇ ਆਪਣੇ ਹਿਤਾਂ ਦੀ ਰਾਖੀ ਕਰਨ !

ਬਦੇਸ਼ਾਂ ਵਿਚ ਵਸਦੇ ਸਭ ਹਿੰਦੁਸਤਾਨੀ ਲੋਕਾਂ ਵਾਸਤੇ ਜ਼ਰੂਰੀ ਹੈ ਕਿ ਉਹ ਇਕ ਮੁੱਠ ਹੋਣ ਅਤੇ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਵਿਰੁਧ ਲੜਨ ਜੋ ਹਿੰਦੁਸਤਾਨੀ ਹਾਕਮ ਜਮਾਤਾਂ ਦਾ ਭਿਅੰਕਰ ਨੇਜ਼ਾ ਹੈ ਜੋ ਸਾਡੇ ਲੋਕਾਂ ਨੂੰ ਪਾੜ ਰਿਹਾ ਹੈ ਅਤੇ ਉਨ੍ਹਾਂ ਲਈ ਬਹੁਤ ਕਸ਼ਟ ਪੈਦਾ ਕਰ ਰਿਹਾ ਹੈ। ਇਕ ਮੁਠ ਹੋਣ ਦਾ ਵਕਤ ਹੁਣ ਹੈ, ਆਪਣੇ ਸਿਧਾਂਤਕ ਅਤੇ ਧਾਰਮਕ ਵਖਰੇਵਿਆਂ ਅਤੇ ਜ਼ਾਤ, ਲਿੰਗ ਜਾਂ ਇਲਾਕੇ ਦੇ ਭੇਦਾਂ ਭਾਵਾਂ ਤੋਂ ਉਚਾ ਉਠ ਕੇ। ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਵਿਰੁਧ ਲੋਕਾਂ ਦਾ ਉਦੇਸ਼ ਹੋਰ ਸਭ ਉਦੇਸ਼ਾਂ ਤੋਂ ਵਧ ਜ਼ਰੂਰੀ ਹੈ। ਕੋਈ ਵੀ ਬਹਾਨਾ ਸਾਡੇ ਵਿਚ ਫੁਟ ਨਾ ਪਾ ਸਕੇ। ਆਓ ਬਦੇਸ਼ਾਂ ਵਿਚ ਵਸਦੇ ਸਭ ਹਿੰਦੁਸਤਾਨੀ ਲੋਕ ਇਕ ਮੁਠ ਹੋ ਕੇ ਖੜੀਏ ਤੇ ਮੰਗ ਕਰੀਏ ਕਿ ਪੰਜਾਬ, ਆਸਾਮ ਤੇ ਹੋਰ ਇਲਾਕਿਆਂ ਵਿਚੋਂ ਫੌਜ ਅਤੇ ਖਾਸ ਕਰਕੇ ਪੁਲਸ ਵਾਪਸ ਬੁਲਾਈ ਜਾਵੇ। ਆਓ ਸਭ ਮਿਲਕੁ ਮੰਗ ਕਰੀਏ ਕਿ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦਾ ਖਾਤਮਾ ਕੀਤਾ ਜਾਵੇ, ਅਤੇ ਹਿੰਦੁਸਤਾਨੀ ਹਾਕਮ ਜਮਾਤਾਂ ਵਲੋਂ ਫਿਰਕੂ ਪ੍ਰਚਾਰ ਦੀ ਹਮਾਇਤ ਬੰਦ ਕੀਤੀ ਜਾਵੇ। ਆਓ ਸਭ ਮਿਲਕੇ ਮੰਗ ਕਰੀਏ ਕਿ ਖਬਰਾਂ ਦਾ ਮੀਡੀਆ ਤੇ ਹੋਰ ਸਾਮਰਾਜੀ ਏਜੰਸੀਆਂ ਅਤੇ ਬਦੇਸ਼ਾਂ ਵਿਚ ਹਿੰਦੁਸਤਾਨੀ ਹਕੂਮਤ ਦੇ ਕਰਮਚਾਰੀ ਅਤੇ ਇਸ ਦੀਆਂ ਏਜੰਸੀਆਂ, ਸਾਰਾ ਫਿਰਕੂ ਪ੍ਰਚਾਰ ਅਤੇ ਬਦੇਸ਼ਾਂ ਵਿਚ ਵਸਦੇ ਸਾਡੇ ਲੋਕਾਂ ਵਿਚ ਫਿਰਕੂ ਫੁਟ ਪਾਉਣ ਦੀਆਂ ਕੋਸ਼ਿਸ਼ਾਂ ਬੰਦ ਕਰਨ। ਆਓ ਮਿਲਕੇ ਮੰਗ ਕਰੀਏ ਕਿ ਉਹ ਜੋ ਪੰਜਾਬ, ਆਸਾਮ, ਦਿੱਲੀ ਅਤੇ ਹੋਰ ਥਾਵਾਂ ਉਤੇ ਲੋਕਾਂ ਵਿਰੁਧ ਜ਼ੁਰਮ ਕਰਨ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਜਾਣ। ਆਓ ਸਭ ਮਿਲਕੇ ਮੰਗ ਕਰੀਏ ਕਿ ਅਮਰੀਕੀ ਅਜ਼ਾਰੇਦਾਰੀ ਯੂਨੀਅਨ ਕਾਰਬਾਈਡ ਨੂੰ ਇਸਦੇ ਜ਼ੁਰਮ ਦੀ ਸਜ਼ਾ ਦਿਤੀ ਜਾਵੇ, ਅਤੇ ਲੋਕ ਇਸਦੀ ਜਾਇਦਾਦ ਜ਼ਬਤ ਕਰ ਲੈਣ। ਆਓ ਸਭ ਮਿਲਕੇ ਮੰਗ ਕਰੀਏ ਕਿ ਸਭ ਸਾਮਰਾਜੀ ਬਹੁ-ਕੌਮੀ ਕੰਪਨੀਆਂ ਨੂੰ ਲੋਕਾਂ ਵਿਰੁਧ ਉਨ੍ਹਾਂ ਦੇ ਜ਼ੁਰਮਾਂ ਦੀ ਸਜ਼ਾ ਦਿਤੀ ਜਾਵੇ ਅਤੇ ਲੋਕ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲੈਣ। ਆਓ ਆਪਣੀਆਂ ਮੰਗਾਂ ਨੂੰ ਆਪਣੀ ਏਕਤਾ ਅਤੇ ਆਪਣੀ ਇਨਕਲਾਬੀ ਸਰਗਰਮੀ ਲਈ ਯੁਧ ਦਾ ਬਿਗਲ ਬਣਾਈਏ ਅਤੇ ਜਦੋਂ ਤਕ ਆਪਣੇ ਉਦੇਸ਼ਾਂ ਦੀ ਪੂਰਤੀ ਨਹੀਂ ਹੁੰਦੀ ਉਦੋਂ ਤੱਕ ਕਦੀ ਨਾ ਰੁਕੀਏ। ਆਓ ਇਕ ਅਜਿਹਾ ਹਿੰਦੁਸਤਾਨ ਉਸਾਰਨ ਲਈ ਕੰਮ ਕਰੀਏ, ਜਿਥੇ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ, ਭੁਖ, ਗਰੀਬੀ, ਬੀਮਾਰੀ, ਲੁਟ ਖਸੁਟ ਅਤੇ ਜ਼ਬਰ ਅਤੇ ਗੁਆਂਢੀਆਂ ਨੂੰ ਧਮਕੀਆਂ ਅਤੇ ਹਰ ਤਰ੍ਹਾਂ ਦਾ ਬਦੇਸ਼ੀ ਦਬਾ ਆਦ ਬੀਤੇ ਦੀ ਗਲ ਹੋਵੇ।

ਇਸ ਵੇਲੇ ਹਰਦਿਆਲ ਬੈਂਸ ਵਲੋਂ ਇਕ ਬਹੁਤ ਜ਼ਰੂਰੀ ਕਿਤਾਬ ਸ਼ਹੀਦਾਂ ਦਾ ਪੈਗਾਮ ਪ੍ਰਕਾਸ਼ਤ ਕੀਤੀ ਗਈ ਹੈ। ਇਹ ਕਿਤਾਬ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦੇ ਆਧਾਰ ਅਤੇ ਅਰੰਭ ਨੂੰ ਸਪਸ਼ਟ ਕਰਦੀ ਹੈ ਅਤੇ ਵਿਖਾਉਂਦੀ ਹੈ ਕਿ ਹਿੰਦੁਸਤਾਨੀ ਲੋਕਾਂ ਵਾਸਤੇ ਅਗੇ ਜਾਣ ਦਾ ਰਸਤਾ ਇਨਕਲਾਬ ਦਾ ਰਸਤਾ ਹੈ। ਕਿਤਾਬ ਇਤਿਹਾਸਕ ਨਿਰਣੇ ਰਾਹੀਂ ਹਿੰਦੁਸਤਾਨ ਵਿਚਲੇ ਸੰਕਟ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਵਿਚਾਰ ਕਰਦੀ ਹੈ ਅਤੇ ਹਿੰਦੁਸਤਾਨ ਦੇ ਲੋਕਾਂ ਦੀ ਏਕਤਾ ਦੇ ਆਧਾਰ ਨੂੰ ਉਚਾ ਚੁਕਦੀ ਹੈ। ਕਿਤਾਬ ਨੂੰ ਰੀਲੀਜ਼ ਕਰਨ ਵਾਸਤੇ ਕੀਤੀਆਂ ਜਾ ਰਹੀਆਂ ਮੀਟਿੰਗਾਂ ਵਿਚ ਆਓ, ਜਿਥੇ ਕਿਤਾਬ ਦਾ ਕਰਤਾ ਹਰਦਿਆਲ ਬੈਂਸ ਹਾਜ਼ਰ ਹੋਵੇਗਾ !

● ਇਕ ਮੁਠ ਹੋਵੋ ਅਤੇ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਵਿਰੁਧ ਘੋਲ ਕਰੋ !
● ਯੂਨੀਅਨ ਕਾਰਬਾਈਡ ਨੂੰ ਸਜ਼ਾ ਦਿਓ !
● ਸਭ ਸਾਮਰਾਜੀਆਂ ਅਤੇ ਸਮਾਜਕ ਸਾਮਰਾਜੀਆਂ ਨੂੰ ਹਿੰਦੁਸਤਾਨ ਵਿਚੋਂ ਕੱਢ ਦਿਓ !

(ਪੰਨਾ 16 ਦੀ ਬਾਕੀ)

ਸਾਥੀ ਹਰਦਿਆਲ ਬੈਂਸ ਹੁਰਾਂ ਆਪਣੀ ਤਕਰੀਰ ਵਿੱਚ ਕਿਹਾ ਕਿ ਸ਼ਹੀਦਾਂ ਦਾ ਸੰਦੇਸ਼ ਪੁਕਾਰ ਰਿਹਾ ਹੈ ਕਿ ਅਸੀਂ ਇੱਕ-ਮੁੱਠ ਹੋ ਕੇ ਗੱਦਾਰ ਹਾਕਮ ਜਮਾਤਾਂ ਦੇ ਇਸ ਜ਼ੁਲਮ ਅਤੇ ਜਬਰ ਦੇ ਢਾਂਚੇ ਨੂੰ ਤਹਿਸ ਨਹਿਸ ਕਰ ਦੇਈਏ ਅਤੇ ਲੋਕ ਜਮਹੂਰੀ ਹਿੰਦੁਸਤਾਨ ਦੀ ਸਥਾਪਨਾ ਕਰੀਏ। ਲੋਕਾਂ ਦਾ ਮੁਕਤੀ ਘੋਲ ਹਰ ਰੋਜ਼ ਤਿੱਖਾ ਹੋ ਰਿਹਾ ਹੈ, ਉਹ ਦਿਨ ਬਹੁਤਾ ਦੂਰ ਨਹੀਂ ਜਦ ਸ਼ਹੀਦਾਂ ਦੇ ਖੂਨ ਨਾਲ ਰੰਗਿਆ ਲਾਲ ਝੰਡਾ ਲਾਲ ਕਿਲੇ ਤੇ ਫਖਰ ਨਾਲ ਲਹਿਰਾਏਗਾ। ਸ਼ਹੀਦ ਭਗਤ ਸਿੰਘ ਹੁਰਾਂ ਕਿਹਾ ਸੀ ਕਿ "ਹਿੰਦੁਸਤਾਨ ਦੇ ਲੋਕਾਂ ਦਾ ਘੋਲ ਚੱਲਦਾ ਰਹੇਗਾ, ਜਿੰਨ੍ਹਾਂ ਚਿਰ ਮੁੱਠੀ ਭਰ ਲੁਟੇਰੇ ਆਮ ਲੋਕਾਂ ਦੀ ਮਿਹਨਤ ਨੂੰ ਲੁੱਟਦੇ ਰਹਿਣਗੇ, ਚਾਹੇ ਉਹ ਲੁਟੇਰੇ ਬਦੇਸ਼ੀ ਹੋਣ ਜਾਂ ਹਿੰਦੁਸਤਾਨੀ ਜਾਂ ਦੋਵੇਂ ਇਕੱਠੇ। ਲੋਕਾਂ ਦੇ ਘੋਲ ਨੂੰ ਕੋਈ ਵੀ ਰੋਕ ਨਹੀਂ ਸਕਦਾ।" ਅੱਜ ਹਿੰਦੁਸਤਾਨ ਦੇ ਕਰੋੜਾਂ ਮਿਹਨਤੀ ਲੋਕਾਂ ਦਾ ਚੱਲ ਰਿਹਾ ਮੁਕਤੀ ਯੁੱਧ ਸ਼ਹੀਦ ਭਗਤ ਸਿੰਘ ਦੇ ਇਨ੍ਹਾਂ ਸ਼ਬਦਾਂ ਦੀ ਗਵਾਹੀ ਭਰ ਰਿਹਾ ਹੈ। ਲੋਕਾਂ ਦੇ ਇਸ ਮੁਕਤੀ ਯੁੱਧ ਨੂੰ ਕੋਈ ਵੀ ਰੋਕ ਨਹੀਂ ਸ —।

ਕੈਲਗਰੀ ਵਿਚ

ਨਰੀਨ ਐਨ. ਮਲਿਕ

ਜੋ ਕ੍ਰਿਮੀਨਲ ਲਾਅ, ਇੰਮੀਗਰੇਸ਼ਨ, ਤਲਾਕ, ਸੱਟਾਂ ਲੱਗਣ ਦੇ ਕਲੇਮ ਅਤੇ ਸਿਵਲ ਦੀ ਵਕਾਲਤ ਕਰਦੇ ਹਨ।
ਸ਼ਾਮ ਨੂੰ ਵੀ ਮੁਲਾਕਾਤ ਦਾ ਸਮਾਂ ਲੈ ਸਕਦੇ ਹੋ

NARIN N. MALIK
LAWYER

Prefrred areas of Practice :
Criminal law ; Immigration, Divorces, Personal Injury Claims and Civil litigation
evening appointments available

NARIN N. MALIK, LAWYER
510-600 - 6th Ave. S.W.
CALAGARY, ALTA. T2P 0S5
Phone (403) 263-1300

ਇਸ ਐਡ ਨੂੰ ਨਾਲ ਲੈ ਕੇ ਆਉਣ ਵਾਲੇ ਤੋਂ
ਸਿਰਫ ਪੰਜ ਡਾਲਰ ਲਏ ਜਾਣਗੇ।

FORTUNE TELLER

MRS. BELINDA with her God Gifted Powers will advise and help you in all problems of life, luck, business, marriage, love, health, etc, etc. She speaks French, Egnlish and Italian. MIND, PALM and TAROT CARD READING. Why suffer through life's miseries? She guarantees to help you and your loved ones. One visit will benefit you. Call Today for a better tomorrow. All reading private & confidential.

[604] 876-4202
VANCOUVER, B.C.

ASSURING BRIGHT FINANCIAL FUTURES

NORTH AMERICAN LIFE

NORTH AMERICAN LIFE ASSURANCE COMPANY

- Life Insurance
- Mortgage Insurance
- Children's educational Plans
- R R S P



Darshan Gill, M.A.

representative

320, 815 West Hastings St.
Vancouver, B.C. V6C 2W1
Bus. 685-9335
Res. 321-6360

ਸੁਤੰਤਰ ਮਨੁੱਖ ਦੀ ਸਿਰਜਣਾ

☐ ਅਜਮੇਰ ਰੋਡੇ

ਇੰਦਰਾ ਗਾਂਧੀ ਦੇ ਕਤਲ ਦਾ ਕੀ ਕਾਰਨ ਹੋ ਸਕਦਾ ਹੈ?

— ਕਤਲ ਕਰਨ ਵਾਲਿਆਂ ਦਾ ਧਾਰਮਿਕ ਜਨੂੰਨ?

— ਕਿਸੇ ਵਿਦੇਸ਼ੀ ਤਾਕਤ ਦਾ ਭਾਰਤ ਵਿੱਚ ਗੜਬੜ ਕਰਵਾਉਣ ਦਾ ਮੰਤਵ?

— ਹਰਿਮੰਦਰ ਸਾਹਿਬ ਦੀ ਕੀਤੀ ਗਈ ਬੇਇੱਜ਼ਤੀ ਦਾ ਸਿੱਖਾਂ ਵੱਲੋਂ ਬਦਲਾ?

ਜਾਂ ਕੁੱਝ ਹੋਰ? ਇਸ ਗੱਲ ਦਾ ਸਾਫ ਨਿਰਨਾ ਅਜੇ ਨਹੀਂ ਹੋ ਸਕਿਆ ਤੇ ਹੋ ਸਕਦੈ ਕਦੇ ਵੀ ਨਾ ਹੋ ਸਕੇ। ਪਰ ਕੁੱਝ ਵਿਦੇਸ਼ ਬੈਠੇ "ਸਿੱਖ ਲੀਡਰਾਂ" ਵੱਲੋਂ ਬਿਆਨ ਦਿੱਤੇ ਗਏ ਹਨ ਕਿ ਸਿੱਖ ਕੌਮ ਨੇ ਇੰਦਰਾ ਨੂੰ ਕਤਲ ਕਰਕੇ ਆਪਣੀ ਹੋਈ ਬੇਇੱਜ਼ਤੀ ਦਾ ਬਦਲਾ ਲੈ ਲਿਆ ਹੈ। ਕਈਆਂ ਨੇ ਤਾਂ ਬੇਅੰਤ ਸਿੰਘ ਨੂੰ "ਮਹਾਨ ਸ਼ਹੀਦ" ਦਾ ਖਿਤਾਬ ਵੀ ਬਖਸ਼ ਦਿੱਤਾ ਹੈ। ਆਮ ਸਿੱਖ ਜਨਤਾ ਨੂੰ ਇਸ ਤਰ੍ਹਾਂ ਦਾ ਅਹਿਸਾਸ ਕਰਵਾਇਆ ਗਿਆ ਹੈ ਜਿਵੇਂ ਕੋਈ ਵੱਡੀ ਪ੍ਰਾਪਤੀ ਹੋ ਗਈ ਹੋਵੇ।

ਕਿੰਨਾ ਮਜ਼ਾਕ ਹੈ ਸਿੱਖ ਇਤਿਹਾਸ ਦੇ ਵਿਰਸੇ ਨਾਲ,
ਕਿੰਨਾ ਗਿਰਾ ਦਿੱਤਾ ਗਿਆ ਹੈ ਸਮੁੱਚੀ ਸਿੱਖ ਚੇਤਨਾ ਨੂੰ!

ਕਿ ਅਸੀਂ "ਸਰਬੱਤ ਦਾ ਭਲਾ" ਵਰਗੇ ਉਚੇ ਆਦਰਸ਼ਾਂ ਨੂੰ ਘੱਟੇ ਵਿੱਚ ਰੋਲ ਕੇ ਬਦਲੇ ਦੀ ਭਾਵਨਾ ਉਤੇ ਮਾਣ ਅਤੇ ਸੰਤੁਸ਼ਟਤਾ ਮਹਿਸੂਸ ਕਰ ਰਹੇ ਹਾਂ।

ਇੰਦਰਾ ਗਾਂਧੀ ਨੇ ਭਾਰਤ ਦਾ ਕਿੰਨਾ ਕੁ ਫਾਇਦਾ ਕੀਤਾ ਅਤੇ ਕਿੰਨਾ ਕੁ ਨੁਕਸਾਨ, ਇਹ ਇੱਕ ਵੱਖਰੇ ਵਿਸ਼ੇ ਦੀ ਮੰਗ ਕਰਦਾ ਹੈ। ਪਰ ਇਸ ਵਿੱਚ ਸ਼ੱਕ ਨਹੀਂ ਕਿ ਇੰਦਰਾ ਗਾਂਧੀ ਦੀ ਹਕੂਮਤ ਸਮੇਂ, ਫਾਸ਼ਿਜ਼ਮ ਵੱਧ ਰਿਹਾ ਸੀ, ਭਾਰਤ ਇੱਕ ਕਿਸਮ ਦੀ ਪੁਲੀਸ ਸਟੇਟ ਬਣ ਚੁੱਕਾ ਸੀ, ਅਫਸਰਸ਼ਾਹੀ ਦੀ ਕੁਰੱਪਸ਼ਨ ਇੰਤਹਾ ਉਤੇ ਸੀ ਅਤੇ ਪੰਜਾਬ ਵਿੱਚ ਉਲਝਾਏ ਮਸਲਿਆਂ ਕਾਰਨ, ਲੋਕਾਂ ਦਾ ਦਮ ਨੱਕ ਵਿੱਚ ਆ ਚੁੱਕਾ ਸੀ। ਪਰ ਇਸ ਸਭ ਕੁੱਝ ਪਿੱਛੇ ਕੇਵਲ ਜ਼ਾਤੀ ਤੌਰ ਤੇ ਇੰਦਰਾ ਗਾਂਧੀ ਹੀ ਨਹੀਂ ਸੀ, ਸਾਰੇ ਕੁਰੱਪਟ ਸਿਸਟਮ ਦਾ ਤਾਣਾ ਬਾਣਾ ਵੀ ਸੀ। ਇਸ ਲਈ ਚਾਹੀਦਾ ਇਹ ਸੀ ਕਿ ਇੰਦਰਾ ਗਾਂਧੀ ਦੀ ਜ਼ਿੰਦਗੀ ਖਤਮ ਕਰਨ ਦੀ ਬਜਾਏ ਉਸ ਦੀ "ਸਿਆਸੀ ਜ਼ਿੰਦਗੀ" ਨੂੰ ਖਤਮ ਕੀਤਾ ਜਾਂਦਾ।

ਹਰਿਮੰਦਰ ਸਾਹਿਬ ਉਤੇ ਫੌਜੀ ਐਕਸ਼ਨ ਪਿੱਛੋਂ ਕਈ ਸਿੱਖ ਲੀਡਰਾਂ ਨੇ ਇਸ ਨੂੰ ਔਰੰਗਜ਼ੇਬ ਨਾਲ ਤੁਲਨਾ ਦਿੱਤੀ।

ਔਰੰਗਜ਼ੇਬ ਦੀਆਂ ਫੌਜਾਂ ਨੇ ਕੋਈ ਛੇ ਮਹੀਨੇ ਦੇ ਘੇਰੇ ਪਿੱਛੋਂ, ਦਸੰਬਰ 1704 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛੱਡਣ ਤੇ ਰਜ਼ਾਮੰਦ ਕਰ ਲਿਆ। ਅਨੰਦਪੁਰ ਵਿੱਚ ਗੁਰੂ ਜੀ ਨੇ ਕਿਲ੍ਹਿਆਂ ਅਤੇ ਹੋਰ ਉਸਾਰੀ ਤੋਂ ਬਿਨਾਂ ਬਹੁਤ ਡਿਵੈਲਪਮੈਂਟ ਕੀਤੀ ਸੀ। ਆਪਣੀ ਜਵਾਨੀ ਸਮੇਂ ਦੇ ਭਖਦੇ ਵਰ੍ਹੇ ਲਾ ਕੇ ਵਿੱਦਿਆ, ਸਾਹਿੱਤ ਅਤੇ ਫਲਸਫੇ ਦਾ ਮਹਾਨ ਕੇਂਦਰ ਸਥਾਪਿਤ ਕੀਤਾ ਸੀ - ਯੂਨਾਨ ਦੇ ਮਹਾਨ ਵਿਦਿਅਕ ਕੇਂਦਰਾਂ ਵਾਂਗ - ਜਿੱਥੋਂ ਆਉਣ ਵਾਲੀਆਂ ਸਦੀਆਂ ਵਿੱਚ ਪੰਜਾਬ ਨੂੰ ਸਭਿਆਚਾਰਕ ਅਗਵਾਈ ਮਿਲਣੀ ਸੀ। ਉਸ ਸਮੇਂ ਅਨੰਦਪੁਰ ਦੀ ਮਹੱਤਤਾ ਅੱਜ ਦੇ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ।

ਪਰ ਔਰੰਗਜ਼ੇਬ ਦੀਆਂ ਫੌਜਾਂ ਨੇ ਮਾਰਧਾੜ ਕਰਕੇ ਅਤੇ ਅੱਗਾਂ ਲਾ ਕੇ ਅਨੰਦਪੁਰ ਰਾਖ ਕਰ ਦਿੱਤਾ। ਅਨੰਦਪੁਰ ਛੱਡਣ ਸਮੇਂ 6 ਅਤੇ 7 ਪੋਹ ਦੇ ਵਿਚਾਲੇ ਦੀ ਕਕਰੀਲੀ ਰਾਤ ਸੀ, ਮੀਂਹ ਅਤੇ ਝੱਖੜ ਸੀ, ਔਰੰਗਜ਼ੇਬ ਦੀਆਂ ਫੌਜਾਂ ਨੇ ਵਿਸਾਹਘਾਤ ਕਰਕੇ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀਆਂ ਉਤੇ ਹਮਲਾ ਕਰ ਦਿੱਤਾ - ਸਰਸਾ ਨਦੀ ਪਾਰ ਕਰਦਿਆਂ ਬਹੁਤੇ ਸਿੰਘ ਘੋੜਿਆਂ ਸਮੇਤ ਨਦੀ ਦੇ ਵਹਾ ਵਿੱਚ ਰੁੜ ਗਏ, ਬਹੁਮੁੱਲੇ ਸਾਹਿੱਤ ਤੇ ਫਲਸਫੇ ਦੀਆਂ ਸੈਂਕੜੇ ਪੋਥੀਆਂ ਰੁੜ੍ਹ ਗਈਆਂ।

ਗੁਰੂ ਜੀ ਦੀਆਂ ਜਵਾਨ, ਜੀਵਨ-ਸਾਥਣਾਂ, ਸੁੰਦਰੀ ਜੀ (ਜਿੰਨ੍ਹਾਂ ਦਾ ਨਾਮ ਗੁਰੂ ਜੀ ਨੇ ਆਪਣੀ ਸ਼ਾਦੀ ਸਮੇਂ ਮੋਹ ਨਾਲ ਜੀਤੋ ਤੋਂ ਬਦਲ ਕੇ ਸੁੰਦਰੀ ਰੱਖਿਆ ਸੀ) ਅਤੇ ਸਾਹਿਬ ਕੌਰ ਜੀ ਨੂੰ ਮੁਸਲਮਾਨੀ ਭੇਸ ਪਵਾ ਕੇ ਮਨੀ ਸਿੰਘ ਨਾਲ ਦਿੱਲੀ ਵੱਲ ਭੱਜਣਾ ਪਿਆ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਵੱਡੇ ਸਾਹਿਬਜ਼ਾਦੇ ਚਮਕੌਰ ਦੇ ਯੁੱਧ ਵਿੱਚ ਲੜਦੇ ਸ਼ਹੀਦ ਹੋ ਗਏ - ਇੱਕ ਇੱਕ ਕਰਕੇ ਉਹਨਾਂ ਦੇ ਬਾਕੀ ਸਿੰਘ ਵੀ ਉਹਨਾਂ ਤੋਂ ਵਿਛੜਦੇ ਗਏ। ਅੰਤ ਉਹ ਮਾਲਵੇ ਦੇ ਜੰਗਲਾਂ ਵਿੱਚੋਂ ਲੰਘਦੇ ਦੀਨੇ ਕਾਂਗੜ ਜਾ ਪੁੱਜੇ।

ਕੀ ਕੋਈ ਇਸ ਟ੍ਰੈਜਿਡੀ ਦੀ ਡੂੰਘਾਈ ਅਤੇ ਦਰਦ ਦਾ ਅਨੁਮਾਨ ਲਾ ਸਕਦੈ। ਜੇ ਅਸੀਂ ਇੱਕ ਪਲ ਇਹ ਅਹਿਸਾਸ ਕਰ ਲਈਏ ਕਿ ਗੁਰੂ ਜੀ, ਗੁਰੂ ਤੋਂ ਇਲਾਵਾ ਇੱਕ ਇਨਸਾਨ ਵੀ ਸਨ ਤਾਂ ਸਾਡੇ ਵਿੱਚੋਂ ਕਿੰਨੇ ਕੁ ਐਡੀ ਵੱਡੀ ਟ੍ਰੈਜਿਡੀ ਅਤੇ ਖੁਆਰੀ ਸਹਿ ਸਕਦੇ ਹਨ।

ਪਰ ਦੀਨੇ ਕਾਂਗੜ ਪੁੱਜਣ ਤੋਂ ਪਿੱਛੋਂ ਸਿੱਖ ਕੌਮ ਦੀ ਅਤੇ ਆਪਣੀ ਇਸ ਟ੍ਰੈਜਿੱਡੀ ਵੱਲ ਗੁਰੂ ਜੀ ਨੇ ਕਿਹੋ ਜਿਹਾ ਰਵਈਆ ਅਖਤਿਆਰ ਕੀਤਾ? ਔਰੰਗਜ਼ੇਬ ਤੋਂ ਬਦਲਾ?

ਵਿਚਾਰ ਆਪਣੇ

ਗੁਰੂ ਜੀ ਨੇ ਆਪਣੇ ਸਭ ਤੋਂ ਪਿਆਰੇ ਅਤੇ ਮਹਾਨ ਸਾਥੀ ਦਯਾ ਸਿੰਘ ਜੀ ਨੂੰ ਔਰੰਗਜ਼ੇਬ ਵੱਲ ਭੇਜਿਆ - ਕਤਲ ਕਰਨ ਲਈ ਨਹੀਂ, ਆਪਣੇ ਵੱਲੋਂ ਜ਼ਫਰਨਾਮਾ ਪਹੁੰਚਾਣ ਲਈ। ਜ਼ਫਰਨਾਮੇ ਦਾ ਅਰਥ ਹੈ ਜਿੱਤਨਾਮਾ। ਜ਼ਫਰਨਾਮੇ ਵਿੱਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਝੂਠਾ, ਫਰੇਬੀ ਅਤੇ ਧਰਮ ਤੋਂ ਗਿਰਿਆ ਮਨੁੱਖ ਦੱਸਿਆ ਪਰ ਨਾਲ ਹੀ ਉਸ ਨੂੰ ਸੱਦਾ ਦਿੱਤਾ ਕਿ ਤੂੰ ਮੈਨੂੰ ਪੰਜਾਬ ਮਿਲਣ ਆ, ਤੇਰੀ ਜਾਨ ਦੀ ਰੱਖਿਆ ਮੈਂ ਕਰੂੰਗਾ - ਮਾਲਵੇ ਵਿੱਚ ਬਰਾੜਾਂ ਦੀ ਕੌਮ ਮੇਰੇ ਹੁਕਮ ਵਿੱਚ ਹੈ:

"ਕਿ ਤਸ਼ਰੀਫ ਦਰ ਕਸਬਾ ਕਾਂਗੜ ਕੁਨੱਦ
ਵਜ਼ਾਂ ਪਸ ਮਲਾਕਾਤ ਬਾਹਮ ਸ਼ਵੱਦ
ਨ ਜ਼ਰਾ ਦਰੀਂ ਰਾਹ ਖੁਤਰਾ ਤੁਰਾਸਤ
ਹਮਾ ਕੌਮਿ ਬੈਰਾੜ ਹੁਕਮਿ ਮਰਾਸਤ।

(ਜੇ ਤੂੰ ਕਾਂਗੜ ਵਿੱਚ ਤਸ਼ਰੀਫ ਲੈ ਆਵੇਂ, ਤਾਂ ਇਸ ਉਪਰੰਤ ਆਪਸੀ ਮੁਲਾਕਾਤ ਹੋ ਸਕੇਗੀ। ਤੈਨੂੰ ਇਸ ਰਸਤੇ ਆਉਣ ਵਿੱਚ ਕੋਈ ਖਤਰਾ ਨਹੀਂ, ਕਿਉਂਕਿ ਸਾਰੀ ਬਰਾੜ ਕੌਮ ਮੇਰੇ ਹੁਕਮ ਵਿੱਚ ਹੈ।)

ਭਾਵੇਂ ਔਰੰਗਜ਼ੇਬ ਗੁਰੂ ਜੀ ਨੂੰ ਮਿਲਣ ਨਹੀਂ ਆ ਸਕਿਆ (ਉਸ ਸਮੇਂ ਉਸ ਦੀ ਮੌਤ ਹੋ ਗਈ) ਤਾਂ ਵੀ ਜ਼ਫਰਨਾਮੇ ਨਾਲ ਆਉਣ ਵਾਲੇ ਪੰਜਾਬ ਦੀ ਨੁਹਾਰ ਬਦਲ ਗਈ। ਗੁਰੂ ਜੀ ਨੇ ਆਪਣਾ ਸਭ ਕੁੱਝ ਲੁੱਟਾ ਕੇ ਵੀ ਇਸ ਨੂੰ ਆਪਣੀ ਫਤਹਿ ਕਿਹਾ ਤੇ ਇਹ ਜ਼ਫਰਨਾਮੇ ਵਾਲੀ Moral ਫਤਹਿ ਪੰਜਾਬੀਆਂ ਦੇ ਖੂਨ ਵਿੱਚ ਰਚ ਗਈ - ਆਉਣ ਵਾਲੇ ਪੰਜਾਬ ਵਿੱਚ ਮੁਗਲ ਸਲਤਨਤ ਦਾ ਤਹਿਸ ਨਹਿਸ ਹੋ ਗਿਆ, ਕਿਉਂਕਿ ਗੁਰੂ ਜੀ ਸਾਹਮਣੇ ਕਿਸੇ ਬਦਲੇ ਦੀ ਭਾਵਨਾ ਦੀ ਥਾਂ ਪੰਜਾਬ ਵਿੱਚ ਇੱਕ "ਸੁਤੰਤਰ ਮਨੁੱਖ" ਦੀ ਸਿਰਜਣਾ ਦਾ ਮਹਾਨ ਉਦੇਸ਼ ਸੀ।

ਸਾਡੇ ਸਿੱਖ ਲੀਡਰ ਗੁਰੂ ਜੀ ਵਾਂਗ ਮਹਾਨ ਤਾਂ ਸ਼ਾਇਦ ਨਹੀਂ ਹੋ ਸਕੇ ਪਰ ਉਹਨਾਂ ਦੀ ਕਰਨੀ ਤੋਂ ਕੁੱਝ ਸੇਧ ਤਾਂ ਲੈ ਸਕਦੇ ਹਨ।

(ਪੰਨਾ 17 ਦੀ ਬਾਕੀ)

ਨਹੀਂ ਲਿਆ ਤਾਂ ਹੀ ਆਪਣੇ ਖੂਨ ਦੇ ਰਿਸ਼ਤੇ ਤੋਂ ਬਦਲਕੇ ਪਾਣੀ ਦੇ ਰੂਪ ਵਿੱਚ ਪਿਘਲ ਜਾਂਦਾ ਹੈ। ਸਾਡੇ ਸਮਾਜ ਵਿਚ ਵੀ ਇਹੀ ਹੀ ਦੱਸਿਆ ਹੈ ਕਿ ਹਮੇਸ਼ਾਂ ਆਦਮੀ ਦੀ ਜਿੱਤ ਹੁੰਦੀ ਹੈ ਉਹ ਆਪਣੀ ਮਰਜ਼ੀ ਨਾਲ ਸਾਰੇ ਹੱਕ ਪ੍ਰਾਪਤ ਕਰ ਸਕਦਾ ਹੈ ਕਿ ਇਹੀ ਹੱਕ ਔਰਤ ਨੂੰ ਨਹੀਂ ਮਿਲ ਸਕਦੇ। ਔਰਤ ਭਾਵੇਂ ਕਿੰਨੀ ਵੀ ਪਵਿੱਤਰ ਹੋਵੇ ਆਦਮੀ ਉਸਨੂੰ ਹਮੇਸ਼ਾਂ ਸ਼ੱਕੀ ਨਜ਼ਰ ਨਾਲ ਦੇਖਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਔਰਤ ਵਿਚ ਕੋਈ ਕਸੂਰ ਨਹੀਂ ਹੈ ਪਰ ਸਾਰੀਆਂ ਔਰਤਾਂ ਇਕੋ ਜਿਹੀਆਂ ਨਹੀਂ ਹਨ। ਆਦਮੀ ਨੂੰ ਉਤਾਹ ਚੜਾਅ ਕਰਨ ਦਾ ਹੱਥ ਇਸ ਵਿਚ ਕਿਸਦਾ ਹੈ "ਇਹ ਵੀ ਔਰਤ ਹੀ ਕਰਦੀ ਹੈ" ਦੂਸਰੇ ਪਾਸੇ "ਔਰਤ ਹੀ ਇਕ ਆਦਮੀ ਨੂੰ ਜਨਮ ਦਿੰਦੀ ਹੈ ਉਹ ਵੱਡਾ ਹੋ ਕੇ ਉਸਦਾ ਪੁੱਤਰ ਬਣਦਾ ਹੈ, ਉਹ ਪੁੱਤਰ ਕਿਸੇ ਦਾ ਆਕਮੀ ਬਣਦਾ ਹੈ। ਪਰ ਆਦਮੀ ਨੂੰ ਔਰਤ ਦੇ ਹਰ ਇਕ ਦਰਜੇ ਨੂੰ ਪਛਾਣਨਾ ਚਾਹੀਦਾ ਹੈ, ਪਰ ਦਰਜੇ ਨੂੰ ਭਲਾਉਣਾ ਨਹੀਂ ਚਾਹੀਦਾ। ਜੇ ਇਨਸਾਨ ਕਿਸੇ ਦੀ ਮੱਦਦ ਨਹੀਂ ਕਰ ਸਕਦਾ ਤਾਂ ਉਸਨੂੰ ਇਹ ਵੀ ਸਮਾਜ ਵਿਚ ਹੱਕ ਨਹੀਂ ਹੈ ਕਿ ਉਹ ਔਰਤ ਨੂੰ ਬਰਬਾਦ ਕਰੇ, ਭਾਵੇਂ ਉਹ ਉਸਦੀ ਆਪਣੀ ਹੀ ਭੈਣ ਕਿਉਂ ਨਾ ਹੋਵੇ। ਰਾਣੀ ਵਰਗੀਆਂ ਕਈ ਭੈਣਾਂ ਦੀਆਂ ਜਿੰਦਗੀਆਂ ਇੱਥੇ ਆਕੇ ਬਰਬਾਦ ਹੋਈਆਂ ਹਨ। ਉਹ ਨਾਂ ਬਾਹਰਲੇ ਦੇਸ਼ਾਂ ਦੇ ਵਿਚ ਰਹਿਣ ਦੇ ਕਰਬਲ ਹੁੰਦੀਆਂ ਹਨ, ਨਾਂ ਹੀ ਉਹ ਵਾਪਸ ਆਪਣੇ ਵਤਨ ਜਾ ਸਕਦੀਆ ਹਨ। ਸੱਚ ਕੀ ਹੈ, ਝੂਠ ਕੀ ਹੈ, ਹਰ ਇਕ ਇਨਸਾਨ ਨੂੰ ਮਜ਼ਬੂਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਹਰ ਇਕ ਇਨਸਾਨ ਸਮੇਂ ਦਾ ਫਾਇਦਾ ਉਠਾਉਂਦਾ ਹੈ ਜਿਹੜਾ ਕਿ ਅੱਗੇ ਜਾਕੇ ਉਸ ਇਨਸਾਨ ਨੂੰ ਆਉਣ ਵਾਲੇ ਸਮੇਂ ਦਾ ਸਾਹਮਣਾ ਕਰਨਾ ਪੈਂਦਾ ਹੈ ਹਰ ਇਕ ਇਨਸਾਨ ਸਮੇਂ ਦਾ ਫਾਇਦਾ ਉਠਾਉਂਦਾ ਹੈ ਜਿਹੜਾ ਕਿ ਅੱਗੇ ਜਾਕੇ ਉਸ ਇਨਸਾਨ ਨੂੰ ਆਉਣ ਵਾਲੇ ਸਮੇਂ ਦਾ ਸਾਹਮਣਾ ਕਠਿਨਾਈਆਂ ਨਾਲ ਕਰਨਾ ਪੈਂਦਾ ਹੈ। ਸੋ ਹਰ ਇਕ ਇਨਸਾਨ ਨੂੰ ਇਹ ਹੱਕ ਹੈ ਕਿ ਉਹ ਆਜ਼ਾਦੀ ਨਾਲ ਰਹੇ ਤੇ ਦੂਸਰਿਆਂ ਨੂੰ ਵੀ ਖੁਸ਼ੀ ਦੀ ਜਿੰਦਗੀ ਬਤੀਤ ਕਰਨ ਦੇਵੇ। ਪਰ ਆਦਮੀ ਦੇਸ਼ ਵਿਚ ਰਹਿ ਰਿਹਾ ਹੈ ਜਾਂ ਬਾਹਰਲੇ ਦੇਸ਼ ਵਿੱਚ!

ਵਿਨੀਪੈਗ ਤੋਂ

ਹਥਿਆਰ ਬਣ ਜੋ ਲੋਹਾ ਸੂਰਜ ਦਾ ਸੀਸ ਕੱਟੇ,
ਅੱਗ ਦੇ ਹੀ ਗੀਤ ਲਿਖਦੇ ਲੋਹਾ ਉਹ ਢਾਲਣਾ ਸੀ।

ਰਾਹਾਂ 'ਚ ਦੇਖ ਕੰਡੇ ਕਿਉਂ ਰੁਕ ਗਏ ਮੁਸਾਫ਼ਰ,
ਰਾਹਾਂ ਨੂੰ ਸਾਫ਼ ਕਰਦੇ ਸੂਲਾਂ ਨੂੰ ਜਾਲਣਾ ਸੀ।

ਨਿੱਜੀ ਨਾ ਲੈਂਦੇ ਸੁਪਨੇ ਲੈਂਦੇ ਸਮੂਹ ਦੇ ਸੁਪਨੇ,
ਸੁਪਨੇ ਜੇ ਨਿੱਜੀ ਆਉਂਦੇ ਉਹਨਾਂ ਨੂੰ ਟਾਲਣਾ ਸੀ।

ਕੰਵਲ — ਖੁਸ਼ਵੰਤ ਸਿੰਘ ਨੇ ਪੰਜਾਬੀ 'ਚ ਲਿਖਿਐ।

ਸਾਥੀ — ਉਸ ਨੇ ਕੀ ਲਿਖਿਆ ਜੀ ਪੰਜਾਬੀ 'ਚ ?

ਕੰਵਲ — ਟਰੇਨ ਟੂ ਪਾਕਿਸਤਾਨ।

ਸਾਥੀ — ਉਹ ਅੰਗਰੇਜ਼ੀ ਚੋਂ ਤਰਜਮਾ ਹੋਇਆ ਹੋਇਆ।

ਕੰਵਲ — ਇਕ ਕਹਾਣੀਆਂ ਦੀ ਕਿਤਾਬ ਵੀ ਉਹਨਾਂ ਦੀ ਹੁਣੇ ਛਪੀ ਐ।

ਸਾਥੀ — ਉਹ ਵੀ ਪਹਿਲਾਂ ਅੰਗਰੇਜ਼ੀ 'ਚ ਸਨ।

ਕੰਵਲ — ਇਹ ਤਾਂ ਤੁਸੀਂ ਨਾ ਕਹੋ। ਉਹਨੇ ਤਰਜਮੇ ਵੀ ਤਾਂ ਆਪੂੰ ਹੀ ਕੀਤੇ ਨੇ। ਉਹਦੀ ਕੰਟਰੀਬਿਊਸ਼ਨ ਇਹ ਵੀ ਐ ਕਿ ਉਹਨੇ ਹੋਰ ਜ਼ਬਾਨਾਂ 'ਚ ਵੀ ਲਿਖਿਐ।

JIM PATTISON
Pontiac Buick GMC TRUCKS

JIM PATTISON

PONTIAC - BUICK - CADILLAC and GMC
3434 MAIN ST. VANCOUVER, B.C.
Tel. 879-4233

1985 ਦੀਆਂ ਨਵੀਆਂ
ਕੈਡਲਿਕ ਖ੍ਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ

Parlad Gill

TIME FOR BUYING 1984
CARS & TRUCKS
ALSO TIME FOR BUYING
1985 NEW MODELS

Bus. 879 - 4233
Res. 435 - 1834

ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

GM

ਧਰਮ ਵਿਚਾਰ

ਗੁਰਵਾਕ ਵਿਚਾਰ

ਹਉਮੈ ਕਰਤਿਆ ਨਾ ਸੁਖੁ ਹੋਇ ॥
ਮਨਮਤਿ ਝੂਠੀ ਸਚਾ ਸੋਇ ॥
ਸਗਲ ਬਿਗੂਤੇ ਭਾਣੈ ਦੋਇ ॥
ਸੇ ਕਮਾਵੈ ਧੁਰਿ ਲਿਖਿਆ ਹੋਇ ॥
(ਗਉੜੀ ਗੁਆਰੇਰੀ ਮਹਿਲਾ 1 "ਪੰਨਾ 222")

ਗੁਰੂ ਨਾਨਕ ਪਾਤਸ਼ਾਹ ਇਸ ਮਹਾਂਵਾਕ ਵਿਚ ਫੁਰਮਾਉਂਦੇ ਹਨ। ਭਾਈ ਗੁਰਸਿਖੋ ਹਉਮੈ ਕਰਨ ਵਾਲਿਆਂ ਨੂੰ ਕਦੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਹਾਉਮੈ ਕਰਨਾ ਗੁਰਮਤਿ ਨਹੀਂ ਹੈ ਇਹ ਝੂਠੀ ਮਨਮਤਿ ਹੈ, ਸੱਚਾ ਕੇਵਲ ਪ੍ਰਭੂ ਹੈ ਜੋ ਪ੍ਰੇਮਾ ਭਗਤੀ ਦਾ ਹੀ ਕਾਇਲ ਹੈ। ਜੋ ਦੁਐਤ ਦਾ ਪ੍ਰਚਾਰ ਕਰਦੇ ਹਨ, ਨਫਰਤ ਫੈਲਾਉਂਦੇ ਹਨ, ਉਹ ਸਾਰੇ ਅੰਤ ਨੂੰ ਖੁਆਰ ਹੋਏ ਹਨ ਅਤੇ ਅੰਤ ਨੂੰ ਖੁਆਰ ਹੋਣਗੇ। ਉਹ ਪਰਾਨੀ ਹੀ ਨਾਮ ਸਿਮਰਨ ਕਰਕੇ ਕਮਾਈ ਕਰਦੇ ਹਨ ਜਿਨ੍ਹਾਂ ਦਾ ਧੁਰੋਂ ਹੀ ਲਿਖਿਆ ਹੁੰਦਾ ਹੈ।

ਅੱਜ ਦੀ ਦਸ਼ਾ ਉਪਰ ਇਸ ਗੁਰਵਾਕ ਦੀ ਰੌਸ਼ਨੀ ਵਿਚ ਵਿਚਾਰਿਆਂ ਸਮਝ ਪੈਂਦੀ ਹੈ ਕਿ ਅੱਜ ਜੋ ਸਾਡਾ ਇੰਨਾ ਵੱਡਾ ਨੁਕਸਾਨ ਹੋਇਆ ਹੈ, ਉਹ ਮਨ ਮਤਿ ਧਾਰਨ ਕਰਕੇ ਜਾਂ ਮਨਮਤੀਆਂ ਦੇ ਪਿੱਛੇ ਲੱਗ ਕੇ ਹੀ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਜਿਥੇ ਸੱਚੇ ਨਾਮ ਦੇ ਕੀਰਤਨ ਤੋਂ ਬਿਨਾਂ ਕੁਝ ਨਹੀਂ ਚਾਹੀਦਾ ਸੀ। ਮਨ ਨੂੰ ਜਿਥੋਂ ਸ਼ਾਂਤੀ ਮਿਲਦੀ ਸੀ। ਓਥੇ ਕਤਲ, ਬੰਦੂਕਾਂ, ਨਫਰਤ ਅਤੇ ਹਉਮੈ ਦਾ ਹੀ ਬੋਲ ਬਾਲਾ ਸੀ। ਗੁਰੂ ਸਾਹਿਬ ਦੀ ਮਹਾਨ ਬਾਣੀ ਪਹਿਲਾਂ ਹੀ ਤਾੜਨਾ ਕਰਦੀ ਹੈ ਕਿ ਨਫਰਤ-ਦੁਐਤ ਨੂੰ ਧਾਰਨ ਕਰਕੇ ਸਭ ਨੂੰ ਖੁਆਰੀ ਹੋਈ ਹੈ ਅਤੇ ਸਭ ਹੀ ਖੁਆਰ ਹੋਣਗੇ।

ਇਸ ਲਈ ਸਾਨੂੰ ਗੁਰਸਿੱਖਾਂ ਨੂੰ ਗੁਰਮਤਿ ਹੀ ਧਾਰਨ ਕਰਨੀ ਚਾਹੀਦੀ ਹੈ ਜੋ ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਨ ਹੈ ਮਨਮਤਿ ਧਾਰਨ ਕਰਨ ਵਾਲੇ ਕਿਵੇਂ ਗੁਰਸਿੱਖ ਹੋ ਸਕਦੇ ਹਨ। ਭਾਵੇਂ ਉਨ੍ਹਾਂ ਦੇ ਵੇਸ ਗੁਰਸਿੱਖਾਂ ਵਾਲੇ ਹੀ ਕਿਉਂ ਨਾ ਹੋਣ। ਸੱਜਣ ਠੱਗ ਨੂੰ ਉਪਦੇਸ਼ ਕਰਨ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਇਹੋ ਹੀ ਵਿਚਾਰ ਦ੍ਰਿੜ੍ਹ ਕਰਵਾਏ ਸਨ। ਇਸ ਉਪਰ ਵਿਚਾਰ ਅਗਲੇ ਹਫਤੇ ਕਰਾਂਗੇ।

ਗੁਰਸੰਗਤ ਦਾ ਦਾਸ
ਗੁਰਮੁਖ ਸਿੰਘ

'ਕੈਨੇਡਾ ਦਰਪਣ' ਆਪ ਪੜ੍ਹੋ
ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

For Autoplan
1985 Renewals
Come to
KINGSGATE
Insurance Agencies Ltd.
104 Kingsgate Mall, 370 E. Broadway
Vancouver, B.C. V5T 4G5
Fast, Efficient & Friendly service
ਕਿੰਗਜ਼ਗੇਟ ਇੰਨਸ਼ੋਰੈਂਸ ਤੁਹਾਡੀ ਆਪਣੀ ਏਜੰਸੀ ਹੈ, ਜਿੱਥੇ ਹਰ ਤਰ੍ਹਾਂ ਦੀ ਇੰਨਸ਼ੋਰੈਂਸ ਤਸੱਲੀ ਬਖਸ਼ ਕੀਤੀ ਜਾਂਦੀ ਹੈ ਤੇ ਇੰਨਕਮ ਟੈਕਸ ਦੇ ਫਾਰਮ ਵੀ ਭਰੇ ਜਾਂਦੇ ਹਨ।
See us for all your INSURANCE needs, including Commercial, Life & Disability Insurance.
INCOME TAX Services also available at Reasonable Rates.
Contact:
Riasat Ali, Saraj & Fazal Khan
Phone: 872-7827

ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਰੀਪਬਲਿਕ ਦਿਨ ਵਿਰੁੱਧ ਖਾੜਕੂ ਮੁਜ਼ਾਹਰਾ ਅਤੇ ਦੇਸ਼ ਭਗਤ ਟੈਂਪਲ ਵਿਚ ਸਾਥੀ ਹਰਦਿਆਲ ਬੈਂਸ ਦੀ ਨਵੀਂ ਕਿਤਾਬ "ਸ਼ਹੀਦਾਂ ਦਾ ਸੰਦੇਸ਼" ਰੀਲੀਜ਼ ਕਰਨ ਸਮੇਂ ਕਾਮਯਾਬ ਮੀਟਿੰਗ

27 ਜਨਵਰੀ ਦਿਨ ਐਤਵਾਰ ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਹਿੰਦੁਸਤਾਨੀ ਰੀਪਬਲਿਕ ਡੇ ਵਿਰੁੱਧ ਪੰਜਾਬੀ ਮਾਰਕੀਟ ਵਿਚ ਇਕ ਖਾੜਕੂ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਵਿਚ 150 ਤੋਂ ਵੱਧ ਵਿਅਕਤੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ 30 ਤੋਂ ਵੱਧ ਬੱਚੇ ਵੀ ਇਨਕਲਾਬੀ ਉਤਸ਼ਾਹ ਨਾਲ ਨਾਹਰੇ ਮਾਰ ਰਹੇ ਸਨ। ਮੁਜ਼ਾਹਰਾਕਾਰੀ, ਹਿੰਦੁਸਤਾਨ ਦੀ ਗੁਲਾਮੀ ਦੇ ਪ੍ਰਤੀਕ ਅਤੇ ਹਾਕਮ ਜਮਾਤਾਂ ਦੇ ਲੋਕ-ਧਰੋਹੀ ਹਿੱਤ ਪੂਰਨ ਵਾਲੇ ਸੰਵਿਧਾਨ ਦੀ 35ਵੀਂ ਵਰੇਗੰਢ ਵਿਰੁੱਧ ਨਾਹਰੇ ਮਾਰ ਰਹੇ ਸਨ। ਉਨ੍ਹਾਂ ਨੇ ਹਿੰਦੁਸਤਾਨੀ ਹਾਕਮ ਜਮਾਤਾਂ ਦੀ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦੀ ਲੋਕ-ਦੁਸ਼ਮਣ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ। ਅਮਰੀਕੀ ਸਾਮਰਾਜ ਅਤੇ ਹਿੰਦੁਸਤਾਨੀ ਹਾਕਮ ਜਮਾਤਾਂ ਵਲੋਂ ਭੂਪਾਲ ਵਿਚ ਹਜ਼ਾਰਾਂ ਲੋਕਾਂ ਦੇ ਕੀਤੇ ਕਤਲ ਦੀ ਨਿਖੇਧੀ ਕਰਦਿਆਂ, ਮੁਜ਼ਾਹਰਕਾਰੀਆਂ ਨੇ ਲੋਕਾਂ ਨੂੰ ਇਕ ਮੁੱਠ ਹੋ ਕੇ ਬਦੇਸ਼ੀ ਸਾਮਰਾਜੀਆਂ ਅਤੇ ਸਮਾਜਿਕ ਸਾਮਰਾਜੀਆਂ ਵਿਰੁੱਧ ਘੋਲ ਕਰਨ ਦਾ ਸੱਦਾ ਦਿਤਾ ਤਾਂ ਕਿ ਹਿੰਦੁਸਤਾਨ ਨੂੰ ਇਨ੍ਹਾਂ ਲੁਟੇਰਿਆਂ ਦੇ ਵਹਿਸ਼ੀ ਜਾਲ ਵਿਚੋਂ ਅਜ਼ਾਦ ਕਰਵਾਇਆ ਜਾਵੇ ਅਤੇ ਇਕ ਸਾਮਰਾਜ-ਵਿਰੋਧੀ ਹਕੂਮਤ ਦੀ ਸਥਾਪਨਾ ਕੀਤੀ ਜਾਵੇ। ਇਨਕਲਾਬ-ਜਿੰਦਾਬਾਦ ਦੇ ਗੂੰਜਦੇ ਨਾਹਰੇ ਪੰਜਾਬੀ ਮਾਰਕਿਟ ਵਿਚ ਖੜੇ ਅਤੇ ਆ ਜਾ ਰਹੇ ਸੈਂਕੜੇ ਲੋਕਾਂ ਦੀ ਰੂਹ ਨੂੰ ਛੂਹ ਰਹੇ ਸਨ। ਜਿਵੇਂ ਸਾਡੇ ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵਲੋਂ ਲਾਏ ਇਨਕਲਾਬ-ਜਿੰਦਾਬਾਦ ਦੇ ਨਾਹਰੇ ਹਿੰਦੁਸਤਾਨੀ ਲੋਕਾਂ ਨੂੰ ਬਰਤਾਨਵੀ ਬਸਤੀਵਾਦੀਆਂ ਵਿਰੁੱਧ ਘੋਲ ਕਰਨ ਲਈ ਰਾਹ ਦਰਸਾਉਂਦੇ ਸਨ, ਉਵੇਂ ਹੀ ਅੱਜ ਇਹ ਨਾਹਰੇ ਹਿੰਦੁਸਤਾਨੀ ਲੋਕਾਂ ਨੂੰ ਉਥੋਂ ਦੀਆਂ ਹਾਕਮ ਜਮਾਤਾਂ ਦੇ ਲੁਟੇਰੇ ਢਾਂਚੇ ਅਤੇ ਬਦੇਸ਼ੀ ਸਾਮਰਾਜ ਵਿਰੁੱਧ ਘੋਲ ਕਰਨ ਦਾ ਰਾਹ ਦਿਖਾਉਂਦੇ ਹਨ, ਅਤੇ ਉਨ੍ਹਾਂ ਮਹਾਨ ਸ਼ਹੀਦਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਵੰਗਾਰ ਰਹੇ ਹਨ। ਇਨਕਲਾਬ ਦੀ ਵਿਆਖਿਆ ਕਰਦਿਆਂ ਸ਼ਹੀਦ ਭਗਤ ਸਿੰਘ ਹੁਰਾਂ 2 ਫਰਵਰੀ 1931 ਨੂੰ ਜੇਲ ਵਿਚੋਂ ਦੇਸ਼ ਦੇ ਨੌਜਵਾਨਾਂ ਦੇ ਨਾਂ ਇਕ ਅੰਤਮ ਸੰਦੇਸ਼ ਵਿਚ ਕਿਹਾ ਸੀ ਕਿ "ਇਨਕਲਾਬ ਤੋਂ ਸਾਡਾ ਭਾਵ ਹੈ ਮੌਜੂਦਾ ਢਾਂਚੇ ਨੂੰ ਜੜ੍ਹਾਂ ਤੋਂ ਉਖਾੜਨਾ। ਇਸ ਵਾਸਤੇ ਰਾਜ ਮਸ਼ੀਨਰੀ ਉਤੇ ਕਬਜ਼ਾ ਕਰਨਾ ਜ਼ਰੂਰੀ ਹੈ। ਇਸ ਵਕਤ ਰਾਜ ਮਸ਼ੀਨਰੀ ਲੁਟੇਰਿਆਂ ਜਮਾਤਾਂ ਦੇ ਹੱਥ ਵਿਚ ਹੈ। ਲੋਕਾਂ ਦੇ ਹਿੱਤਾਂ ਦੀ ਰਖਵਾਲੀ ਲਈ ਅਤੇ ਆਪਣੇ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ ਅਰਥਾਤ ਸਮਾਜ ਨੂੰ ਨਵੇਂ ਸਿਰੇ ਤੋਂ ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਜਥੇਬੰਦ ਕਰਨ ਲਈ ਸਾਨੂੰ ਰਾਜ-ਮਸ਼ੀਨਰੀ ਨੂੰ ਆਪਣੇ ਹੱਥਾਂ ਵਿਚ ਲੈਣਾ ਪਵੇਗਾ। ਅਸੀਂ ਇਸ ਆਦਰਸ਼ ਲਈ ਲੜ ਰਹੇ ਹਾਂ।"

ਹਿੰਦੁਸਤਾਨ ਦੀ ਅਖੌਤੀ "ਅਜ਼ਾਦੀ" ਦੇ ਪਿਛਲੇ 37 ਸਾਲਾਂ ਅਤੇ ਰੀਪਬਲਿਕ ਦੇ 35 ਸਾਲਾਂ ਨੇ ਇਹ ਸਾਬਤ ਕਰ ਦਿਤਾ ਹੈ ਕਿ ਇਹ "ਆਜ਼ਾਦੀ" ਅਤੇ "ਗਣਤੰਤਰ" ਹਿੰਦੁਸਤਾਨੀ ਲੋਕਾਂ ਦੇ ਹਿੱਤਾਂ ਦੇ ਖਿਲਾਫ ਹੈ ਅਤੇ ਉਥੋਂ ਦੇ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ, ਅਤੇ ਸਾਮਰਾਜੀਆਂ ਅਤੇ ਸਮਾਜਿਕ-ਸਾਮਰਾਜੀਆਂ ਦੇ ਹੱਕ ਵਿਚ ਹੈ। ਪਿਛਲੇ 37 ਸਾਲਾਂ ਵਿਚ ਅਮੀਰ ਵਧ ਅਮੀਰ ਹੋਏ ਹਨ ਅਤੇ ਗਰੀਬ ਹੋਰ ਗਰੀਬ। ਪੰਜਾਹ ਫੀ ਸਦੀ ਤੋਂ ਵੱਧ ਲੋਕ ਗਰੀਬੀ ਪੱਧਰ ਦੀ ਲਾਹ ਤੋਂ ਵੀ ਹੇਠਾਂ ਰਹਿੰਦੇ ਹਨ। ਲੱਖਾਂ ਲੋਕੀਂ ਭੁੱਖ ਮਰੀ ਦਾ ਸ਼ਿਕਾਰ ਹੋ ਰਹੇ ਹਨ, ਬੇਰੁਜ਼ਗਾਰੀ ਦਿਨ-ਦੁੱਗਣੀ ਅਤੇ ਰਾਤ-ਚੌਗਣੀ ਤਰੱਕੀ ਕਰ ਰਹੀ ਹੈ। ਹਿੰਦੁਸਤਾਨ ਵਿਚ ਬਦੇਸ਼ੀ ਸਰਮਾਇਆ ਆਪਣਾ ਜਾਲ ਲੋਕ-ਜੀਵਨ ਦੇ ਹਰ-ਪੱਖ ਤੇ ਵਿਛਾ ਰਿਹਾ ਹੈ ਅਤੇ ਬਦੇਸ਼ੀ ਕਰਜਾ ਛੜੱਪੇ ਮਾਰ ਕੇ ਸਿਖਰਾਂ ਤੇ ਪਹੁੰਚ ਰਿਹਾ ਹੈ। ਅਜਿਹੀਆਂ ਹਾਲਤਾਂ ਵਿਚ ਰਹਿ ਰਹੇ ਲੋਕ ਇਨਕਲਾਬ ਦੇ ਰਾਹ ਤੁਰ ਰਹੇ ਹਨ। ਲੋਕਾਂ ਦੇ ਇਸ ਵਿਦਰੋਹ ਨੂੰ ਖਤਮ ਕਰਨ ਲਈ ਹਕੂਮਤ ਜ਼ਾਲਮ ਰੂਪ ਅਖਤਿਆਰ ਕਰ ਚੁੱਕੀ ਹੈ। 1947 ਤੋਂ ਲੈ ਕੇ ਅੱਜ ਤੱਕ ਲੋਕਾਂ ਵਲੋਂ ਕੀਤੇ ਹਰ ਹੱਕੀ ਘੋਲ ਨੂੰ ਪੁਲਸ ਅਤੇ ਫੌਜ ਦੀ ਫਾਸ਼ੀ ਤਾਕਤ ਰਾਹੀਂ ਵਹਿਸ਼ੀ ਤਰੀਕੇ ਨਾਲ ਕੁਚਲਿਆ ਹੈ, ਪਰ ਫਿਰ ਵੀ ਹਕੂਮਤ ਲੋਕ-ਬਗਾਵਤ ਨੂੰ ਖਤਮ ਨਹੀਂ ਕਰ ਸਕੀ। ਲੋਕ ਪਹਿਲਾਂ ਨਾਲੋਂ ਵੀ ਵੱਧ ਜਥੇਬੰਦ ਅਤੇ ਤਕੜੇ ਹੋ ਕੇ ਜਬਰ ਅਤੇ ਜ਼ੁਲਮ ਦੇ ਇਸ ਫਾਸ਼ੀ ਢਾਂਚੇ ਨੂੰ ਜੜ੍ਹਾਂ ਤੋਂ ਪੁੱਟਣ ਲਈ ਇਕ ਮੁੱਠ ਹੋ ਕੇ ਘੋਲ ਕਰ ਰਹੇ ਹਨ। ਆਪਣੇ ਲੁਟੇਰੇ ਢਾਂਚੇ ਨੂੰ ਲੋਕ-ਇਨਕਲਾਬ ਤੋਂ ਬਚਾਉਣ ਲਈ ਤਰਲੋ-ਮੱਛੀ ਹੋ ਰਹੀਆਂ ਹਿੰਦੁਸਤਾਨੀ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਬਦੇਸ਼ੀ ਸਲਾਹਕਾਰ, ਰੂਸੀ ਅਤੇ ਅਮਰੀਕੀ ਸਾਮਰਾਜੀਏ ਅਤੇ ਹੋਰ ਸਾਮਰਾਜੀਏ ਅਤੇ ਸਮਾਜਿਕ ਸਾਮਰਾਜੀਏ, ਬਰਤਾਨਵੀ ਬਸਤੀਵਾਦੀਆਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨੂੰ ਵੱਡੇ ਪੈਮਾਨੇ ਤੇ ਵਰਤ ਰਹੇ ਹਨ। ਲੋਕਾਂ ਨੂੰ ਧਰਮ ਦੇ ਅਧਾਰ ਤੇ ਪਾੜ ਕੇ ਫਿਰਕੂ ਹਿੰਸਾ ਜਥੇਬੰਦ ਕਰਨਾ ਅਤੇ ਫਿਰ ਪੁਲਸ, ਫੌਜ ਅਤੇ ਗੁੰਡਿਆਂ ਕੋਲੋਂ ਲੋਕਾਂ ਤੇ ਫਾਸ਼ੀ ਤਸ਼ੱਦਦ ਕਰਵਾਉਣਾ ਤਾਂ ਹਿੰਦੁਸਤਾਨੀ ਹਕੂਮਤ ਦੀ ਪੱਕੀ ਨੀਤੀ ਬਣ ਚੁੱਕੀ ਹੈ। ਇਹ ਸਭ ਕੁਝ ਤਾਂ ਹੋ ਰਿਹਾ ਹੈ ਕਿ ਉਂਕਿ ਅੱਜ ਵੀ "ਰਾਜ ਮਸ਼ੀਨਰੀ ਲੁਟੇਰੀਆਂ ਜਮਾਤਾਂ ਦੇ ਹੱਥ ਵਿਚ ਹੈ।"

ਪੰਜਾਬੀ ਮਾਰਕਿਟ ਵਿਚ ਦੋ ਚੱਕਰ ਪੂਰੇ ਕਰਕੇ ਮੁਜ਼ਾਹਰਾਕਾਰੀ 50 ਐਵੇਨਿਊ ਅਤੇ ਮੇਨ ਸਟਰੀਟ ਦੇ ਖੂੰਜੇ ਤੇ ਪੀਪਲਜ਼ ਫਰੰਟ ਦੇ ਬੁਲਾਰੇ ਸਾਥੀ ਚਾਰਲਸ ਬੁਆਲਿਨ ਅਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਜਨਰਲ ਸਕੱਤਰ, ਸਾਥੀ ਹਰਭਜਨ ਚੀਮਾ, ਨੂੰ ਸੁਣਨ ਲਈ ਇਕੱਠੇ ਹੋਏ। ਇਨ੍ਹਾਂ ਬੁਲਾਰਿਆਂ ਨੇ ਹਿੰਦੁਸਤਾਨ ਦੀ ਝੂਠੀ ਆਜ਼ਾਦੀ ਅਤੇ ਗਣਤੰਤਰਤਾ ਦੇ ਪਰਦੇ ਫਾਸ਼ ਕੀਤੇ। ਸਭ ਲੋਕਾਂ ਨੂੰ ਇਕ-ਮੁੱਠ ਹੋ ਕੇ ਘੋਲ ਕਰਨ ਲਈ ਅਪੀਲ ਕੀਤੀ ਅਤੇ ਕਿਹਾ ਕਿ ਉਹ "ਸਾਂਝੇ ਲੋਕ ਮੋਰਚੇ" ਵਿਚ ਸ਼ਾਮਲ ਹੋਣ ਤਾਂ ਕਿ ਲੋਕ-ਘੋਲਾਂ ਰਾਹੀਂ ਅਸਲੀ ਆਜ਼ਾਦੀ ਹਾਸਲ ਕੀਤੀ ਜਾਵੇ। ਲੋਕ-ਜਮਹੂਰੀ ਹਿੰਦੁਸਤਾਨ ਦੀ ਸਥਾਪਨਾ ਕੀਤੀ ਜਾਵੇ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਖਾਤਮਾ ਕੀਤਾ ਜਾਵੇ, ਬਦੇਸ਼ੀ ਸਾਮਰਾਜੀਆਂ ਦੀ ਸਾਰੀ ਜਾਇਦਾਦ ਜ਼ਬਤ ਕੀਤੀ ਜਾਵੇ, ਲੋਕਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਅਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਕੀਤੀ ਜਾਵੇ। 1947 ਵਿਚ ਹਿੰਦੁਸਤਾਨੀ ਸਰਮਾਏਦਾਰਾਂ ਅਤੇ ਬਰਤਾਨਵੀ ਬਸਤੀਵਾਦੀਆਂ ਵਿਚਕਾਰ ਹੋਏ ਸਮਝੌਤੇ ਨੂੰ ਕਦੀ ਵੀ ਆਜ਼ਾਦੀ ਦਾ ਨਾਂ ਨਹੀਂ ਦਿਤਾ ਜਾ ਸਕਦਾ। ਇਹ ਉਹ "ਆਜ਼ਾਦੀ" ਨਹੀਂ, ਜਿਸ ਲਈ ਸਾਡੇ ਲੋਕਾਂ ਦੇ ਲੱਖਾਂ ਹੀ ਸਿਰ ਕੱਢ ਧੀਆਂ ਅਤੇ ਪੁੱਤਰਾਂ ਨੇ ਆਪਣਾ ਖੂਨ ਡੋਲ੍ਹਿਆ ਹੈ। ਸ਼ਹੀਦ ਭਗਤ ਸਿੰਘ ਹੋਰਾਂ ਕਾਂਗਰਸ ਪਾਰਟੀ ਬਾਰੇ ਲਿਖਦਿਆਂ 1931 ਵਿਚ ਹੀ ਕਿਹਾ ਸੀ ਕਿ "ਕਾਂਗਰਸ ਅਤੇ ਸਾਡੇ ਦਲ ਦੇ ਮੰਤਵ ਵਿਚ ਸਭ ਤੋਂ ਵੱਡਾ ਫਰਕ ਇਹ ਹੈ ਕਿ ਕਾਂਗਰਸ ਰਾਜਸੀ ਤਬਦੀਲੀ ਰਾਹੀਂ ਅੰਗਰੇਜ਼ਾਂ ਦੇ ਹੱਥੋਂ ਰਾਜ ਪ੍ਰਬੰਧ ਲੈ ਕੇ ਸਰਮਾਏਦਾਰਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਪਰ ਸਾਡਾ ਨਿਸ਼ਾਨਾ ਇਹ ਹੈ ਕਿ ਸਰਕਾਰ ਉਨ੍ਹਾਂ ਲੋਕਾਂ ਦੇ ਹੱਥ ਆਵੇ ਜਿਹੜੇ ਸਮਾਜਵਾਦ ਅਤੇ ਕਮਿਊਨਿਜ਼ਮ ਵਿਚ ਵਿਸ਼ਵਾਸ਼ ਰੱਖਦੇ ਹਨ।" ਇਸ ਨਿਸ਼ਾਨੇ ਤੱਕ ਅਪੜਨ ਲਈ "ਸਾਡਾ ਮੁੱਖ ਮਕਸਦ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਹੋਣਾ ਚਾਹੀਦਾ ਹੈ।"

1947 ਵਿਚ ਕਾਂਗਰਸੀ ਪਾਰਟੀ ਨੇ ਉਹੀ ਕੀਤਾ ਜੋ ਇਸ ਬਾਰੇ ਸ਼ਹੀਦ ਭਗਤ ਸਿੰਘ ਹੁਰਾਂ 1931 ਵਿਚ ਲਿਖਿਆ ਸੀ। ਰਾਜ ਸੱਤਾ ਹਿੰਦੁਸਤਾਨੀ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੇ ਹੱਥ ਵਿਚ ਆ ਗਈ। ਸ਼ਹੀਦ ਭਗਤ ਸਿੰਘ ਹੁਰਾਂ ਦੇ ਨਿਸ਼ਾਨਿਆਂ ਦੀ ਪੂਰਤੀ ਲਈ ਸਾਨੂੰ ਇਕ ਹੋ ਕੇ ਹਿੰਸਕ ਇਨਕਲਾਬ ਰਾਹੀਂ ਇਸ ਲੁਟੇਰੇ ਰਾਜ ਪ੍ਰਬੰਧ ਦਾ ਖਾਤਮਾ ਕਰਕੇ, ਇਕ ਸਮਾਜਵਾਦੀ ਸਮਾਜ ਦੀ ਸਥਾਪਨਾ ਕਰਨੀ ਚਾਹੀਦੀ ਹੈ।

ਬੁਲਾਰਿਆਂ ਦੀਆਂ ਤਕਰੀਰਾਂ ਸੁਣਨ ਤੋਂ ਬਾਅਦ ਮੁਜ਼ਾਹਰਾਕਾਰੀਆਂ ਦਾ ਕਾਫਲਾ ਨਾਹਰੇ ਮਾਰਦਾ ਦੇਸ਼ ਭਗਤ ਟੈਂਪਲ ਵਾਪਸ ਆ ਗਿਆ, ਜਿਥੇ ਇਕ ਬਹੁਤ ਹੀ ਮਹੱਤਵਪੂਰਣ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸਾਥੀ ਹਰਦਿਆਲ ਬੈਂਸ ਹੁਰਾਂ ਦੀ ਨਵੀਂ ਕਿਰਤ 'ਸ਼ਹੀਦਾਂ ਦਾ ਸੰਦੇਸ਼' ਰੀਲੀਜ਼ ਕੀਤੀ ਗਈ। ਇਸ ਕਿਤਾਬ ਵਿਚ ਹਿੰਦੁਸਤਾਨ ਦੇ ਸੰਕਟ ਅਤੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਮਾਰਕਸਵਾਦੀ - ਲੈਨਿਨਵਾਦੀ ਨਜ਼ਰੀਏ ਤੋਂ ਵਿਗਿਆਨਕ ਨਿਰਣਾ ਕੀਤਾ ਗਿਆ ਹੈ। ਮੀਟਿੰਗ ਵਿਚ ਹਿੱਸਾ ਲੈ ਰਹੇ ਵਿਅਕਤੀਆਂ ਨੇ ਇਸ ਕਿਤਾਬ ਦੇ ਛਪਣ ਦਾ ਸੁਆਗਤ ਖੜੇ ਹੋ ਕੇ ਤਾੜੀਆਂ ਲਾ ਕੇ ਕੀਤਾ। ਹਾਲ ਵਿਚ ਗੂੰਜ ਰਹੇ ਇਨਕਲਾਬੀ ਨਾਹਰੇ ਮੀਟਿੰਗ ਦੇ ਖਾੜਕੂ ਮਹੌਲ ਨੂੰ ਹੋਰ ਵੀ ਜੋਸ਼ੀਲਾ ਬਣਾ ਰਹੇ ਸਨ। ਮੀਟਿੰਗ ਵਿਚ ਇਨਕਲਾਬੀ ਗੀਤ ਵੀ ਗਾਏ ਗਏ। ਇਕ ਛੋਟੀ ਜਿਹੀ ਬੱਚੀ ਨੇ ਇਨਕਲਾਬੀ ਗੀਤ ਗਾ ਕੇ ਸੁਣਨ ਵਾਲਿਆਂ ਵਿਚ ਹੋਰ ਵੀ ਜੋਸ਼ ਭਰ ਦਿਤਾ ਗੀਤ ਦੇ ਬੋਲ ਸਨ :

ਅਸੀਂ ਹਿੰਦ ਦੇ ਜਵਾਨ ਯੋਧੇ ਕਿਰਤੀ ਕਿਸਾਨ
ਦਈਏ ਜਬਰ ਜੰਜ਼ੀਰਾਂ ਤਾਈਂ ਤੋੜ।
ਬਣਕੇ ਭਗਤ ਸਿੰਘ ਰੱਸੇ ਚੁੰਮੇ ਫਾਂਸੀਆਂ ਦੇ
ਅਸੀਂ ਤਾਂ ਸਰਾਭੇ ਦੇ ਭਰਾ ਹਾਂ।
ਹੱਕਾਂ ਦੀਆਂ ਜੰਗਾਂ ਵਿੱਚ ਡੁੱਲ੍ਹਦਾ ਏ ਖੂਨ ਸਾਡਾ
ਵੈਰੀ ਲਈ ਖੂਨੀ ਦਰਿਆ ਹਾਂ।
ਹੋਵੇ ਕੋਈ ਡਾਇਰ, ਚਾਹੇ ਕੋਈ ਖੱਬੀ ਖਾਨ
ਝੱਟ ਦੇਈਏ ਅਸੀਂ ਪੈਰਾਂ ਵਿੱਚ ਰੋਲ .....

.....

ਮੀਟਿੰਗ ਦੇ ਮੁੱਖ ਬੁਲਾਰੇ, ਸਾਥੀ ਹਰਦਿਆਲ ਬੈਂਸ ਹੁਰਾਂ ਆਪਣੀ ਤਕਰੀਰ ਵਿੱਚ ਕਿਹਾ ਕਿ ਅੱਜ ਹਿੰਦੁਸਤਾਨੀ ਹਕੂਮਤ ਫਿਰਕੂ ਹਿੰਸਾ ਦੀ ਨੀਤੀ ਨੂੰ ਵੱਡੇ ਪੱਧਰ ਤੇ ਵਰਤ ਰਹੀ ਹੈ, ਅਤੇ ਲੋਕਾਂ ਦੇ ਖੂਨ ਨਾਲ ਹੋਲੀ ਖੇਡ ਰਹੀ ਹੈ। ਪਰ ਫਿਰ ਵੀ ਹਕੂਮਤ ਅਤੇ ਇਸ ਦੇ ਬਿਦੇਸ਼ੀ ਸਲਾਹਕਾਰ, ਅਮਰੀਕੀ ਅਤੇ ਰੂਸੀ ਸਾਮਰਾਜੀਏ ਅਤੇ ਸਮਾਜਿਕ-ਸਾਮਰਾਜੀਏ, ਇਹ ਹਿਟਲਰੀ ਝੂਠ ਬੋਲ ਰਹੇ ਹਨ ਕਿ ਸਾਡੇ ਲੋਕ ਫਿਰਕੂ ਹਨ। ਪਰ ਹਿੰਦੁਸਤਾਨ ਦਾ ਇਤਿਹਾਸ ਦੱਸਦਾ ਹੈ ਕਿ ਫਿਰਕਾ ਪ੍ਰਸਤ

ਸੱਚ ਕੀ ਹੈ।

ਰਾਜਨ, ਅੱਜ ਹੀ ਬੰਬਈ ਤੋਂ ਵਾਪਸ ਆ ਰਿਹਾ ਸੀ ਕਿਉਂਕਿ ਉਸਦੇ ਅਰਮਾਨ, ਖੁਸ਼ੀਆਂ, ਉਸ ਦੀ ਮੰਜ਼ਿਲ, ਉਸਨੂੰ ਮਿਲ ਗਈ ਸੀ, ਜਦੋਂ ਰਾਜਨ ਆਪਣੇ ਘਰ ਪਹੁੰਚਿਆ ਤਾਂ ਸਭ ਤੋਂ ਪਹਿਲਾਂ ਆਪਣੀ ਮਾਂ ਕੋਲ ਆਪਣੇ ਵਿਆਹ ਦੀ ਖੁਸ਼ਖਬਰੀ ਸੁਣਾਈ। ਐੱਜ ਰਾਜਨ ਆਪਣੀ ਜੀਵਨ ਸਾਥਣ ਨੂੰ ਪਸੰਦ ਕਰਕੇ ਆਇਆ ਸੀ। ਉਸਦੀ ਮਾਂ ਬਹੁਤ ਹੀ ਖੁਸ਼ ਸੀ। ਉਸਦੀ ਮਾਂ ਇਕ ਦੇਵੀ ਸੀ; ਉਸ ਨੇ ਕਦੀ ਵੀ ਕਿਸੇ ਬੱਚੇ ਦਾ ਵਿਰੋਧ ਨਹੀਂ ਸੀ ਕੀਤਾ। ਪਰ ਰਾਜਨ ਦਾ ਪਿਉ, ਉਸ ਵਿਆਹ ਦੇ ਬਿਲਕੁਲ ਉਲਟ ਸੀ। ਫਿਰ ਵੀ ਲੜਾਈ, ਝਗੜੇ ਤੋਂ ਬਾਅਦ ਰਾਜਨ ਦਾ ਵਿਆਹ ਹੋ ਗਿਆ।

ਵਿਆਹ ਤੋਂ ਦੋ - ਤਿੰਨ ਸਾਲਾਂ ਬਾਅਦ ਰਾਜਨ ਅਮਰੀਕਾ ਪਹੁੰਚ ਗਿਆ। ਰਾਜਨ ਦੀਆਂ ਦੋ ਭੈਣਾਂ ਸਨ। ਜਿਹੜੀਆਂ ਕਿ ਭਾਰਤ ਵਿੱਚ ਪੜਦੀਆਂ ਸਨ। ਇੱਕ ਦਾ ਵਿਆਹ ਉਧਰ ਹੀ ਕਿਸੇ ਚੰਗੇ ਘੁਰਾਣੇ ਵਿੱਚ ਕਰ ਦਿੱਤਾ। ਰਾਜਨ ਦੇ ਘਰਵਾਲੀ ਵੀ ਹੁਣ ਅਮਰੀਕਾ ਪਹੁੰਚ ਚੁੱਕੀ ਸੀ। ਉਹ ਸ਼ੁਰੂ ਤੋਂ ਤੋਂ ਖੁੱਲੇ ਤੇ ਦਿਮਾਗੀ ਸੈਤਾਨ ਦੀ ਟੂਟੀ ਸੀ। ਉਸਦੇ ਪਹੁੰਚਣ ਤੋਂ ਤਿੰਨ ਸਾਲਾਂ ਬਾਅਦ ਰਾਜਨ ਦਾ ਪਿਉ ਤੇ ਉਸਦੀ ਛੋਟੀ ਭੈਣ ਵੀ ਅਮਰੀਕਾ ਪਹੁੰਚ ਚੁੱਕੇ ਸਨ। ਸਭ ਤੋਂ ਪਹਿਲਾਂ ਰਾਣੀ ਨੇ ਇੱਥੇ ਆ ਕੇ ਮਹਿਸੂਸ ਕੀਤਾ ਅਤੇ ਦੇਖਿਆ ਕਿ ਇੱਥੇ ਸੱਭ ਲੋਕ ਆ ਕੇ ਪੈਸੇ ਦੇ ਲਾਲਚ ਵਿਚ ਖੁੱਭਕੇ, ਅਤੇ ਆਪਣੇ ਮਾਂ - ਬਾਪ ਤੇ ਭੈਣਾਂ ਦੇ ਰਿਸ਼ਤਿਆਂ ਨੂੰ ਭੁਲਾ ਦਿੰਦੇ ਹਨ। ਇਹੀ ਹਾਲ ਹੁਣ ਰਾਜਨ ਦਾ ਸੀ, ਉਹ ਵੀ ਆਪਣੀ ਭੈਣ ਨੂੰ ਦੇਖਣਾ ਵੀ ਨਹੀਂ ਚਾਹੁੰਦਾ ਸੀ। ਸਿਰਫ ਰਾਜਨ ਇਹੀ ਹੀ ਸੋਚਦਾ ਸੀ ਕਿ ਮੇਰਾ ਆਪਣਾ ਪਰੀਵਾਰ ਹੀ ਹੋਵੇ। ਰਾਣੀ ਨੇ ਘੁੱਟ 2 ਕੇ ਰਹਿਣਾ ਸ਼ੁਰੂ ਕਰ ਦਿੱਤਾ। ਉਹ ਕਦੇ ਵੀ ਹੱਸਦੀ ਨਹੀਂ ਸੀ ਨਾਂ ਹੀ ਉਹ ਆਪਣਾ ਦੁੱਖ ਕਿਸੇ ਨੂੰ ਦੱਸਦੀ ਸੀ। ਉਸਦਾ ਦੁੱਖ ਸੁਣਨ ਵਾਲਾ ਹੈ ਵੀ ਕੌਣ ਸੀ, ਪਿਤਾ ਉਸਦਾ ਆਪਣੇ ਬੇਟੇ ਵੱਲ ਸੀ। ਉਹ ਇਕੱਲੀ ਹੀ ਦੁਨੀਆਂ ਵਿਚ ਰਹਿ ਗਈ ਸੀ। ਹਰ ਰੋਜ਼ ਉਸਦੀ ਭਾਬੀ ਉਸਨੂੰ ਤਾਹਨੇ, ਮੇਹਣੇ,ਲੜਾਈ ਝਗੜੇ ਕਰਦੀ, ਪਰ ਰਾਣੀ ਦੇ ਭਰਾ ਕੋਲ ਭਾਫ਼ ਵੀ ਨਹੀਂ ਕੱਢਦੀ ਸੀ। ਹਰ ਰੋਜ਼ ਇਸ ਤਰ੍ਹਾਂ ਦਿਨ ਬੀਤਦੇ ਗਏ।

ਜੇ ਦੇਖਿਆ ਜਾਵੇ ਤਾਂ ਔਰਤ ਹੀ ਇੱਕ ਘਰ ਦਾ ਸ਼ਿੰਗਾਰ ਹੁੰਦੀ ਹੈ; ਜੇ ਸ਼ਿੰਗਾਰ ਬਣਕੇ ਰਹਿਣਾ ਚਾਹੁੰਦੀ ਹੈ ਤਾਂ ਦੂਸਰੀ ਔਰਤ ਨੂੰ ਇਹ ਹੱਕ ਨਹੀਂ ਹੈ ਕਿ ਉਹ ਵੀ ਕਿਸੇ ਇੱਕ ਘਰ ਦਾ ਸ਼ਿੰਗਾਰ ਬਣਕੇ ਰਹਿ ਸਕਦੀ ਹੈ। ਰਾਣੀ ਦਾ ਵੀ ਇਹੀ ਹਾਲ ਸੀ, ਕਿ ਉਹ ਹਮੇਸ਼ਾਂ ਆਪਣੇ ਭਰਾ ਤੇ ਭਰਜਾਈ ਦੀ ਧੌਂਸ ਥੱਲੇ ਰਹਿੰਦੀ ਸੀ ਕਿਉਂਕਿ ਉਸਦੇਭਰਾ ਨੇ ਉਸਨੂੰ ਅਮਰੀਕਾ ਸੱਦਿਆ ਸੀ। ਇੱਕ "ਪੈਸਾ" ਤੇ ਦੂਸਰੀ "ਔਰਤ" ਨੂੰ ਮਿਲਾਕੇ ਦੇਖਿਆ ਜਾਵੇ ਤਾਂ ਦੁਨੀਆਂ ਵਿਚ ਕੁਝ ਵੀ ਬਾਕੀ ਲਹੀਂ ਰਿਹਾ। ਰਾਣੀ ਦੀ ਭਾਬੀ ਦੀ ਵੀ ਇਹੀ ਕੋਸ਼ਿਸ਼ ਹੁੰਦੀ ਸੀ ਕਿ ਭਰਾ ਤੇ ਭੈਣ ਆਪਸ ਵਿਚ ਨਾਂ ਹੀ ਬੋਲਣ ਨਾਂ ਹੀ ਹੱਸਣ, ਨਾਂ ਹੀ ਕੋਈ ਗੱਲ ਕਰਨ। ਇੱਕ ਦਿਨ ਇਹ ਵੀ ਆ ਗਿਆ ਕਿ ਰਾਣੀ ਵੀ ਆਪਣੇ ਭਰਾ ਨੂੰ ਪੂਰੀ ਤਰ੍ਹਾਂ ਨਫ਼ਰਤ ਕਰਨ ਲੱਗ ਪਈ। ਹਰ ਇਕ ਚੀਜ਼ ਦੀ ਹੱਦ ਹੁੰਦੀ ਹੈ ਜਿਥੋਂ ਤੱਕ ਇਨਸਾਨ ਪਹੁੰਚੇ ਸਕੇ। ਰਾਣੀ ਹਮੇਸ਼ਾਂ ਆਪਣੇ ਭਰਾ ਸੋਚਦੀ ਸੀ ਕਿ "ਇਹ ਉਹੀ ਭਰਾ ਹੈ ਜਿਹੜਾ ਮੈਨੂੰ ਹਮੇਸ਼ਾ ਹਸਾਉਂਦਾ ਸੀ, ਉਸ ਨਾਲ ਦੁੱਖ ਵੰਡਾਉਂਦਾ ਸੀ, ਅੱਜ ਉਹੀ ਆਦਮੀ ਇਕ ਸੈਤਾਨ ਦੀ ਟੂਟੀ ਬਣਕੇ ਰਹਿ ਗਿਆ ਸੀ ਕਿਉਂਕਿ ਉਸ ਦੀ ਘਰਵਾਲੀ ਹੀ ਅੱਜ ਸਾਰਾ ਕੁਝ ਉਸ ਵਾਸਤੇ ਸੀ। ਉਹੀ ਉਸਦੀ 'ਮਾਂ' ਸੀ, ਉਹ 'ਭੈਣ' ਤੇ ਉਹੀ ਉਸਦੇ ਘਰਵਾਲੀ ਸੀ। ਰਾਣੀ ਨੇ ਪੜਾਈ ਖਤਮ ਕਰਨ ਤੋਂ ਬਾਅਦ ਛੋਟੀ ਜਿਹੀ ਨੌਕਰੀ ਲੱਭ ਲਈ ਸੀ ਤੇ ਆਪਣੀ ਨਵੀਂ ਦੁਨੀਆਂ ਵਸਾ ਲਈ ਸੀ। ਉਹ ਹੁਣ ਸਦਾ ਲਈ ਭਰਾ ਤੇ ਭਰਜਾਈ ਦੇ ਜਾਲ ਵਿੱਚੋਂ ਨਿੱਕਲ ਚੁੱਕੀ ਸੀ।

ਸੱਚ ਕੀ ਹੈ! ਕਿ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਲੋਕੀ, ਯੂਰਪੀਨ ਦੇਸ਼ਾਂ ਵਿਚ ਆਕੇ ਆਪਣੇ ਰਿਸ਼ਤੇ ਨੂੰ ਭੁੱਲ ਜਾਂਦੇ ਹਨ, ਜਾਂ ਰਿਸ਼ਤੇ ਜਾਣ - ਬੁੱਝ ਕੇ ਤੋੜ ਲਏ ਜਾਂਦੇ ਹਨ। ਕਿ ਆਦਮੀ ਇੱਥੋਂ ਤੱਕ ਗਿਰ ਜਾਂਦਾ ਹੈ ਕਿ ਉਹ ਆਪਣੇ ਭੈਣ ਦੇ ਰਿਸ਼ਤੇ ਨੂੰ ਭੁੱਲ ਕੇ ਬਾਹ - ਯਾਹੂਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ ਜਾਂ ਫਿਰ ਆਦਮੀ, ਆਦਮੀ ਹੀ ਨਹੀਂ, ਜਿਸਨੇ ਆਪਣੇ ਮਾਂ ਦੇ ਪੇਟੋਂ ਜਨਮ

(ਬਾਕੀ ਪੰਨਾ 15 ਤੇ)

"ਪਤਨੀ ਨੂੰ ਖੁਸ਼ ਰੱਖੋ, ਸਿਰਫ ਦੋ ਤਰੀਕੇ"

ਰਾਜਦੀਪ ਕੰਦੋਲਾ

ਪਹਿਲਾ ਤਰੀਕਾ ਹੈ ਕਿ:

(1) ਪਤਨੀ ਨਾਲ ਕੀਤੇ ਹਰ ਵਾਇਦੇ ਨੂੰ ਪੂਰਾ ਪੂਰਾ ਨਿਭਾਉ।

ਪਤਨੀ ਉਸ ਵਕਤ ਹੀ ਚਿੜਦੀ ਹੈ ਜਾਂ ਗੁੱਸੇ ਵਿਚ ਆਉਂਦੀ ਹੈ ਜਿਸ ਵਕਤ ਉਸਦਾ ਪਤੀ, ਉਸ ਨਾਲ ਕੀਤੇ ਹੋਏ ਵਾਇਦੇ ਨੂੰ ਪੂਰਾ ਨਹੀਂ ਨਿਭਾਉਂਦਾ। ਬਹੁਤ ਸਾਰੇ ਘਰਾਂ ਵਿਚ ਝਗੜਿਆਂ ਦੀ ਜੜ੍ਹ ਸਿਰਫ ਵਾਇਦੇ ਹਨ। ਜਿਸ ਤਰ੍ਹਾਂ ਕਿ:—

"ਜਦੋਂ ਹੀ ਮੈਨੂੰ ਕੰਮ ਮਿਲ ਗਿਆ, ਮੈਂ ਤੈਨੂੰ ਸਿਲਕ ਦੀ ਸਾੜੀ ਲੈ ਕੇ ਦੇਵਾਂਗਾ। ਲੇਕਿਨ, ਕੰਮ ਵੀ ਮਿਲ ਗਿਆ ਅਤੇ ਪਤੀ ਸਾਹਿਬ ਦੀ ਤਨਖਾਹ ਵੀ ਵੱਧ ਗਈ, ਪਰੰਤੂ ਪਤਨੀ ਦੀ ਸਾੜੀ ਅਜੇ ਵੀ ਨਹੀਂ ਆਈ ਕਿਉਂਕਿ :—

ਪਤੀ ਸਾਹਿਬ ਕੋਲ ਹੋਰ ਇਨੀਆ ਚੀਜਾਂ ਨਿਭਾਉਣ ਵਾਲੀਆਂ ਸਨ ਕਿ ਪਤਨੀ ਦਾ ਵਾਇਦਾ ਭੁੱਲ ਕੇ ਰਹਿ ਗਿਆ।

(2) **"ਪਤਨੀ ਨਾਲ ਕਦੀ ਕੋਈ ਭੁੱਲ ਕੇ ਵੀ ਵਾਇਦਾ ਨਾ ਕਰੋ।"**

(2) ਕਈ ਵਾਰੀ ਪਤੀ ਕਹਿੰਦੇ ਹਨ ਕਿ ਤੂੰ ਹਰ ਵਕਤ ਘਰੋਂ ਬਾਹਰ ਜਾਣ ਦੀ ਕੰਮਪਲੇਨ ਕਰਦੀ ਰਹਿੰਦੀ ਆਂ, ਇਸ ਵੀਕਐਂਡ ਤੇ ਆਪਾਂ ਫਿਲਮ ਵੇਖਣ ਚੱਲਾਂਗੇ।ਲੇਕਿਨ:—

ਵੀਕਐਂਡ ਆਉਂਦੀ ਹੈ ਤਦ ਪਤੀ ਸਾਹਿਬ ਦੇ ਦੋਸਤਾਂ ਨੇ ਬੀਅਰ ਪੀਣ ਜਾਣਾ ਹੁੰਦਾ ਹੈ ਤੇ ਪਤੀ ਸਾਹਿਬ ਸੋਚਦੇ ਹਨ ਕਿ

"ਭਾਏ ਦੀ ਧੀ ਚੱਲੀ
ਤਾਂ ਮੈਂ ਕਿਉਂ ਰਹਾਂ ਇਕੱਲੀ।"

ਪਤੀ ਸਾਹਿਬ ਵੀ ਸਭ ਵਾਇਦੇ ਭੁੱਲ ਕੇ ਬੀਅਰ ਪੀਣ ਚਲੇ ਜਾਂਦੇ ਹਨ

ਤੇ ਉੱਧਰ ਘਰ ਵਾਲੀ ਵਿਚਾਰੀ ਕੁੜ-ਕੁੜ ਕੇ ਸੁਕਣਾ ਸ਼ੁਰੂ ਕਰ ਦਿੰਦੀ ਹੈ ਅਤੇ ਘਰ ਵਿੱਚ ਹਰ ਵਕਤ ਮਿਹਣੇ, ਤਾਹਨੇ ਅਤੇ ਲੜਾਈ ਝਗੜੇ ਹੁੰਦੇ ਹਨ।

ਇਸ ਸਾਰੇ ਕੁੱਝ ਤੋਂ ਬਚਣ ਲਈ ਅਤੇ ਵਿਆਹੁਤ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਲਈ, ਇਸ ਦੂਸਰੇ ਨੁਕਤੇ ਦਾ ਇਸਤੇਮਾਲ ਕਰੋ ਜੋ ਕਿ ਬਹੁਤ ਸਾਰੇ ਤਜ਼ਰਬੇਕਾਰਾਂ ਦੇ ਗਿਆਨ ਦਾ ਫ਼ਲ ਹੈ।

ਨਸਲਵਾਦ ਦੀ ਜ਼ਹਿਰ

[ਇਹ ਨਸਲਵਾਦ ਦੀ ਜ਼ਹਿਰ ਨਾਲ ਭਰਿਆ ਇਸ਼ਤਿਹਾਰ ਪਿਛਲੇ ਦਿਨੀਂ ਵੈਨਕੂਵਰ ਦੀਆਂ ਮਿਲਾਂ ਵਿੱਚ ਵੰਡਿਆ ਗਿਆ। ਇਹ ਸਾਨੂੰ ਨਸਲ-ਵਿਰੋਧੀ ਸੰਘਰਸ਼ ਸੰਮਤੀ ਦੇ ਪ੍ਰਧਾਨ ਸ੍ਰੀ ਚਰਨਪਾਲ ਗਿੱਲ ਹੋਰਾਂ ਕੋਲੋਂ ਪ੍ਰਾਪਤ ਹੋਇਆ। ਉਨ੍ਹਾਂ ਅਨੁਸਾਰ ਜਿਹੜੇ ਲੋਕ ਇੱਥੇ ਹਿੰਦੂ-ਸਿੱਖਾਂ ਵਿਚਕਾਰ ਪਾੜਾ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਲੱਗੇ ਹੋਏ ਹਨ, ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਇਸ ਪ੍ਰਚਾਰ ਨਾਲ ਕੁ ਕਲਕੱਸ ਕਲੈਨ ਵਰਗੀਆਂ ਨਸਲਵਾਦੀ ਜਥੇਬੰਦੀਆਂ ਦੇ ਹੌਂਸਲੇ ਹੋਰ ਬੁਲੰਦ ਹੋਣਗੇ। ਹਿੰਦੂ ਅਤੇ ਸਿੱਖਾਂ ਵਿਚਕਾਰ ਪਾੜਾ ਪਾ ਰਹੇ ਮੌਕਾ ਪ੍ਰਸਤ ਅਨਸਰ ਦੀ ਖੁੰਭ ਜ਼ੋਰ ਨਾਲ ਠੱਪੀ ਜਾਣੀ ਜ਼ਰੂਰੀ ਹੈ ਕਿਉਂਕਿ ਇਹ ਲੋਕ ਅਸਲ ਵਿੱਚ ਨਸਲਵਾਦੀਆਂ ਨੂੰ ਸਾਡੀ ਕਮਿਉਨਿਟੀ ਨੂੰ ਬਦਨਾਮ ਕਰਨ ਦਾ ਮੌਕੇ ਮੁਹੱਈਆ ਕਰ ਰਹੇ ਹਨ।]

A. Due to the extremly wet conditions and regional flooding fo the B.C. Game Lands this spring and last winter, breeding populations of current game animals are below the limits for normal hunting seasons. Therefore, the hunting of deer, rabbits, possun, quail, pheasant, bear, goats, and sheep, as well as other tradional big and small game WILL NOT BE PERMITTED in the Province of British Columbia for the entire 1984 season.

B. However, **Premier W. ('Bill') BENNETT has** provided, by special decree, a substitute game animal to be hunted, so that the province will not lose license revenue and hunters will not lose their skills in the woods.

C. Effective as of 1st January 1984 through to 31 December 1984, there will bw an open season on Sand Niggers (ie: Unemployedemus Indius, also known regionally as Ragheads, Camel Jockeys, Carpet Pilots, Pakis, Hindus, Bhupinders and Bubas.)

D. The following regulations will be enforced.

IT SHALL BE ILLEGAL TO:

1.1 Hunt in parties of more than 50 men or use more than 20 dogs.

1.2 Hunt in areas considered to be game preserves; ie: Welfare offices, Canada Immigration Centres, Strawberry fields, Zellers, K-mart, Liquor stores, LShoppers Drug Marts and Gur Sikh Temples.

1.3 Use of automatic weapons, bazoohas, land mines or guided missiles.

TRAPPING REGULATIONS:

2.1 Traps may not be set within 50 feet of a berry field, temples or game preserves. (see 1.2 above)

2.2 Traps may be set within a home provided no more than 5 families maintain residence therein.

2.3 Traps may be not be baited with curry, butter, olive oil, strawberries, Mazola Oil, raspberries, onions or flashy clothes.

GENERAL INFORMATION

3.1 It is unlawful to pick up or possess a road-killed paki.

3.2 It is unlawful to use amplified recordings; this includes bag-pipe music and excerpts from the sound track of "Gandhi".

3.3 Daily limit is 5; leave some for others.

Spotting Pakis involves looking for bright colored clothing; odor of curry, inability of converse in English. K-marts sales etc.

IMPORTANT: If a Negro, Mexican, Jajzzn or other near cousin is mistakenly bagged for an East Indian, there will be no fine levies as long as the catch is reported to Provincial Game control Officer within 24 hours. You may keep the meat but the province gets the hide.

ਅੱਗ ਲਾਉਣ ਵਾਲੇ ਸ਼ੇਅਰ

ਕਵੀ ਪਤੀ — ਮੈਂ ਆਪਣੇ ਸ਼ੇਅਰਾਂ ਨਾਲ ਦੁਨੀਆ ਵਿਚ ਅੱਗ ਲਾ ਸਕਦਾ ਹਾਂ।

ਪਤਨੀ — ਦੋ ਚਾਰ ਸ਼ੇਅਰ ਚੁੱਲ੍ਹੇ 'ਚ ਪਾਓ; ਅੱਗ ਨਹੀਂ ਜਲ ਰਹੀ।

KAVITA JEWLLERS

Specializing in 22K Jewellery.
Custom made Jewellery
We do all kind of repair work.

ਕਵਿਤਾ ਜਿਉਲਰਜ਼

ਨਵੇਂ ਨਵੇਂ ਡਿਜ਼ਾਇਨਾਂ ਵਿੱਚ ਗਹਿਣੇ ਬਣਾਉਣ ਲਈ ਕਵਿਤਾ ਜਿਉਲਰਜ਼ ਤੇ ਆਓ। ਤੁਸੀਂ ਆਪਣਾ ਸੋਨਾ ਲੈ ਕੇ ਆਓ ਜਾਂ ਸਾਥੋਂ ਖਰੀਦੋ ਜਾਂ ਪੁਰਾਣੇ ਗਹਿਣਿਆਂ ਨੂੰ ਤੁੜਵਾ ਕੇ ਨਵੇਂ ਗਹਿਣੇ ਬਣਵਾਓ। ਅਸੀਂ ਸੋਨੇ ਦੀ ਕਾਟ ਬਹੁਤ ਵਾਜਬ ਲਾਵਾਂਗੇ।

ਇੱਕ ਵਾਰੀ ਸਾਨੂੰ ਸੇਵਾ ਦਾ ਮੌਕਾ ਦਿਓ।

Contact:
Sukhvinder (Sunny) Prop.
Bus: 875-0611 Res: 324-4897

4183 Fraser St., Vancouver, B.C. V5V 4G1

South Side Drugs
6647 Fraser Street
Vancouver, B.C.
321-4188

Vicon Medic Pharmacy
6407 Main Street
Vancouver, B.C.
324-3177

Guaranteed Low Prescription Prices
Prompt Services
FREE delivery for Prescription in Vancouver, Richmond & Burnaby

ਅਸੀਂ ਡਾਕਟਰ ਵੱਲੋਂ ਲਿਖੀ ਹੋਈ ਦਵਾਈ ਦੀ ਘੱਟ ਤੋਂ ਘੱਟ ਕੀਮਤ ਚਾਰਜ ਕਰਦੇ ਹਾਂ ਅਤੇ ਅਸੀਂ ਵੈਨਕੂਵਰ, ਬਰਨਬੀ ਤੇ ਰਿਚਮੰਡ ਵਿੱਚ ਫਰੀ ਡਿਲਵਰੀ ਵੀ ਕਰ ਸਕਦੇ ਹਾਂ। ਸਾਡੀਆਂ ਕੀਮਤਾਂ ਇੱਕ ਵਾਰ ਆ ਕੇ ਅਜ਼ਮਾ ਕੇ ਦੇਖੋ।



ਜਿਹਨਾਂ ਸਿੱਖ ਟੱਬਰਾਂ ਦੇ ਘਰ ਘਾਟ ਫੂਕ ਦਿੱਤੇ ਗਏ, ਬੱਚੇ ਯਤੀਮ ਕਰ ਦਿੱਤੇ ਗਏ, ਔਰਤਾਂ ਵਿਧਵਾ ਬਣਾ ਦਿਤੀਆਂ ਗਈਆਂ, ਸਾਂਝੇ ਲੰਗਰ ਉਹਨਾਂ ਨੂੰ ਫਿਰ ਵੀ ਜੀਊਣ ਦਾ ਸਾਹਸ ਦੇਂਦੇ ਹਨ।

ਕੀ ਪਤਾ ਜ਼ੁਲਮੇ ਤਸ਼ੱਦਦ
ਕੀ ਕੀ ਗੁਲ ਖਿਲਾਏਗਾ ?
ਛਵੀਆਂ ਤਲਵਾਰਾਂ ਦਾ ਮੌਸਮ
ਮਹਿਕਾਂ ਨੂੰ ਖਾ ਜਾਏਗਾ ।
ਮੇਰੇ ਗੀਝਾਂ ਦੇ ਚਮਨ ਤੇ
ਕੀ ਨੇ ਝੱਖੜ ਝੁਲਣੇ?
ਜ਼ਹਿਰ ਭਰਿਆ ਫਿਰਕੂ ਸੰਕਟ
ਕੀ ਪੁਆੜੇ ਪਾਏਗਾ ।
ਕੀ ਸਮਝਿਐ ? ਸੋਚਿਐ ਕੀ ?
ਦੇਸ਼ ਦੇ ਨੇਤਾਵਾਂ ਨੇ ।
ਬਹਿਸਾਂ, ਵਿਦਰੋਹਾਂ ਦਾ ਰਸਤਾ
ਗ਼ਾਰਤਾਂ ਵਲ ਜਾਏਗਾ ।
ਆਸ਼ੀਆਨਾ ਚਮਨ ਦਾ ।
ਧੱਜੀ, ਧੱਜੀ, ਰੰਗੀਨ ਸੁਪਨਾ
ਖਾਕ ਵਿਚ ਮਿਲ ਜਾਏਗਾ ।
ਕਰ ਲੈਂਦੇ ਜੇ ਕੋਈ ਹੀਲਾ
ਇਕ ਟੁਟੀ ਤਾਰ ਦਾ
ਵਰਨਾ ਇਹ ਸੰਗੀਤੀ ਨਗ਼ਮਾ
ਕੀਰਨੇ ਬਣ ਜਾਏਗਾ ।
ਕਦੋਂ ਤਕ ਕੋਈ ਡੱਕ ਸਕਦੈ
ਲੋਕਤਾ ਦੇ ਵੇਗ ਨੂੰ:
ਇਹ ਓਹ ਹੜ ਹੈ ਜੋ
ਭਿਅੰਕਰ ਪਰਲੋਂ ਬਣ ਜਾਏਗਾ ।
ਕਿਉਂ ਲਕੋਇਆ ਜਾ ਰਿਹਾ ਹੈ
ਕੁਫਰ ਨੂੰ ਤੇ ਕੂੜ ਨੂੰ ।
ਨਿਰਦੋਸ਼ਾਂ ਦਾ ਖੂਨ ਇਕ ਦਿਨ
ਆਪਣਾ ਰੰਗ ਲਾਏਗਾ ।
ਨਫਰਤਾਂ, ਘਿਰਣਾਵਾਂ ਵਿਚੋਂ
ਕਿਸ ਅਮਨ ਨੇ ਸਿਰ ਜਣੇ ?
ਡਰ ਤੇ ਦਹਿਸ਼ਤ ਦਾ ਸਲੀਕਾ
ਉਸਰਿਆ ਢਾਅ ਜਾਏਗਾ ।

ਜੀਵਨ ਰਾਮਪੁਰੀ

(ਪੰਨਾ 8 ਦੀ ਬਾਕੀ)

ਲਗਭਗ ਟਿਪ ਵੇਟਰ ਰੱਖਦਾ ਹੈ ।

ਪ੍ਰਸ਼ਨ: ਹੁਣ ਤੁਸੀਂ ਸਟਰਾਈਕ ਤੇ ਹੋ। ਸਟਰਾਈਕ ਤੇ ਹੋਣ ਤੋਂ ਬਾਅਦ ਤੁਹਾਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਲਾਂ ਆਈਆਂ ਹੋਣ ।

ਇਕ: ਉਹ ਕਈ ਬੰਦਿਆ ਨੂੰ ਜਿਵੇਂ ਕਈ ਟੈਕਸੀ ਵਾਲਿਆਂ ਨੂੰ ਮੁਫਤ ਰੋਟੀ ਖਵਾ ਦਿੰਦੇ ਹਨ ਅਤੇ ਉਹ ਟੈਕਸੀਆਂ ਵਾਲੇ ਸਾਨੂੰ ਬਾਹਰ ਪਿਕਟ ਲਾਈਨ ਤੇ ਖੜਿਆਂ ਨੂੰ ਧਮਕੀਆਂ ਦਿੰਦੇ ਹਨ ।

ਦੂਜਾ: ਇਕ ਦਿਨ ਮੈਨੂੰ ਮੈਨੇਜਰ, ਅਤੇ ਮਾਲਕ ਆਕੇ ਐਵੇਂ ਛੇੜਨ ਲੱਗ ਪਏ ਕਿ ਐਦਾਂ ਕਰਾਂਗੇ, ਪੁਲੀਸ ਨੂੰ ਸੱਦਾਂਗੇ, ਤੈਨੂੰ ਅੰਦਰ ਕਰਾ ਦਿਆਂਗੇ ਆਦਿ — ਪਰ ਮੈਂ ਅਗੋਂ ਕੁੱਝ ਨਹੀਂ ਬੋਲਿਆ ਕਿਉਂਕਿ ਸਾਨੂੰ ਯੂਨੀਅਨ ਵਾਲਿਆਂ ਨੇ ਕਿਹਾ ਸੀ ਕਿ ਕੋਈ ਇਸ ਤਰ੍ਹਾਂ ਦੀ ਗੱਲ ਨਾ ਕਰਿਓ। ਫੇਰ ਸਾਨੂੰ ਉਨ੍ਹਾਂ ਦੇ ਬੰਦਿਆਂ ਨੇ ਆਕੇ ਇਹ ਵੀ ਕਿਹਾ ਕਿ ਇਨ੍ਹਾ ਦੇ ਬੰਦੇ ਰੱਖਿਓ, ਇਹ ਤੁਹਾਨੂੰ ਉਨ੍ਹਾਂ ਤੋਂ ਕਟਵਾਉਣਗੇ ।

ਪ੍ਰਸ਼ਨ: ਕੀ ਤੁਸੀਂ ਸਾਨੂੰ ਇਹ ਦੱਸ ਸਕਦੇ ਹੋ ਕਿ ਤਹਾਡੀਆਂ (Specific) ਡਿਮਾਂਡਜ਼ ਕੀ ਹਨ ?

ਇਕ: ਇਕ ਤਾਂ ਇਹ ਆ ਬਈ ਜਿਹੜਾ ਵੇਟਰ ਆ ਉਹਨੂੰ ਉਹਦੀ ਟਿਪ ਮਿਲੇ। ਬਾਕੀ ਜਿਹੜਾ ਕੁੱਕ ਆ ਉਹਨੂੰ ਸੱਤ ਡਾਲਰ ਘੰਟੇ ਦੇ ਮਿਲਨ ਬਾਕੀ ਛੇ ਡਾਲਰ ਜਿਵੇਂ ਡਿਸ਼ਵਾਸ਼ਰ ਹੈ, ਕਿੱਚਨ ਹੈਲਪਰ ਆ, ਡੋਰਮੈਨ ਆ, ਬਾਰ-ਟੈਂਡਰ ਨੂੰ ਮਿਲਨੇ ਚਾਹੀਦੇ ਹਨ ।

ਦੂਜਾ: ਅਸੀਂ ਤਾਂ ਕਹਿੰਦੇ ਆਂ ਕਿ ਵੇਟਰ ਨੂੰ ਤਾਂ ਭਾਵੇਂ ਪੰਜ ਡਾਲਰ ਹੀ ਮਿਲਨ।

ਤੀਜਾ: ਓਵਰਟਾਈਮ ਮਿਲਨਾ ਚਾਹੀਦਾ, ਛੁੱਟੀਆਂ ਦੀ ਤਨਖਾਹ ਮਿਲਨੀ ਚਾਹੀਦੀ ਹੈ । ਸਾਨੂੰ ਹਫਤੇ ਵਿਚ ਦੋ ਛੁੱਟੀਆਂ ਮਿਲਨੀਆ ਚਾਹੀਦੀਆਂ ਹਨ ।

ਦੂਜਾ: ਪਰ ਮਾਲਕ ਤਾ ਸਾਫ ਕਹਿੰਦਾ ਹੈ ਕਿ ਉਹਨੇ 'ਕੁਲੈਕਟਿਵ ਐਗਰੀਮੈਂਟ' ਨਹੀਂ ਸਾਈਨ ਕਰਨਾ ਭਾਵੇਂ ਜੋ ਮਰਜੀ ਕਰ ਲੋ ।

ਪ੍ਰਸ਼ਨ: ਕੀ ਤੁਹਾਨੂੰ ਆਪਣੀ ਕਮਿਊਨਿਟੀ ਵੱਲੋਂ ਕਿਸੇ ਤਰ੍ਹਾਂ ਦੀ ਸਪੋਰਟ ਮਿਲੀ ਹੈ ।

ਇਕ: ਅਜੇ ਤੱਕ ਤਾਂ ਕੋਈ ਮਿਲੀ ਨਹੀਂ ।

ਦੂਜਾ: ਸ਼ਾਇਦ ਇਹ ਵੀ ਹੋ ਸਕਦਾ ਹੈ ਕਿ ਕਮਿਊਨਿਟੀ ਦੇ ਲੋਕਾਂ ਨੂੰ ਇਸ ਗੱਲ ਦਾ ਪਤਾ ਈ ਨਾਂ ਹੋਵੇ ।

ਪ੍ਰਸ਼ਨ: ਤੁਸੀਂ ਆਪਣੀ ਕਮਿਊਨਿਟੀ ਨੂੰ ਇਸ ਬਾਰੇ ਕੀ ਕਹਿਣਾ ਚਾਹੋਗੇ ।

ਇਕ: ਸਾਨੂੰ ਲੋਕਾਂ ਦਾ ਸਾਥ ਚਾਹੀਦਾ ਹੈ ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ _____
ਪੁਰਾਣਾ ਪਤਾ _____
_____
_____
_____
ਨਵਾਂ ਪਤਾ ਸਟਰੀਟ/ਐਵੇਨਿਊ _____
ਟਾਊਨ _____
ਸਟੇਟ _____
ਪੋਸਟਲ ਕੋਡ _____
ਫੋਨ ਨੰਬਰ _____

WHEATON PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ਰੀਦਦੇ ਹਾਂ — ਇਕ ਵਾਰ ਦਰਸ਼ਨ ਜਰੂਰ ਦਿਓ।


Kuldip Jhand

ਕੁਲਦੀਪ ਸਿੰਘ ਝੰਡ
ਨੂੰ ਫੋਨ ਕਰੋ ਜਾਂ ਮਿਲੋ
Bus. 526-2781

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਅਦਿ ਹਨ-ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ਼ਰੀਦਣ ਜਾਂ ਵੇਚਣ ਤੋਂ ਪਹਿਲਾਂ ਇੱਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

Res. 524-4137 Pager 687-7711 #7610
325 - 12th St., New Westminster, B.C.

SUPER BUYS

ਮਿੰਨੀ ਕਹਾਣੀ:

ਕੰਜਰ-ਘਾਟ

ਦੇਵਿੰਦਰ ਸਿੰਘ, ਐਬਟਸਫੋਰਡ

ਹੁਣ ਜਦ ਵੀ ਉਹ ਮਿਲਦਾ, ਉਸ ਨਾਲ ਉਹੀ ਕੈਨੇਡੀਅਨ ਗੋਰੀ ਹੁੰਦੀ।

ਕੈਨੇਡਾ ਵਿਚ ਇਹ ਗੱਲ ਕੋਈ ਅਲੋਕਾਰ ਨਹੀਂ ਸੀ। ਪਰ ਲੋਕਾਂ ਨੂੰ ਹੈਰਾਨੀ ਇਸ ਗੱਲ ਦੀ ਸੀ ਜਦ ਵੀ ਉਹ ਸ਼ਹਿਰ ਆਉਂਦਾ - ਉਸ ਨਾਲ ਉਸਦੀ ਆਪਣੀ ਪਤਨੀ ਜਾਂ ਬੱਚੇ ਨਾ ਹੁੰਦੇ। ਸ਼ਹਿਰ ਵਿਚ ਜਦ ਵੀ ਉਹ ਕਿਸੇ ਨੂੰ ਮਿਲਦਾ ਤਾਂ ਉਸ ਨਾਲ ਉਹ ਕੈਨੇਡੀਅਨ ਗੋਰੀ ਹੁੰਦੀ। ਜਿਨ੍ਹਾਂ ਘਰਾਂ ਵਿਚ ਉਸਦਾ ਆਉਣ ਜਾਣ ਸੀ ਪਹਿਲਾਂ ਤਾਂ ਉਹ ਇਹ ਹੀ ਸਮਝਦੇ ਰਹੇ ਕਿ ਉਸ ਨਾਲ ਕੰਮ ਕਰਦੀ ਹੋਵੇਗੀ ਜਾਂ ਉਸਦੇ ਦਫ਼ਤਰ ਦੇ ਕਿਸੇ ਅਫ਼ਸਰ ਦੀ ਪਤਨੀ ਹੋਵੇਗੀ। ਉਸਦੇ ਨਜ਼ਦੀਕੀ ਘਰਾਂ ਵਿਚ ਜ਼ਨਾਨੀਆਂ ਪਹਿਲਾਂ ਤਾਂ ਗੱਲ ਨੂੰ ਆਈ ਗਈ ਕਰਦੀਆਂ ਗਈਆਂ ਪਰ ਫਿਰ ਉਸ ਵਲੋਂ ਉਨ੍ਹਾਂ ਘਰਾਂ ਵਿਚ ਹਰ ਵੀਕ-ਇੰਡ ਤੇ ਆਉਣਾ ਲੋਕਾਂ ਦੀ ਚਰਚਾ ਦਾ ਵਿਸ਼ਾ ਬਣ ਗਿਆ ਘਰਾਂ ਦੀਆਂ ਜ਼ਨਾਨੀਆਂ ਉਸਦੇ ਆਉਣ 'ਤੇ ਮੱਥੇ ਵੱਟ ਪਾਉਣ ਲੱਗੀਆਂ। ਆਪਣੇ ਮਰਦਾਂ ਨੂੰ ਉਸਦੇ ਕੰਜਰਪੁਣੇ ਕਾਰਨ ਲਾਹਣਤਾਂ ਪਾਉਣ ਲੱਗੀਆਂ।

'ਇਸ ਬੇਸ਼ਰਮ ਆਦਮੀ ਤੋਂ ਛੁਟਕਾਰਾ ਕਿਉਂ ਨਹੀਂ ਪਾਉਂਦੇ ?' ਇਕ ਘਰ ਵਿਚ ਜ਼ਨਾਨੀ ਆਪਣੇ ਮਰਦ ਨੂੰ ਝਾੜ ਪਾਉਂਦੀ।

'ਇਹ ਆਪਣੇ ਘਰ ਵੀ ਇਹੀ 'ਕੰਜਰ-ਖਾਨਾ' ਕਰਦਾ ਹੋਵੇਗਾ।' ਦੂਜੀ ਆਪਣੇ ਮਰਦ ਨੂੰ ਵੰਗਾਰਦੀ।

'ਜਦ ਵੀ ਆਉਂਦਾ ਹੈ ਪਹਿਲਾਂ ਪੁਛਦਾ ਹੈ - ਸਮੋਸੇ ਬਣਾਏ ਨੇ, ਬਰਫ਼ੀ ਬਣਾਈ ਹੈ, ਰਸ-ਗੁੱਲੇ ਤਿਆਰ ਨੇ - ਇਹ ਸਮਝਦਾ ਕੀ ਹੈ ? ਇਹ ਮਾਂ ਨੂੰ ਕਿਸੇ ਹਲਵਾਈ ਦੀ ਦੁਕਾਨ ਤੇ ਕਿਉਂ ਨਹੀਂ ਲੈ ਜਾਂਦਾ !' ਤੀਜੀ ਆਪਣੇ ਮਰਦ ਨਾਲ ਆਢਾ ਲਾ ਬਹਿੰਦੀ।

'ਧੰਨ ਹੈ ਉਹ ਜ਼ਨਾਨੀ ਜਿਹੜੀ ਇਸ ਕੰਜਰ ਨਾਲ ਕੱਟੀ ਜਾਂਦੀ ਹੈ - ਬਰਾਬਰ ਦੇ ਜੁਆਕ ਨੇ - ਇਸ ਨੂੰ ਭੋਰਾ ਸ਼ਰਮ ਹਿਯਾ ਨਹੀਂ ਆਉਂਦੀ। ਇਸ ਦੀਆਂ ਆਪਣੀਆਂ ਵੀ ਭੈਣਾਂ ਨੇ - ਸਾਡੀਆਂ ਵੀ ਬੱਚੀਆਂ ਨੇ - ਬੱਚਿਆਂ ਉਪਰ ਕੀ ਅਸਰ ਪਵੇਗਾ ?' ਚੌਥੀ ਆਪਣੇ ਮਰਦ ਦੀ ਝਾੜ ਝੰਬ ਕਰਦੀ।

ਦੋਸਤ ਜਦ ਵੀ ਇਕ ਦੂਜੇ ਨੂੰ ਮਿਲਦੇ, ਉਸ ਦੀਆਂ ਗੱਲਾਂ ਕਰਦੇ। 'ਸਾਲੇ ਨੂੰ ਕੀ ਮਾਰ ਵਗੀ ਹੈ। ਸਾਡੇ ਘਰਾਂ ਵਿਚ ਏਸ ਕਾਰਨ ਮਹਾਂ-ਭਾਰਤ ਛਿੜਿਆ ਰਹਿੰਦੈ।'

ਨਰਿੰਦਰ ਹਾਲੀ-ਡੇ ਕਰਨ ਗਿਆ - ਉਸ ਸ਼ਹਿਰ ਦੇ ਵਿਚੀਂ ਲੰਘ ਰਿਹਾ ਸੀ ਤਾਂ ਉਸਨੇ ਸੋਚਿਆ ਚਲੋ ਉਸਦਾ ਪਤਾ ਹੀ ਕਰ ਚੱਲੀਏ ! ਘਰ ਪਹੁੰਚਣ ਤੇ ਪਤਾ ਲੱਗਿਆ ਕਿ ਉਹ ਘਰ ਨਹੀਂ ਸੀ - ਸ਼ਹਿਰ ਵਿਚੋਂ ਗਰੌਸਰੀ ਲੈਣ ਗਿਆ ਹੋਇਆ ਸੀ।

ਨਰਿੰਦਰ ਸਮਝ ਗਿਆ ਕਿ ਗਰੌਸਰੀ ਦਾ ਤਾਂ ਬਹਾਨਾ ਹੀ ਸੀ - ਉਹ ਆਪਣੇ 'ਅੱਡੇ' ਤੇ ਪਹੁੰਚਿਆ ਹੋਇਆ ਸੀ।

"ਭੈਣ ਜੀ ਗਰੌਸਰੀ ਲੈਣ ਤੁਹਾਨੂੰ ਨਾਲ ਨਹੀਂ ਲਿਜਾਂਦੇ ?"

ਭੈਣ ਜੀ ਦੇ ਮੂੰਹ ਤੇ ਹਵਾਈਆਂ ਉਡ ਰਹੀਆਂ ਸਨ ਤੇ ਬੱਚੇ ਫੱਤ ਵੱਲ ਦੇਖ ਰਹੇ ਸਨ।

ਵਿਦੇਸ਼ੀ ਪੰਜਾਬੀ ਸਾਹਿਤ ਪੰਜਾਬ ਯੂਨੀਵਰਸਿਟੀ ਵਿਚ ਕੋਰਸ ਵਲੋਂ ਪੜ੍ਹਾਇਆ ਜਾਵੇਗਾ

PUNJAB UNIVERSITY
SCHOOL OF PANJABI STUDIES
CHANDIGARH—160014

ਜਨਵਰੀ 4,1985

ਮੇਰੇ ਪਿਆਰੇ ਗੁਰਚਰਨ,

ਆਪਣੇ ਵਲੋਂ ਤੇ ਪੰਜਾਬੀ ਅਧਿਐਨ ਸਕੂਲ ਦੇ ਬਾਕੀ ਸਹਿਯੋਗੀਆ ਵਲੋਂ ਤੁਹਾਨੂੰ ਨਵੇਂ ਸਾਲ ਦੀ ਵਧਾਈ ਪ੍ਰਵਾਨ ਹੋਵੇ।

ਤੁਹਾਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਪੰਜਾਬੀ ਅਧਿਐਨ ਸਕੂਲ ਦੇ ਵਿਦਿਅਕ ਪ੍ਰੋਗਰਾਮਾਂ ਵਿਚ ਵਿਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਹੈ। ਕੁਝ ਖੋਜ ਵਿਦਿਆਰਥੀਆਂ ਨੂੰ ਪੀ. ਐਚ. ਡੀ. ਦੀ ਡਿਗਰੀ ਲਈ ਵੀ ਇਸ ਸਾਹਿਤ ਨਾਲ ਸੰਬੰਧਤ ਵਿਸ਼ੇ ਸੌਂਪੇ ਗਏ ਹਨ। ਇਸ ਦੇ ਨਾਲ ਹੀ ਪੰਜਾਬੀ ਅਧਿਐਨ ਸਕੂਲ ਦੇ ਐਮ. ਫਿਲ. (ਮਾਸਟਰ ਆਫ ਫਿਲਾਸਫੀ) ਪ੍ਰੋਗਰਾਮ ਵਿਚ ਇਕ ਲਾਜ਼ਮੀ ਪਰਚਾ ਇਸ ਸਾਹਿਤ ਦਾ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਪਰੋਗਰਾਮਾਂ ਦੀ ਸਫਲਤਾ ਦੇ ਆਧਾਰ ਤੇ ਅਸੀਂ ਵਿਦੇਸ਼ੀ ਪੰਜਾਬੀ ਸਾਹਿਤ ਦਾ ਪਰਚਾ ਐਮ. ਏ. ਪੰਜਾਬੀ ਵਿਚ ਸ਼ਾਮਿਲ ਕਰਨ ਦੀ ਯੋਜਨਾ ਵੀ ਬਣਾ ਰਹੇ ਹਾਂ।

ਵਿਦੇਸ਼ੀ ਪੰਜਾਬੀ ਸਾਹਿਤ ਨੂੰ ਅਧਿਐਨ ਅਤੇ ਖੋਜ ਦਾ ਵਿਸ਼ਾ ਅਪਨਾਉਣ ਲਈ ਮੇਰੀ ਪ੍ਰੇਰਨਾ ਨੂੰ ਜਿਸ ਉਤਸ਼ਾਹ ਨਾਲ ਮੇਰੇ ਸਹਿਯੋਗੀਆਂ ਨੇ ਪ੍ਰਵਾਨ ਕੀਤਾ ਹੈ ਉਹ ਤਦੇ ਕਾਇਮ ਰੱਖਿਆ ਜਾ ਸਕਦਾ ਹੈ ਜੇ ਇਸ ਸੰਬੰਧੀ ਮੌਲਿਕ ਅਤੇ ਆਲੋਚਨਾਤਮਕ ਸਾਮੱਗਰੀ ਸਾਨੂੰ ਪ੍ਰਾਪਤ ਹੋਵੇ। ਸਾਡੀ ਮੁੱਖ ਸਮੱਸਿਆ ਇਸ ਸਮੇਂ ਵਿਦੇਸ਼ੀ ਪੰਜਾਬੀ ਸਾਹਿਤ ਦੀਆ ਮੌਲਿਕ ਰਚਨਾਵਾਂ ਅਤੇ ਇਨ੍ਹਾਂ ਸੰਬੰਧੀ ਵਿਦੇਸ਼ਾਂ ਵਿਚ ਹੋਈ ਅਲੋਚਨਾ ਦੀਆਂ ਲਿਖਤਾਂ ਦੀ ਥੁੜ੍ਹ ਹੈ। ਇਸ ਕਾਰਜ ਵਿਚ ਤੁਸੀਂ ਸਾਡੀ ਕਾਫੀ ਸਹਾਇਤਾ ਕਰ ਸਕਦੇ ਹੋ। ਇਸ ਸੰਬੰਧੀ ਜਿਹੜੇ ਉਪਾਅ ਮੈਨੂੰ ਸੁਝਦੇ ਹਨ ਉਹ ਹੇਠ ਲਿਖੇ ਅਨੁਸਾਰ ਹਨ:

(1) ਵਿਦੇਸ਼ੀ ਪੰਜਾਬੀ ਸਾਹਿਤ ਦੀਆ ਜਿਹੜੀਆ ਰਚਨਾਵਾਂ ਭਾਰਤ ਵਿਚ ਉਪਲਬਧ ਹਨ ਉਨ੍ਹਾਂ ਦੀ ਰੂਪਵਾਰ ਜਿਵੇਂ ਕਿ ਨਾਵਲ, ਕਹਾਣੀ, ਨਾਟਕ, ਕਵਿਤਾ ਆਦਿ ਸੂਚੀ ਸਾਨੂੰ ਭਿਜਵਾਉਣ ਦੀ ਖੇਚਲ ਕਰੋ।

(2) ਜਿਹੜਾ ਪੰਜਾਬੀ ਸਾਹਿਤ ਜਾਂ ਪੰਜਾਬੀ ਸਾਹਿਤ ਦੀ ਆਲੋਚਨਾ ਉਥੇ ਪ੍ਰਕਾਸ਼ਿਤ ਹੋਏ ਹੋਣ ਉਹ ਸਾਨੂੰ ਭਿਜਵਾਉਣ ਦੀ ਸਬੀਲ ਬਣਾਉ।

(3) ਪੰਜਾਬੀਆਂ ਦੇ ਵਿਦੇਸ਼ਾਂ ਵਿਚ ਆਵਾਸ, ਆਵਾਸੀ ਚੇਤਨਾ ਤੇ ਸੰਵੇਦਨਾ ਅਤੇ ਸਭਿਆਚਾਰਕ ਸੰਘਰਸ਼ ਸੰਬੰਧੀ ਜੋ ਕੁਝ ਵੀ ਉਥੇ ਕਿਸੇ ਵੀ ਭਾਸ਼ਾ (ਜਿਵੇਂ ਅੰਗਰੇਜ਼ੀ, ਪੰਜਾਬੀ, ਉਰਦੂ, ਹਿੰਦੀ) ਵਿਚ ਛਪਿਆ ਹੋਵੇ ਉਹ ਸਾਰੀ ਸਾਮੱਗਰੀ ਭਿਜਵਾਉਣ ਦੀ ਖੇਚਲ ਕਰੋ,।

(4) ਆਪਣੇ ਦੇਸ਼ ਦੇ ਪੰਜਾਬੀ ਲੇਖਕਾਂ ਦੇ ਜੀਵਨ ਤੇ ਰਚਨਾ ਸੰਬੰਧੀ ਜੋ ਵੀ ਸਾਮੱਗਰੀ ਇਕੱਤਰ ਕਰ ਸਕਦੇ ਹੋਵੋ ਭਿਜਵਾਉਣ ਦੀ ਖੇਚਲ ਕਰਨੀ।

ਮੈਂ ਇਹ ਜਾਣਦਾ ਹਾਂ ਕਿ ਮੈਂ ਤੁਹਾਡੇ ਸਿਰ ਤੇ ਬੜੀ ਵੱਡੀ ਜ਼ੁੰਮੇਵਾਰੀ ਸੁੱਟ ਰਿਹਾ ਹਾਂ ਪਰੰਤੂ ਇਹ ਯੱਗ ਤਾਂ ਹੀ ਸੰਪੂਰਨ ਹੋਵੇਗਾ ਜੇ ਤੁਸੀਂ ਪੂਰੇ ਹੁਲਾਸ ਨਾਲ ਇਸ ਵਿਚ ਸ਼ਾਮਿਲ ਹੋਵੋਂ।

ਇਸ ਸੰਬੰਧ ਵਿਚ ਇਕ ਹੋਰ ਫੈਸਲਾ ਮੇਰੇ ਸਹਿਯੋਗੀ ਪ੍ਰੋਫੈਸਰ ਕਰਤਾਰ ਸਿੰਘ ਸੂਰੀ ਨੇ ਇਹ ਵੀ ਕੀਤਾ ਹੈ ਕਿ ਪੰਜਾਬੀ ਵਿਭਾਗ ਦੇ ਖੋਜ ਪੱਤਰ 'ਪਰਖ' ਦਾ ਇਕ ਪੂਰਾ ਅੰਕ ਵਿਦੇਸ਼ੀ ਪੰਜਾਬੀ ਸਾਹਿਤ ਸੰਬੰਧੀ ਪ੍ਰਕਾਸ਼ਿਤ ਕੀਤਾ ਜਾਵੇ। ਇਸ ਸੰਬੰਧ ਵਿਚ ਪ੍ਰੋਫੈਸਰ ਕਰਤਾਰ ਸਿੰਘ ਸੂਰੀ ਤੁਹਾਡੇ ਨਾਲ ਸੰਪਰਕ ਸਥਾਪਿਤ ਕਰਨਗੇ। ਆਸ ਹੈ ਤੁਸੀਂ ਇਸ ਅੰਕ ਨੂੰ ਭਰਪੂਰ ਤੇ ਸਫਲ ਬਣਾਉਣ ਵਿਚ ਆਪਣਾ ਪੂਰਾ ਸਹਿਯੋਗ ਦਿਉਗੇ।

ਪਿਆਰ ਸਹਿਤ,

ਤੁਹਾਡਾ,
ਅਤਰ ਸਿੰਘ

ਨੋਟ: (ਪੰਜਾਬੀ ਦੇ ਸਭ ਲੇਖਕਾਂ ਨੂੰ ਸਿੱਧਾ ਡਾ: ਅਤਰ ਸਿੰਘ ਨਾਲ ਸੰਪਰਕ ਕਰਨਾ ਚਾਹੀਦਾ ਹੈ ਤੇ ਆਪੋ ਆਪਣੀਆਂ ਪੁਸਤਕਾਂ ਸੰਬੰਧੀ ਵੇਰਵਾ ਉਨ੍ਹਾਂ ਨੂੰ ਭੇਜਿਆ ਜਾਣਾ ਜ਼ਰੂਰੀ ਹੈ। ਵਿਦੇਸ਼ੀ ਪੰਜਾਬੀ ਸਾਹਿਤ ਦਾ ਉਚ -ਪੱਧਰੀ ਮੁਲਅੰਕਣ ਵੀ ਹੋਣਾ ਚਾਹੀਦਾ ਹੈ ਤੇ ਇਥੇ ਕੈਨੇਡਾ ਵਸਦੇ ਲੇਖਕਾਂ ਨੂੰ ਜ਼ਾਤੀ ਕਿਸਮ ਦੇ ਗੀਵੀ-ਉ-ਪੱਧਰ ਤੋਂ ਉੱਚਾ ਉਠਣਾ ਪਵੇਗਾ। ਕੁਝ ਲੇਖਕਾਂ ਨੂੰ ਬਿਮਾਰੀ ਹੈ ਕਿ ਉਹ ਆਪਣੀਆਂ ਪੁਸਤਕਾਂ ਦੇ ਆਪ ਹੀ ਗੀਵੀਊ ਲਿਖ ਕੇ ਅਖਬਾਰਾਂ ਤੇ ਰਸਾਲਿਆਂ ਵਿਚ ਦੂਜਿਆਂ ਦੇ ਨਾਵਾਂ ਥੱਲੇ ਛਪਵਾਉਂਦੇ ਹਨ। ਪੰਜਾਬੀ ਲੇਖਕ ਮੰਚ, ਵੈਨਕੂਵਰ ਦੇਲੇਖਕਾਂ ਨੂੰ ਗੰਭੀਰਤਾ ਨਾਲ ਅਜਿਹੇ ਕਦਮ ਉਠਾਉਣੇ ਚਾਹੀਦੇ ਹਨ ਕਿ ਅਜਿਹੇ ਹੋਛੇ ਲੇਖਕਾਂ ਨੂੰ ਨੰਗਾਂ ਕੀਤਾ ਜਾਵੇ ਅਤੇ ਜਿਹੜੇ ਇਕ ਦੋ ਅਜਿਹੇ ਆਪ-ਹੁਦਰੇ ਲੇਖਕ ਹਨ ਉਨ੍ਹਾਂ ਨੂੰ ਪਾਠਕਾ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ)

ਸਿੰਘ ਸਾਹਿਬਾਨ ਵਲੋਂ ਗੰਨਮੈਨ ਲੈਣ ਤੋਂ ਨਾਂਹ

ਅੰਮ੍ਰਿਤਸਰ, (ਵਿਸ਼ੇਸ਼ ਪ੍ਰਤੀਨਿਧ)—ਸਿੰਘ ਸਾਹਿਬਾਨ ਨੇ ਸਰਕਾਰ ਵੱਲੋਂ ਸੁਰੱਖਿਆ ਲਈ ਗੰਨਮੈਨ ਦਿਤੇ ਜਾਣ ਦੀ ਪੇਸ਼ਕਸ਼ ਰੱਦ ਕਰ ਦਿਤੀ ਹੈ। 16 ਜਨਵਰੀ ਨੂੰ ਲੁਧਿਆਣਾ ਨੇੜੇ ਅਕਾਲ ਤਖਤ ਦੇ ਜਥੇਦਾਰ, ਗਿਆਨੀ ਕਿਰਪਾਲ ਸਿੰਘ 'ਤੇ ਹੋਏ ਹਮਲੇ ਨੂੰ ਧਿਆਨ ਵਿਚ ਰਖਦਿਆਂ ਸਰਕਾਰ ਨੇ ਅਜਿਹੀ ਪੇਸ਼ਕਸ਼ ਕੀਤੀ ਸੀ।

ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਅਜ ਇਥੇ ਮੰਨਿਆਂ ਕਿ ਉਨ੍ਹਾਂ ਨੂੰ ਸੀਨੀਅਰ ਪੁਲੀਸ ਅਧਿਕਾਰੀਆਂ ਅਤੇ ਸਿਵਲ ਅਫਸਰਾਂ ਨੇ ਮਿਲ ਕੇ ਸੁਝਾਅ ਦਿਤਾ ਸੀ ਕਿ ਉਹ ਤੇ ਉਨ੍ਹਾਂ ਦੇ ਸਾਥੀ ਅਕਾਲ ਤਖਤ ਦੇ ਹੈਡ-ਗ੍ਰੰਥੀ ਗਿਆਨੀ ਪ੍ਰੀਤਮ ਸਿੰਘ ਗੰਨਮੈਨ ਲੈਣੇ ਸਵੀਕਾਰ ਕਰ ਲੈਣ।

ਗਿਆਨੀ ਸਾਹਿਬ ਸਿੰਘ ਨੇ ਨਿਮਰਤਾ ਸਹਿਤ ਪੇਸ਼ਕਸ਼ ਨੂੰ ਪ੍ਰਵਾਨ ਕਰਨ ਤੋ ਨਾਂਹ ਕਰਦਿਆਂ ਕਿਹਾ ਕਿ ਧਾਰਮਿਕ ਮੁਖੀਏ ਹੋਣ ਕਾਰਨ ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਤੇ ਨਾ ਹੀ ਕਿਸੇ ਨਾਲ ਦੁਸ਼ਮਣੀ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦੀ ਸੁਰਖਿਆ ਅਕਾਲ ਪੁਰਖ ਦੇ ਹੱਥਾਂ ਵਿਚ ਹੈ ਅਤੇ ਉਨ੍ਹਾਂ ਅਰਦਾਸ ਕੀਤੀ ਕਿ ਅਕਾਲ ਪੁਰਖ ਉਨ੍ਹਾਂ ਲੋਕਾਂ ਨੂੰ ਸੁਮੱਤ ਬਖਸ਼ੇ ਜੋ ਸਿੰਘ ਸਾਹਿਬਾਨ 'ਤੇ ਹਮਲਾ ਕਰਨ ਲਈ ਉਤਾਰੂ ਹਨ।

ਗਿਆਨੀ ਸਾਹਿਬ ਸਿੰਘ ਨੇ ਕਿਹਾ ਕਿ ਅਕਾਲ ਤਖਤ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਜਦ ਇਸ ਦੇ ਜਥੇਦਾਰ 'ਤੇ ਇਸ ਤਰੀਕੇ ਨਾਲ ਹਮਲਾ ਕੀਤਾ ਗਿਆ ਹੈ।

KAM
Accounting Service
● ਇੰਨਕਮ ਟੈਕਸ
● ਬੁੱਕਕੀਪਿੰਗ
● ਅਕਾਊਂਟਿੰਗ
● INCOME TAX
● BOOKKEEPING
● ACCOUNTING
KAM DHALLA
874-9855 Res: 681-6642
2707 Main Street, Vancouver, B.C
[at Loyal Furniture]

TICKETS TO ANYWHERE
GABA TRAVELS
ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।
6612, MAIN ST.
VANCOUVER, B. C.
PHONE: 324-3336
MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

MASON 90 PATERNS
Regular $389
TRADE YOUR OLD MACHINE IN $100
Only $289
Full Auto Zig Zag Sewing Machine Heed
☐ Dial Type Stretch Stich
☐ Lever Type Zig Zag Width Regulato
☐ Dial Type Feed Stitch Regulator
☐ Reverse Stitch Push Button Type
☐ Built in Light
PH: 327-3800



ਮੈਸਨ
ਗਰੰਟੀ ਸ਼ੁਦਾ
20 Years Parts 3 Years Labour
$40 down easy terms
6192 Fraser Street, Van.
Vancouver, B.C.

AMBIKA FOODS

5125 Victoria Drive, Vancouver

PHONE: 327—0295

ਖੰਡ
Sugar
$4.89 10 kg.

ਗੋਲਡਨ ਟੈਂਪਲ ਆਟਾ
Golden Temple ATTA
$4.89 10 Kg.

ਸੋਹਣਾ ਸਾਗ
Sohna Saag
.99¢ 1 Tin

ਮੂੰਗੀ
MOONG
39¢ 1 lb.

ਵੈਜੀਟੇਬਲ ਆਇਲ
Vegetable Oil
$3.89 3 litre

ਕਾਬਲੀ ਛੋਲੇ
Bravo Chick Peas
.79¢ 1 Tin

White Manh
ਚਿੱਟੇ ਮਾਂਹ
49 ¢ 1 lb.

Green Lentils
ਹਰੀਆਂ ਦਾਲਾਂ
39¢ 1 lb.

ਪਚਰੰਗਾ ਆਚਾਰ
Pachranga ACHAR
$1.49

ਕਾਲੇ ਛੋਲੇ
Black Channa
37¢ 1 lb.

ਕਾਲੇ ਮਾਂਹ
Black Manh
49¢ 1 lb.

ਫਰੀਨ ਆਟਾ
Farine ATTA
$4.49 10 Kg.